ਅਧਿਆਇ ਦੂਜਾ

# ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ

ਅਧਿਆਇ ਦੂਜਾ

# ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ

ਪੰਜਾਬੀ ਕਹਾਣੀ ਆਪਣੇ ਆਰੰਭਲੇ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬੀ ਔਰਤ ਦੀ ਸਥਿਤੀ, ਉਸ ਦੀਆਂ ਵਿਭਿੰਨ ਸਮਾਜ-ਸਭਿਆਚਾਰਕ ਸਮੱਸਿਆਵਾਂ, ਉਸਦੀ ਸੰਵੇਦਨਾ ਅਤੇ ਚੇਤਨਾ ਦੇ ਬਹੁਪੱਖੀ ਪਾਸਾਰਾਂ ਨਾਲ ਸੰਵਾਦ ਰਚਾਉਂਦੀ ਆਈ ਹੈ। ਸਮਕਾਲੀ ਪੰਜਾਬੀ ਕਹਾਣੀ ਦੀ ਖਾਸ ਪ੍ਰਾਪਤੀ ਇਹ ਹੈ ਕਿ ਇਸਨੇ ਪਿਛਲੇ ਦੌਰ ਦੀ ਕਹਾਣੀ ਦੇ ਨਿਸਬਤਨ ਨਾਰੀ ਦੀ ਜਟਿਲ ਅਸਤਿਤਵੀ ਸਥਿਤੀ ਅਤੇ ਮਨੋਸੰਰਚਨਾ 'ਤੇ ਵਿਸ਼ੇਸ਼ ਰੂਪ ਵਿੱਚ ਫੋਕਸ ਕੀਤਾ ਹੈ। ਪਿਛਲੇ ਦੋ ਦਹਾਕਿਆਂ ਤੋਂ ਨਾਰੀ ਕਹਾਣੀਕਾਰਾਂ ਦੇ ਸਮਾਨਾਂਤਰ ਮਰਦ ਕਹਾਣੀਕਾਰਾਂ ਨੇ ਨਾਰੀ ਸਰੋਕਾਰਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟਾਇਆ ਹੈ। ਇਸਦਾ ਕਾਰਨ ਉੱਨੀਵੀਂ-ਵੀਹਵੀਂ ਸਦੀ ਵਿੱਚ ਵਿਸ਼ਵ ਪੱਧਰ ਤੇ ਚੱਲੇ ਨਾਰੀ ਅੰਦੋਲਨਾਂ, ਨਾਰੀਵਾਦੀ ਲਹਿਰਾਂ ਅਤੇ ਨਾਰੀਵਾਦੀ ਚਿੰਤਨ ਦੇ ਫਲਸਰੂਪ ਪੈਦਾ ਹੋਈ ਨਾਰੀ ਹੱਕਾਂ ਪ੍ਰਤੀ ਜਾਗ੍ਰਿਤੀ ਅਤੇ ਨਾਰੀ ਚੇਤਨਾ ਹੈ। ਇਸ ਦੌਰ ਦੀ ਪੰਜਾਬੀ ਕਹਾਣੀ ਨਾਰੀ ਦੀ ਹੋਂਦ ਅਤੇ ਹੋਣੀ, ਉਸਦੀ ਸਥਿਤੀ ਅਤੇ ਉਸਦੇ ਮਾਨਵੀ ਹੱਕਾਂ, ਅਧਿਕਾਰਾਂ ਨੂੰ ਨਾਰੀ ਚਿੰਤਨ ਦੇ ਅੰਤਰ-ਰਾਸ਼ਟਰੀ ਪਰਿਪੇਖ ਵਿੱਚ ਰੱਖ ਕੇ ਪੇਸ਼ ਕਰਦੀ ਹੋਈ ਨਵੀਂ ਬਹਿਸ ਨੂੰ ਪੰਜਾਬੀ ਮਾਨਸਿਕਤਾ ਦਾ ਅੰਗ ਬਣਾਉਂਦੀ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ :

> ਔਰਤ ਦੀ ਸੁਤੰਤਰਤਾ ਜਾਂ ਮੁਕਤੀ ਲਈ ਪੰਜਾਬੀ ਔਰਤ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਆਧੁਨਿਕ ਨਾਰੀਵਾਦੀ ਚੇਤਨਾ ਅਨੁਕੂਲ ਪੰਜਾਬੀ ਦੇ ਕਹਾਣੀ ਸਾਹਿਤ ਵਿੱਚ ਭਰਪੂਰ ਅਭਿਵਿਅਕਤੀ ਮਿਲੀ ਹੈ।[1]

ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਹੋ ਰਹੇ ਨਾਰੀ ਮਸਲਿਆਂ ਅਤੇ ਨਾਰੀ ਚੇਤਨਾ ਸੰਬੰਧੀ ਚਰਚਾ ਕਰਦਿਆਂ ਡਾ. ਧਨਵੰਤ ਕੌਰ ਲਿਖਦੀ ਹੈ :

> ਸਮਕਾਲੀ ਪੰਜਾਬੀ ਕਹਾਣੀ ਬਾਰੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਇਸਦਾ ਮੁੱਖ ਆਕਰਸ਼ਣ ਔਰਤ/ਔਰਤ ਚੇਤਨਾ ਹੈ। ਔਰਤ ਦਾ ਅਤਿ ਨਿੱਜੀ, ਅਤਿ ਰੁਮਾਂਚਕਾਰੀ ਅਤੇ ਅਤਿ ਉਦਘਾਟਨੀ ਅਨੁਭਵ ਜਿਸ ਕਿਸਮ ਨਾਲ ਤੇ ਜਿੰਨੀ ਤਾਦਾਦ ਵਿੱਚ ਅੱਜ ਕਹਾਣੀ ਦਾ ਵਿਸ਼ਾ ਬਣ ਰਿਹਾ ਹੈ, ਉੱਨਾ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ। ਪਿਛਲੇ ਸਮੇਂ ਵਿੱਚ ਔਰਤ ਕਹਾਣੀਕਾਰਾਂ ਨਾਲੋਂ ਵੀ ਕਿਤੇ ਵੱਧ ਮਰਦ ਕਹਾਣੀਕਾਰਾਂ ਨੇ ਔਰਤ

ਨੂੰ ਆਪਣੀ ਕਹਾਣੀ ਦਾ ਮੁੱਖ ਪਾਤਰ/ਮੁੱਖ ਵਕਤਾ ਮਿੱਥ ਕੇ ਕਹਾਣੀ ਦਾ ਬਿਰਤਾਂਤਕੀ ਸੰਗਠਨ ਸਿਰਜਿਆ ਹੈ।[2]

ਸੋ, ਸਮਕਾਲੀ ਪੰਜਾਬੀ ਕਹਾਣੀ ਔਰਤ ਦੇ ਵਿਭਿੰਨ ਮਸਲਿਆਂ ਨੂੰ ਛੂੰਹਦੀ ਹੋਈ ਔਰਤ ਦੀ ਸਥਿਤੀ ਵਿੱਚ ਆ ਰਹੇ ਬਦਲਾਅ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਔਰਤ ਦੇ ਮਾਨਵੀ ਰੂਪ ਨੂੰ ਉਭਾਰਨ 'ਤੇ ਜ਼ੋਰ ਦਿੰਦੀ ਹੈ ਜਿਸ ਦੀਆਂ ਆਪਣੀਆਂ ਵਿਅਕਤੀਗਤ ਖ਼ਾਹਿਸ਼ਾਂ, ਇੱਛਾਵਾਂ, ਕਾਮਨਾਵਾਂ ਅਤੇ ਅਕਾਂਖਿਆਵਾਂ ਹਨ। ਇਸ ਤੋਂ ਪਹਿਲਾਂ ਲਿਖੀ ਕਹਾਣੀ ਵਿੱਚ ਵਧੇਰੇ ਕਰਕੇ ਔਰਤ ਮਜ਼ਲੂਮ, ਲਾਚਾਰ, ਪੀੜਿਤ ਅਤੇ ਸ਼ੋਸ਼ਿਤ ਧਿਰ ਵਜੋਂ ਪੇਸ਼ ਹੋਈ ਹੈ ਪ੍ਰੰਤੂ ਇਸ ਦੌਰ ਦੀ ਕਹਾਣੀ ਵਿੱਚ ਪੇਸ਼ ਹੋ ਰਹੀ ਔਰਤ ਆਪਣੀ ਸ਼ੋਸ਼ਿਤ ਸਥਿਤੀ ਪ੍ਰਤੀ ਖਾਮੋਸ਼ੀ ਨੂੰ ਤੋੜਦੀ ਹੋਈ ਇਕ ਜਾਗਰੂਕ ਔਰਤ ਵਜੋਂ ਆਪਣੀਆਂ ਸਮੱਸਿਆਵਾਂ ਦੇ ਜਵਾਬ ਮੰਗਦੀ ਹੈ। ਪਿੱਤਰਕੀ ਸਮਾਜ-ਸਭਿਆਚਾਰਕ ਢਾਂਚੇ ਵਿੱਚ ਵਿਚਰਦੀ ਇਹ ਔਰਤ ਆਪਣੀ ਹੋਂਦ ਅਤੇ ਪਛਾਣ ਦੀ ਸਥਾਪਤੀ ਲਈ ਸੰਘਰਸ਼ ਕਰਦੀ ਨਜ਼ਰ ਆਉਂਦੀ ਹੈ। ਬਦਲ ਰਹੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਸਮਕਾਲੀ ਪੰਜਾਬੀ ਕਹਾਣੀ ਔਰਤ-ਮਰਦ ਸੰਬੰਧਾਂ ਅਤੇ ਰਿਸ਼ਤਿਆਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਵਿਸ਼ੇਸ਼ ਰੂਪ ਵਿੱਚ ਸਾਹਮਣੇ ਲਿਆ ਰਹੀ ਹੈ।

ਇਸ ਅਧਿਆਇ ਵਿੱਚ ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਕਾਲੀ ਦੌਰ ਦੇ ਚੋਣਵੇਂ ਕਹਾਣੀਕਾਰਾਂ ਦੀਆਂ ਕੁਝ ਚੁਣਵੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ, ਉਸਦੀ ਵਿਅਕਤੀਗਤ ਸੁਤੰਤਰਤਾ ਅਤੇ ਸਵੈ ਪਛਾਣ ਦਾ ਮਸਲਾ ਅਤੇ ਉਸ ਅੰਦਰ ਵਿਕਸਿਤ ਹੋ ਰਹੀ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਅਤੇ ਸਰੋਕਾਰਾਂ ਦਾ ਅਧਿਐਨ ਕਰਾਂਗੇ। ਇਸ ਮੰਤਵ ਲਈ ਖੋਜ ਪ੍ਰਬੰਧ ਦੇ ਇਸ ਅਧਿਆਇ ਨੂੰ ਅੱਗੋਂ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ :

**I.** ਸਮਕਾਲੀ ਭਾਰਤੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ

**II.** ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ

**I. ਸਮਕਾਲੀ ਭਾਰਤੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ**

ਸਮਕਾਲੀ ਭਾਰਤੀ ਪੰਜਾਬੀ ਕਹਾਣੀ ਇਕੋ ਸਮੇਂ ਆਪਣੇ ਸਮਾਜ ਅਤੇ ਸਭਿਆਚਾਰ ਨਾਲ ਵੀ ਸੰਬੰਧਿਤ ਹੈ ਅਤੇ ਵਿਸ਼ਵ ਪੱਧਰ ਤੇ ਪੈਦਾ ਹੋ ਰਹੀਆਂ ਨਵੀਨ ਅੰਤਰਦ੍ਰਿਸ਼ਟੀਆਂ, ਨਵੇਂ ਵਰਤਾਰਿਆਂ ਅਤੇ ਨਵੀਨ ਘਟਨਾਕ੍ਰਮਾਂ ਦੇ ਵੀ ਸਨਮੁੱਖ ਹੋ ਰਹੀ ਹੈ। ਇਹ ਕਹਾਣੀ ਨਾਰੀ ਦੀ ਦਮਨ ਕੇਂਦ੍ਰਿਤ ਸਮਾਜ-ਸਭਿਆਚਾਰਕ ਸਥਿਤੀ ਨੂੰ ਅਗਰਭੂਮਿਤ ਕਰਦੀ ਹੋਈ ਨਾਰੀ ਦੀ ਹੋਂਦ-ਹਸਤੀ ਦੇ ਨਵੇਂ ਆਯਾਮ ਸਿਰਜਣ ਵੱਲ ਅਗਰਸਰ ਹੈ। ਸਮਕਾਲੀ ਪੰਜਾਬੀ ਕਹਾਣੀਕਾਰਾਂ ਨੇ ਔਰਤ ਮਨ ਦੀਆਂ ਤੈਹਾਂ ਨੂੰ ਧੁਰ ਅੰਦਰ ਤੱਕ

ਫਰੋਲਣ, ਉਸ ਅੰਦਰਲੀਆਂ ਲੁਕਵੀਆਂ ਸੱਚਾਈਆਂ, ਗੁੱਝੀਆਂ ਰਮਜ਼ਾਂ, ਭੇਤਾਂ, ਵੇਦਨਾਵਾਂ ਅਤੇ ਪ੍ਰਸਥਿਤੀਆਂ ਨੂੰ ਨੇੜਿਓਂ ਘੋਖਣ ਅਤੇ ਦ੍ਰਿਸ਼ਮਾਨ ਕਰਨ ਦਾ ਯਤਨ ਕੀਤਾ ਹੈ। ਇਹਨਾਂ ਕਹਾਣੀਕਾਰਾਂ ਨੇ ਵਿਸ਼ੇਸ਼ ਰੂਪ ਵਿੱਚ ਔਰਤ ਦੀਆਂ ਪ੍ਰਾਕ੍ਰਿਤਕ ਇੱਛਾਵਾਂ ਅਤੇ ਮਾਨਸਿਕ ਗੁੰਝਲਾਂ ਨੂੰ ਪਿੱਤਰਕੀ ਸਮਾਜ-ਸਭਿਆਚਾਰਕ ਵਰਤਾਰੇ ਦੇ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕੀਤਾ ਹੈ। ਇਸ ਦੌਰ ਦੀ ਕਹਾਣੀ ਨਾਰੀ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ ਨੂੰ ਉਭਾਰਨ ਦੇ ਨਾਲ-ਨਾਲ ਨਾਰੀ ਵਿੱਚ ਆਪਣੇ ਹੱਕਾਂ ਪ੍ਰਤੀ ਆਈ ਚੇਤਨਤਾ ਨੂੰ ਅਗਰਭੂਮਿਤ ਕਰਦੀ ਹੈ। ਏਥੇ ਅਸੀਂ ਸਿਰਫ਼ ਭਾਰਤੀ ਪੰਜਾਬ ਵਿੱਚ ਲਿਖੀ ਜਾ ਰਹੀ ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ ਸੰਬੰਧੀ ਚਰਚਾ ਕਰਾਂਗੇ।

ਜਾਗੀਰਦਾਰੀ ਕਦਰਾਂ ਕੀਮਤਾਂ ਵਾਲੇ ਪੰਜਾਬੀ ਸਮਾਜ ਸਭਿਆਚਾਰ ਵਿੱਚ ਜਾਇਦਾਦ ਦਾ ਵਾਰਿਸ ਪੁੱਤਰ ਨੂੰ ਮੰਨਿਆ ਜਾਂਦਾ ਹੈ, ਜਿਸ ਕਾਰਨ ਪੁੱਤਰ ਪ੍ਰਾਪਤੀ ਲਈ ਅਕਸਰ ਔਰਤ ਉੱਪਰ ਦਬਾਅ ਬਣਿਆ ਰਹਿੰਦਾ ਹੈ। ਅਖੌਤੀ ਸਮਾਜਿਕ ਪ੍ਰੰਪਰਾਵਾਂ ਅਤੇ ਧਾਰਨਾਵਾਂ ਕਾਰਨ ਪੁੱਤਰ ਨੂੰ ਜਨਮ ਦੇਣ ਵਾਲੀ ਮਾਂ ਨੂੰ ਭਾਗਾਂਵਾਲੀ ਕਹਿ ਕੇ ਵਡਿਆਇਆ ਜਾਂਦਾ ਹੈ ਅਤੇ ਦੂਜੇ ਪਾਸੇ ਧੀਆਂ ਦੀ ਮਾਂ ਨੂੰ ਵਿਚਾਰੀ, ਅਭਾਗਣ, ਬਦਕਿਸਮਤ ਮੰਨ ਕੇ ਜਿੱਥੇ ਉਸਨੂੰ ਤ੍ਰਿਸਕਾਰ ਦੀ ਪਾਤਰ ਬਣਾ ਦਿੱਤਾ ਜਾਂਦਾ ਹੈ, ਉੱਥੇ ਪੁੱਤ ਵਿਹੂਣੀ ਹੋਣ ਕਾਰਨ ਵਿਭਿੰਨ ਤਰੀਕਿਆਂ ਨਾਲ ਉਸਦਾ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਅੱਜ ਇੱਕੀਵੀਂ ਸਦੀ ਵਿੱਚ ਵੀ ਮਰਦ ਪ੍ਰਧਾਨ ਅਤੇ ਪਿੱਤਰਕੀ ਖਾਸੇ ਵਾਲੇ ਪੰਜਾਬੀ ਸਮਾਜ ਵਿੱਚ ਕੁੜੀ/ਮੁੰਡੇ ਵਾਲੀ ਲਿੰਗਕ ਪੱਖਪਾਤੀ ਸੋਚ ਵਿੱਚ ਕੋਈ ਮਹੱਤਵਪੂਰਨ ਬਦਲਾਅ ਨਹੀਂ ਆਇਆ। ਡਾ. ਸਰਘੀ ਦੀ ਕਹਾਣੀ 'ਕੁੜੀਆਂ' ਇਸੇ ਮਸਲੇ ਨੂੰ ਉਠਾਉਂਦੀ ਹੈ। ਇਹ ਕਹਾਣੀ ਜਿੱਥੇ ਪਿੱਤਰਕੀ ਸਮਾਜ ਵਿੱਚ ਮੌਜੂਦ ਕੁੜੀ/ਮੁੰਡੇ ਪ੍ਰਤੀ ਵਿਤਕਰੇ ਭਰੀ ਸੋਚ ਨੂੰ ਰੂਪਮਾਨ ਕਰਦੀ ਹੈ, ਉੱਥੇ ਨਾਲ ਹੀ ਕੁੜੀ ਜੰਮਣ ਵਾਲੀ ਔਰਤ ਦੀ ਸਥਿਤੀ ਨੂੰ ਵੀ ਪਿੱਤਰੀ ਸਮਾਜ-ਸਭਿਆਚਾਰਕ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਜੀਤਾਂ ਦਾ ਸਮਾਜਿਕ ਦੁਖਾਂਤ ਇਹ ਹੈ ਕਿ ਉਹ ਸਿਰਫ਼ ਧੀ ਦੀ ਮਾਂ ਹੈ। ਪਹਿਲੀ ਧੀ ਤੋਂ ਬਾਅਦ ਉਸ ਦੀ ਕੁੱਖ ਵਿੱਚ ਹਰ ਵਾਰ ਕੁੜੀ ਹੋਣ ਕਾਰਨ ਸਹੁਰਿਆਂ ਦੇ ਦਬਾਅ ਹੇਠ ਉਸਨੂੰ ਗਰਭਪਾਤ ਕਰਾਉਣਾ ਪੈਂਦਾ ਹੈ। ਮੁੰਡਾ ਨਾ ਜੰਮਣ ਕਾਰਨ ਘਰ ਵਿੱਚ ਜੀਤਾਂ ਨੂੰ ਆਪਣੀ ਸਥਿਤੀ ਪਸ਼ੂਆਂ ਤੋਂ ਵੀ ਭੈੜੀ ਲੱਗਦੀ ਹੈ। ਸੱਸ-ਨਨਾਣ ਦੇ ਤਾਹਨੇ-ਮਿਹਣਿਆਂ ਅਤੇ ਪਤੀ ਦੇ ਕੁਰਖੱਤ ਰਵੱਈਏ ਕਾਰਨ ਉਹ ਮਾਨਸਿਕ ਰੂਪ ਵਿੱਚ ਇਸ ਕਦਰ ਤੰਗ ਆ ਜਾਂਦੀ ਹੈ ਕਿ ਕਦੇ ਉਹ ਰੱਬ ਅੱਗੇ ਅਰਦਾਸਾਂ ਕਰਦੀ ਹੈ ਅਤੇ ਕਦੇ ਸਾਧੂਆਂ ਦੇ ਡੇਰਿਆਂ ਉੱਤੇ ਮੱਥੇ ਰਗੜ੍ਹਦੀ ਹੈ :

> "ਹੇ ਰੱਬਾ, ਚਹੁੰ ਵੇਲਿਆਂ ਦਾ ਇਕ ਵੇਲਾ, ਮੇਰੀ ਨਿਮਾਣੀ ਦੀ ਝੋਲੀ ਭਰ ਦੇ, ਤੇਰੇ ਘਰ ਕਿਸੇ ਸ਼ੈਅ ਦਾ ਕੋਈ ਘਾਟਾ ਨਈਂ।"[3]

ਦਰਅਸਲ ਪਿੱਤਰਸੱਤਾਤਮਕ ਸਮਾਜਾਂ ਵਿੱਚ ਜਿੱਥੇ ਘਰ, ਪਰਿਵਾਰ ਵਿੱਚ ਪੁੱਤ ਪ੍ਰਾਪਤੀ ਨੂੰ ਇੱਕ ਜ਼ਰੂਰੀ ਲੋੜ ਵਜੋਂ ਪੇਸ਼ ਕੀਤਾ ਜਾਂਦਾ ਹੈ, ਉੱਥੇ ਪੁੱਤ ਦੀ ਅਣਹੋਂਦ ਲਈ ਔਰਤ ਨੂੰ ਜ਼ਿੰਮੇਵਾਰ ਠਹਿਰਾ ਕੇ ਉਸਦੀ ਪ੍ਰਜਣਨ ਪ੍ਰਕ੍ਰਿਆ 'ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਜਾਂਦਾ ਹੈ। ਪਿੱਤਰੀ ਪ੍ਰੰਪਰਕ ਸੋਚ ਵਾਲੀ ਔਰਤ ਵੀ ਪੁੱਤਰ ਦੀ ਘਾਟ ਨੂੰ ਆਪਣੀ ਮਾੜ੍ਹੀ ਕਿਸਮਤ ਨਾਲ ਜੋੜ ਕੇ ਦੇਖਦੀ ਹੋਈ ਮਾਨਸਿਕ ਤਣਾਉ ਵਿੱਚ ਘਿਰੀ ਰਹਿੰਦੀ ਹੈ। ਬੇਸ਼ੱਕ ਅੱਜ ਪੜ੍ਹੀ ਲਿਖੀ ਔਰਤ ਪਿਤਰਸੱਤਾਤਮਕ ਸਮਾਜ ਦੀ ਸਿਆਸਤ ਨੂੰ ਸਮਝਣ ਦੇ ਕਾਬਲ ਹੋ ਰਹੀ ਹੈ, ਪਰ ਦੂਜੇ ਪਾਸੇ ਅੱਜ ਵੀ ਮੁੱਖ ਪਾਤਰ ਜੀਤਾਂ ਵਰਗੀਆਂ ਬਹੁਤ ਸਾਰੀਆਂ ਔਰਤਾਂ ਲਈ ਪਿੱਤਰਕੀ ਸਮਾਜ ਦੁਆਰਾ ਵਿਛਾਏ ਜਾਲ ਵਿੱਚੋਂ ਨਿਕਲਣਾ ਅਸੰਭਵ ਹੈ। ਪੁੱਤਰ ਦੀ ਘਾਟ ਕਾਰਨ ਆਤਮ-ਹੀਣਤਾ ਦੇ ਅਹਿਸਾਸ ਵਿੱਚ ਗ੍ਰਸੀ ਮੁੱਖ ਪਾਤਰ ਜੀਤਾਂ ਨੂੰ ਆਪਣਾ ਵਜੂਦ ਹੀ ਸ਼ੱਕੀ ਜਾਪਣ ਲੱਗਦਾ ਹੈ। ਇਸੇ ਕਾਰਣ ਉਹ ਆਪਣੀ ਸੱਸ ਦੁਆਰਾ ਸਾਧ ਕੋਲੋਂ ਮੁੰਡਾ ਜੰਮਣ ਦਾ ਗੁਰਮੰਤਰ ਲੈਣ ਗਈ ਉਸ ਦੀ ਹਵਸ ਪੂਰਤੀ ਦਾ ਸਾਧਨ ਬਣ ਜਾਂਦੀ ਹੈ। ਮੁੱਖ ਪਾਤਰ ਜੀਤਾਂ ਆਪਣੀ ਸਥਿਤੀ ਦਾ ਬਿਆਨ ਇਸ ਤਰ੍ਹਾਂ ਕਰਦੀ ਹੈ :

> ਸਾਧ ਦੇ ਕਹੇ ਮੁਤਾਬਕ ਮੈਂ ਸ਼ਿਵਲਿੰਗ ਦੁਆਲੇ ਸੱਤ ਚੱਕਰ ਲਾਏ ... ਆਖਰੀ ਚੱਕਰ ਤੋਂ ਬਾਅਦ ਸਾਧ ਨੇ ਨਾਗ ਬਣ ਮੈਨੂੰ ਥਾਂ-ਥਾਂ ਤੋਂ ਡੰਗ ਲਿਆ ਸੀ ਤੇ ਮੈਂ ਉਸ ਡੰਗ ਨੂੰ ਅੰਦਰੋਂ-ਅੰਦਰੀ ਜ਼ੀਰਦੀ ਘਰ ਪਹੁੰਚ ਗਈ।[4]

ਇੱਥੇ ਕਹਾਣੀਕਾਰ ਮੁੱਖ ਪਾਤਰ ਜੀਤਾਂ ਦੀ ਉਪਰੋਕਤ ਸਥਿਤੀ ਨੂੰ ਪੇਸ਼ ਕਰਦੀ ਹੋਈ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਅੱਜ ਗਿਆਨ-ਵਿਗਿਆਨ ਦੇ ਯੁੱਗ ਵਿੱਚ ਜਦੋਂ ਅਸੀਂ ਇਹ ਜਾਣ ਚੁੱਕੇ ਹਾਂ ਕਿ ਕੁੜੀ ਜਾਂ ਮੁੰਡਾ ਪੈਦਾ ਹੋਣ ਪਿੱਛੇ ਕੋਈ ਰੱਬ ਜਾਂ ਧਰਮ ਦੀ ਕਰਾਮਾਤ ਕੰਮ ਨਹੀਂ ਕਰਦੀ ਪਰ ਅੱਜ ਵੀ ਮੁੱਖ ਪਾਤਰ ਜੀਤਾਂ ਜਿਹੀਆਂ ਅਣਗਿਣਤ ਔਰਤਾਂ ਪਰਿਵਾਰਕ ਦਬਾਅ ਹੇਠ ਪਾਖ਼ੰਡੀ ਸਾਧੂਆਂ ਦੇ ਛਲ-ਕਪਟ ਵਿੱਚ ਫਸ ਕੇ ਸਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ। ਦੂਜੇ ਪਾਸੇ ਧਰਮ ਦੀ ਆੜ ਹੇਠ ਪਾਖੰਡੀ ਸਾਧ ਜੀਤਾਂ ਜਿਹੀਆਂ ਲਾਚਾਰ ਅਤੇ ਪ੍ਰਸਥਿਤੀਆਂ ਹੱਥੋਂ ਮਜ਼ਬੂਰ ਔਰਤਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਦਾ ਸ਼ੋਸ਼ਣ ਕਰਦੇ ਹਨ। ਕਹਾਣੀ ਵਿੱਚ ਮੁੱਖ ਪਾਤਰ ਜੀਤਾਂ ਦੇ ਨਾਲ-ਨਾਲ ਉਸਦਾ ਪਤੀ ਵੀ ਪਿੱਤਰਕੀ ਪ੍ਰਬੰਧ ਹੱਥੋਂ ਸ਼ੋਸ਼ਿਤ ਹੋ ਰਿਹਾ ਹੈ। ਪੁੱਤਰ ਦਾ ਬਾਪ ਨਾ ਬਣਨ ਕਾਰਨ ਉਹ ਦੁਖੀ ਹੋਇਆ ਸ਼ਰਾਬ ਦਾ ਸਹਾਰਾ ਲੈਂਦਾ ਹੈ। ਉਸ ਉੱਪਰ ਪਿੱਤਰੀ ਪ੍ਰਬੰਧ ਦਾ ਦਬਾਅ ਇਸ ਕਦਰ ਭਾਰੂ ਹੋ ਜਾਂਦਾ ਹੈ ਕਿ ਉਹ ਪਤਨੀ ਜੀਤਾਂ ਸਾਹਮਣੇ ਤਰਲੇ ਕੱਢਣ ਲੱਗਦਾ ਹੈ :

> "ਬਸ... ਇਕ ਮੁੰਡਾ ਦੇ-ਦੇ ... ਫਿਰ ਵੇਖੀ ਕਿਵੇਂ ਨ੍ਹੇਰੀਆਂ ਲਿਆਉਂਦਾ।"

"ਏਧਰ ਵੇਖ ਮੇਰੀ ਗੱਲ ਸੁਣ ... ਮੈਂ ਕਿਹੜਾ ਸੌਖਾ ... ਜਣਾ-ਖਣਾ ਗੱਲ ਕਰਕੇ ਉਹ ਜਾਂਦਾ ... ਪਰਸੋਂ ਲੰਬੜਾ ਦਾ ਮੀਤਾ ਕਹਿੰਦਾ – ਕੀਹਦੇ ਵਾਸਤੇ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ।"[5]

ਪਿੱਤਰੀ ਸਮਾਜਿਕ ਢਾਂਚੇ ਵਿੱਚ ਜਿੱਥੇ ਇਕ ਔਰਤ ਧੀ ਨਾਲੋਂ ਜ਼ਿਆਦਾ ਪੁੱਤਰਾਂ ਦੀ ਮਾਂ ਹੋਣ ਸਦਕਾ ਵਿਸ਼ੇਸ਼ ਮਾਨ-ਸਨਮਾਨ ਦੀ ਭਾਗੀਦਾਰ ਸਮਝੀ ਜਾਂਦੀ ਹੈ, ਉੱਥੇ ਉਸੇ ਪ੍ਰਬੰਧ ਵਿੱਚ ਰਹਿ ਰਿਹਾ ਇਕ ਮਰਦ ਵੀ ਪੁੱਤਰ ਦਾ ਬਾਪ ਹੋਣ ਨੂੰ ਸਮਾਜ ਅਤੇ ਭਾਈਚਾਰੇ ਵਿੱਚ ਸ਼ੋਭਾ ਪ੍ਰਾਪਤੀ ਅਤੇ ਆਪਣੇ ਸਵੈ-ਅਭਿਮਾਨ ਨਾਲ ਜੋੜ ਕੇ ਦੇਖਦਾ ਹੈ। ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਪੁੱਤਰ ਪੈਦਾ ਕਰਨਾ ਨਾ ਕੇਵਲ ਔਰਤ ਦੀ ਮਜ਼ਬੂਰੀ ਤੱਕ ਸੀਮਤ ਹੈ ਬਲਕਿ ਇਕ ਮਰਦ ਲਈ ਪੁੱਤਰ ਦਾ ਬਾਪ ਹੋਣਾ ਸਮਾਜ-ਸਭਿਆਚਾਰਕ ਪੱਖ ਤੋਂ ਉਸ ਲਈ ਜਰੂਰਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪਿੱਤਰ ਸੱਤਾ ਔਰਤ ਦੇ ਨਾਲ-ਨਾਲ ਮਰਦ ਨੂੰ ਵੀ ਆਪਣਾ ਨਿਸ਼ਾਨਾ ਬਣਾਉਂਦੀ ਹੈ। ਭਾਰਤੀ ਨਾਰੀਵਾਦੀ ਚਿੰਤਕ ਕਮਲਾ ਭਸੀਨ ਲਿਖਦੀ ਹੈ :

> ... ਪਿੱਤਰ ਸੱਤਾ ਦਾ ਬੁਰਾ ਪ੍ਰਭਾਵ ਸਿਰਫ਼ ਕੁੜੀਆਂ ਉੱਤੇ ਨਹੀਂ ਪੈਦਾ। ਇਸ ਬਾਰੇ ਡੂੰਘਾਈ ਨਾਲ ਸੋਚਿਆਂ ਲੱਗਦਾ ਹੈ ਕਿ ਪਿੱਤਰ ਸੱਤਾ ਔਰਤਾਂ ਤੋਂ ਵੱਧ ਮਰਦਾਂ ਦਾ ਨੁਕਸਾਨ ਕਰ ਰਹੀ ਹੈ। ਪਿੱਤਰ ਸੱਤਾ ਵਿੱਚ ਉਨ੍ਹਾਂ ਨੂੰ ਰੋਣ ਨਹੀਂ ਦਿੱਤਾ ਜਾਂਦਾ। ਮਰਦ ਰੋਣਾ ਚਾਹੁੰਦਾ ਹੈ, ਰੋ ਨਹੀਂ ਸਕਦਾ। ਡਰਨਾ ਚਾਹੁੰਦਾ ਹੈ, ਡਰ ਨਹੀਂ ਸਕਦਾ। ਉਹ ਕਹਿਣਾ ਚਾਹੁੰਦਾ ਹੈ ਕਿ ਮੈਂ ਆਤਮ-ਵਿਸ਼ਵਾਸੀ ਨਹੀਂ ਹਾਂ ਪਰ ਉਹ ਕਹਿ ਨਹੀਂ ਸਕਦਾ। ਇਕ ਤਰ੍ਹਾਂ ਨਾਲ ਉਸਦਾ ਭਾਵਨਾਤਮਕ ਖਸੀਕਰਨ ਹੋ ਜਾਂਦਾ ਹੈ। ਮਰਦ ਪੈਦਾ ਨਹੀਂ ਹੁੰਦੇ ਸਗੋਂ ਪਿੱਤਰਸੱਤਾ ਫੈਕਟਰੀ ਉਨ੍ਹਾਂ ਨੂੰ ਅਜਿਹੇ ਬਣਾ ਦਿੰਦੀ ਹੈ। ਉਨ੍ਹਾਂ ਤੋਂ ਉਨ੍ਹਾਂ ਦੀ ਮਨੁੱਖਤਾ ਖੋਹ ਲੈਂਦੀ ਹੈ।[6]

ਕਹਾਣੀ ਦੇ ਅੰਤ ਵਿੱਚ ਮੁੱਖ ਪਾਤਰ ਜੀਤਾਂ ਇਕ ਚੇਤੰਨ ਨਾਰੀ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਡਾਕਟਰਨੀ ਦੇ ਸੰਪਰਕ ਵਿੱਚ ਆ ਕੇ ਜਦੋਂ ਉਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਸ ਦੀ ਕੁੱਖੋਂ ਪੁੱਤਰ ਨਾ ਜੰਮਣ ਲਈ ਉਹ ਦੋਸ਼ੀ ਨਹੀਂ, ਬਲਕਿ ਇਸਦਾ ਸੰਬੰਧ ਉਸਦੇ ਪਤੀ ਵਿਚਲੀ ਕਿਸੇ ਜੈਵਿਕ ਊਣ ਜਾਂ ਘਾਟ ਨਾਲ ਹੈ ਤਾਂ ਉਸਦੇ ਮਨ ਉੱਤੇ ਪਿਆ ਬੋਝ ਇਕਦਮ ਉੱਤਰ ਜਾਂਦਾ ਹੈ। ਅਸਲੀਅਤ ਤੋਂ ਵਾਕਫ਼ ਹੋਣ ਉਪਰੰਤ ਆਪਣੇ ਸਵੈ-ਮਾਨ ਦੀ ਰੱਖਿਆ ਲਈ ਜਿੱਥੇ ਉਹ ਹੁਣ ਆਪਣੀ ਸੱਸ, ਨਨਾਣ ਦੀਆਂ ਵਧੀਕੀਆਂ ਸਹਿਣ ਤੋਂ ਇਨਕਾਰੀ ਹੋ ਜਾਂਦੀ ਹੈ, ਉੱਥੇ ਉਹ ਦੂਸਰੇ ਵਿਆਹ ਦਾ ਡਰਾਵਾਂ ਦੇਣ ਵਾਲੇ ਆਪਣੇ ਪਤੀ ਨੂੰ ਵੀ ਮੂੰਹ ਤੋੜਵਾਂ ਜਵਾਬ ਦਿੰਦੀ ਹੈ :

"ਉਹ ... ਲੈ ਆ ਸੌਂਕਣ ... ਬਨਣਾ ਜੁੜਨਾ ਤੈਨੂੰ
ਉਥੋਂ ਵੀ ਕੁਝ ਨਈਂ ... ਤੇਰੇ 'ਚ ਮੁੰਡਿਆਂ ਵਾਲੇ ਕਣ ਹੈ ਨਈਂ।"[7]

ਪਤੀ ਦੀ ਮਰਦਾਨਗੀ ਨੂੰ ਪ੍ਰਸ਼ਨ ਚਿੰਨਤ ਕਰਨ ਬਦਲੇ ਜੀਤਾਂ ਭਾਵੇਂ ਪਤੀ ਵੱਲੋਂ ਕੁੱਟ-ਮਾਰ ਦੀ ਸ਼ਿਕਾਰ ਹੁੰਦੀ ਹੈ ਪ੍ਰੰਤੂ ਇਸ ਦੇ ਬਾਵਜੂਦ ਉਹ ਹੋਰ ਮਜ਼ਬੂਤ ਹੋ ਕੇ ਸਮੁੱਚੇ ਪਿੱਤਰੀ ਸਮਾਜ ਅੱਗੇ ਵੰਗਾਰ ਬਣਦੀ ਹੈ। ਜੀਤਾਂ ਦੇ ਬਦਲੇ ਹੋਏ ਰੂਪ ਅਤੇ ਉਸਦੀ ਸੋਚ ਨੂੰ ਦੇਖ ਕੇ ਭਾਵੇਂ ਜੀਤਾਂ ਦੀ ਸੱਸ ਅਤੇ ਨਨਾਣ ਉਸਨੂੰ ਸ਼ੁਦੈਣ ਸਮਝਣ ਲੱਗਦੀਆਂ ਹਨ ਪਰ ਜੀਤਾਂ ਉਹਨਾਂ ਦੀ ਪਰਵਾਹ ਨਾ ਕਰਦੀ ਹੋਈ ਆਪਣੀ ਜ਼ਿੰਦਗੀ ਵਿੱਚ ਮਸਤ ਹੋ ਜਾਂਦੀ ਹੈ।

ਵਿਸ਼ਵ ਜਿਓਤੀ ਧੀਰ ਦੀ ਕਹਾਣੀ 'ਕੁੜਿੱਕੀ' ਕਾਲਜ ਪੜ੍ਹਦੀ ਲੜਕੀ ਗਗਨ ਦੀ ਦਵੰਦਾਤਮਕ ਮਨੋਸਥਿਤੀ ਨੂੰ ਬਿਆਨ ਕਰਦੀ ਹੈ ਜਿਹੜੀ ਇਕ ਪਾਸੇ ਆਪਣੀਆਂ ਸੱਧਰਾਂ ਦੇ ਹਾਣੀ ਪੰਡਿਤਾਂ ਦੇ ਮੁੰਡੇ ਜੱਸੀ ਨਾਲ ਅੰਤਰਜਾਤੀ ਵਿਆਹ ਕਰਵਾਉਣਾ ਚਾਹੁੰਦੀ ਹੈ ਅਤੇ ਦੂਜੇ ਪਾਸੇ ਆਪਣੇ ਮਾਪਿਆਂ ਦੀ ਅਖੌਤੀ ਸਮਾਜਿਕ ਇੱਜ਼ਤ ਅਤੇ ਮਾਨ-ਸਨਮਾਨ ਨੂੰ ਵੀ ਬਰਕਰਾਰ ਰੱਖਣਾ ਚਾਹੁੰਦੀ ਹੈ। ਪਾਤਰ ਗਗਨ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਹੋਣ ਕਾਰਨ ਖਾਨਦਾਨੀ ਪੱਚੀ ਕਿੱਲਿਆਂ ਦੀ ਵਾਰਿਸ ਹੈ। ਉਸਦੇ ਪ੍ਰੇਮੀ ਜੱਸੀ ਦੇ ਮਨ ਵਿੱਚ ਇਹ ਡਰ ਹੈ ਕਿ ਗਗਨ ਦੇ ਮਾਪੇ ਉਹਨਾਂ ਦੇ ਅੰਤਰਜਾਤੀ ਪ੍ਰੇਮ ਵਿਆਹ ਨੂੰ ਸ਼ਾਇਦ ਕਦੇ ਪ੍ਰਵਾਨ ਨਹੀਂ ਕਰਨਗੇ। ਪਰ ਪਾਤਰ ਗਗਨ ਪ੍ਰੇਮੀ ਜੱਸੀ ਨੂੰ ਤਸੱਲੀ ਦਿੰਦੀ ਹੋਈ ਪਿੱਤਰੀ ਸਮਾਜ ਵਿਚਲੀ ਜਾਤ-ਪਾਤੀ ਵਰਗ ਵੰਡ ਦਾ ਖੰਡਨ ਕਰਦੀ ਹੈ ਅਤੇ ਆਪਣੀ ਵਿਅਕਤੀਗਤ ਇੱਛਾ ਨੂੰ ਵੱਧ ਤਰਜੀਹ ਦਿੰਦੀ ਕਹਿੰਦੀ ਹੈ :

"ਜੱਸੀ... ਮੈਂ ਜਾਤਾਂ ਦੇ ਫ਼ਰਕ ਨੂੰ ਨਹੀਂ ਮੰਨਦੀ... ਜਦੋਂ ਆਪਾਂ ਇੱਕ ਹੋ ਗਏ, ਨਾ ਤੂੰ ਪੰਡਤਾਂ ਦਾ ਰਹੇਂਗਾ, ਨਾ ਮੈਂ ਜੱਟਾਂ ਦੀ। ਦੋਹੇਂ ਇੱਕ ਦੂਜੇ ਦੇ ਹੋ ਕੇ ਰਹਾਂਗੇ।"[8]

ਪਾਤਰ ਗਗਨ ਬੇਸ਼ੱਕ ਜੱਸੀ ਨਾਲ ਕੀਤੇ ਵਾਅਦੇ ਮੁਤਾਬਿਕ ਕੋਰਟ ਮੈਰਿਜ ਕਰਵਾਉਣ ਲਈ ਘਰੋਂ ਨਿਕਲ ਜਾਂਦੀ ਹੈ ਪਰ ਪਿੱਤਰੀ ਸਮਾਜ-ਸਭਿਆਚਾਰਕ ਮਰਿਆਦਾਵਾਂ ਨੂੰ ਉਲੰਘ ਕੇ ਘਰਦਿਆਂ ਤੋਂ ਚੋਰੀ ਵਿਆਹ ਕਰਾਏ ਜਾਣ ਉਪਰੰਤ ਹੋਣ ਵਾਲੀ ਸਮਾਜਿਕ ਬਦਨਾਮੀ ਬਾਰੇ ਸੋਚ ਕੇ ਉਹ ਧੁਰ ਅੰਦਰ ਤੱਕ ਝੰਜੋੜੀ ਜਾਂਦੀ ਹੈ। ਉਸਨੂੰ ਜਾਪਦਾ ਹੈ ਜਿਵੇਂ :

ਬਾਪੂ ਦੋਹਾਂ ਹੱਥਾਂ ਵਿਚਾਲੇ ਸਿਰ ਦਈ ਬੈਠਾ। ਪੱਗ ਹੇਠਾਂ ਡਿੱਗੀ ਹੋਈ। ਬੀਬੀ ਚੌਂਕੇ ਵਿੱਚ ਥਪਣਾ ਮਾਰੀ ਹੇਠਾਂ ਬੈਠੀ ਚੁੰਨੀ ਨਾਲ ਮੂੰਹ ਕੱਜੀ ਡੁਸਕੀ ਜਾਂਦੀ। ਬੇਬੇ ਦੰਦ ਕਰੀਚ-ਕਰੀਚ ਬੀਬੀ ਨੂੰ ਮਿਹਣੇ ਦੇਈ ਜਾ ਰਹੀ ਹੈ।[9]

ਪਾਤਰ ਗਗਨ ਭਾਵੇਂ ਬਾਹਰੀ ਰੂਪ ਵਿੱਚ ਆਪਣੇ ਪ੍ਰੇਮੀ ਸਾਹਮਣੇ ਮਨੂੰਵਾਦੀ ਪਿੱਤਰੀ ਸੋਚ ਅਤੇ ਜਾਤ-ਪਾਤੀ ਵਰਗ ਵੰਡ ਨੂੰ ਨਾ ਮੰਨਣ ਦਾ ਦਾਅਵਾ ਕਰਦੀ ਹੋਈ ਸਮਾਜ ਨਾਲ ਬਗਾਵਤ ਕਰਨ ਲਈ ਤਿਆਰ ਹੋ ਜਾਂਦੀ ਹੈ ਪਰ ਉਸਦੇ ਅਵਚੇਤਨ ਵਿਚਲੀ ਸਮੂਹਿਕ ਪਿੱਤਰੀ ਸਾਂਸਕ੍ਰਿਤਕ ਚੇਤਨਾ ਉਸਦਾ ਰਾਹ ਰੋਕਦੀ ਹੈ। ਪਿੱਤਰਕੀ ਸਮਾਜਿਕ ਪ੍ਰਤਿਮਾਨਾਂ ਨੂੰ ਛੱਡ ਸਕਣਾ ਉਸ ਲਈ ਪੂਰੀ ਤਰ੍ਹਾਂ ਸੰਭਵ ਨਹੀਂ ਹੈ। ਪਾਤਰ ਗਗਨ ਨੂੰ ਉਸ ਸਮੇਂ ਇਕ ਹੋਰ ਝਟਕਾ ਲੱਗਦਾ ਹੈ ਜਦੋਂ ਰਸਤੇ ਵਿੱਚ ਜਾ ਰਹੇ ਕੁਝ ਮੁੰਡੇ ਉਸਨੂੰ ਉਸਦੇ ਪ੍ਰੇਮੀ ਜੱਸੀ ਦੇ ਨਾਂ ਲੈ ਕੇ ਟਿੱਚਰਾਂ ਕਰਦੇ ਹਨ :

> ਨੇੜੇ ਆ ਕੇ ਇਕ ਬੋਲਿਆ, ਛੱਡ ਯਾਰ ਇਹ ਤਾਂ ਜੱਸੀ ਦੀ ਐ। ਦੂਜਾ ਹੱਸ ਪਿਆ, "ਅੱਛਾ ਓਹੀ ਪੱਚੀਆਂ ਕਿੱਲਿਆਂ ਆਲੀ ...ਬਈ ਤਕੜਾ ਸ਼ਿਕਾਰੀ ਹੈ ...ਬਾਹਲੀ ਅਗਾਂਹ ਦੀ ਸੋਚਦੈ।" ਮੂਹਰੇ ਬੈਠਾ ਮੁੰਡਾ ਗਗਨ ਦੇ ਬਿਲਕੁਲ ਨੇੜੇ ਹੋ ਗਿਆ, "ਚੰਗਾ ਸ਼ਿਕਾਰ ਲੱਭ ਕੇ ਕੁੜੱਕੀ ਲਾਈ ਐ।"[10]

ਮੁੰਡਿਆਂ ਦੀ ਗੱਲ ਸੁਣ ਕੇ ਪਾਤਰ ਗਗਨ ਨੂੰ ਵੀ ਇਹ ਜਾਪਣ ਲੱਗਦਾ ਹੈ ਜਿਵੇਂ ਉਸਦਾ ਪ੍ਰੇਮੀ ਸੱਚਮੁੱਚ ਉਸ ਨਾਲ ਜ਼ਮੀਨ ਖਾਤਰ ਹੀ ਵਿਆਹ ਕਰਵਾਉਣਾ ਚਾਹੁੰਦਾ ਹੈ। ਅਸਲ ਵਿੱਚ ਪਾਤਰ ਗਗਨ ਅੰਦਰ ਬੈਠੇ ਪਿੱਤਰਕੀ ਸੰਸਕਾਰ ਹੀ ਉਸਨੂੰ ਵਾਰ-ਵਾਰ ਸਮਾਜਿਕ ਦਾਇਰਿਆਂ ਵਿੱਚ ਵਿਚਰਨ ਲਈ ਮਜ਼ਬੂਰ ਕਰਦੇ ਹਨ ਕਿਉਂਕਿ ਕਥਾ ਬਿਰਤਾਂਤ ਵਿੱਚੋਂ ਕਿਧਰੇ ਵੀ ਗਗਨ ਦੇ ਪ੍ਰੇਮੀ ਜੱਸੀ ਦੀ ਉਸ ਨਾਲ ਪ੍ਰੇਮ ਵਿਆਹ ਕਰਾਉਣ ਪਿੱਛੇ ਛਿਪੀ ਕੋਈ ਲਾਲਚੀ ਮਨਸ਼ਾ ਜਾਂ ਇੱਛਾ ਨਜ਼ਰ ਨਹੀਂ ਆਉਂਦੀ। ਦੂਜੇ ਪਾਸੇ ਪਾਤਰ ਗਗਨ ਅੰਦਰ ਚੱਲ ਰਿਹਾ ਆਪਣੀ ਵਿਅਕਤੀਗਤ ਇੱਛਾ ਅਤੇ ਪਿੱਤਰਕੀ ਸਭਿਆਚਾਰਕ ਨੈਤਿਕ ਮਰਿਆਦਾਵਾਂ ਵਿਚਲਾ ਦਵੰਦ ਇਸ ਗੱਲ ਦੀ ਪ੍ਰੋੜਤਾ ਕਰ ਰਿਹਾ ਹੈ ਕਿ ਉਸਦਾ ਸਮਾਜ ਸਭਿਆਚਾਰਕ ਕਦਰਾਂ-ਕੀਮਤਾਂ ਦੀ ਮਜ਼ਬੂਤ ਵਲਗਣ ਨੂੰ ਟੱਪਣ ਦਾ ਹੌਂਸਲਾ ਨਹੀਂ ਪੈਂਦਾ। ਪਾਤਰ ਗਗਨ ਉਸ ਸਮੇਂ ਪੂਰੀ ਤਰ੍ਹਾਂ ਪਿੱਤਰਕੀ ਸਮਾਜਿਕ ਪ੍ਰਬੰਧ ਦੁਆਰਾ ਨਿਰਧਾਰਿਤ ਸੀਮਾਵਾਂ ਵਿੱਚ ਵਿਚਰਣ ਦਾ ਮਨ ਬਣਾ ਲੈਂਦੀ ਹੈ ਜਦੋਂ ਉਹ ਆਤੂ ਘੁਮਿਆਰ ਦੀ ਪਤਨੀ ਕਰਮੋਂ ਅਤੇ ਗੁਰਦੁਆਰੇ ਦੇ ਗਿਆਨੀ ਮੂੰਹੋਂ ਆਪਣੀ ਵਡਿਆਈ ਸੁਣਦੀ ਹੈ :

> "ਕੁੜੀਆਂ ਤਾਂ ਅੱਜਕਲ੍ਹ ਮੁੰਡਿਆਂ ਨਾਲੋਂ ਵੱਧ ਪੜ੍ਹਦੀਆਂ ਨੇ। ਤੈਨੂੰ ਵੇਖ ਕੇ ਚਾਰ ਹੋਰ ਪਿੰਡ ਦੀਆਂ ਬਾਹਰ ਪੜ੍ਹਨ ਜਾਣਗੀਆਂ । ਤੂੰ ਤਾਂ ਕੁੜੇ ਪਿੰਡ ਦੀਆਂ ਕੁੜੀਆਂ ਵਾਸਤੇ ਉਦਾਹਰਣ ਐਂ।"[11]

ਗਿਆਨੀ ਦੀਆਂ ਗੱਲਾਂ ਸੁਣ ਕੇ ਪਾਤਰ ਗਗਨ ਜੱਸੀ ਨਾਲ ਵਿਆਹ ਕਰਾਉਣ ਦਾ ਫੈਸਲਾ ਪੂਰੀ ਤਰ੍ਹਾਂ ਤਿਆਗ ਦਿੰਦੀ ਹੈ। ਕਹਾਣੀ ਦੇ ਅੰਤ ਵਿੱਚ ਆਪਣੇ ਘਰ ਵਾਪਸ ਮੁੜਦੀ ਪਾਤਰ ਗਗਨ ਨੂੰ ਆਪਣੇ ਪਿਤਾ ਦੇ

ਘਰ ਦੇ ਚੁਬਾਰੇ ਦਾ ਸਾਫ਼ ਨਜ਼ਰ ਆਉਣਾ ਉਸਦੀ ਪਿੱਤਰੀ ਮਾਨਸਿਕ ਘਾੜਤ ਨੂੰ ਦਰਸਾਉਂਦਾ ਹੈ। ਇੰਞ ਗਗਨ ਦਾ ਕਿਰਦਾਰ ਮਨੂੰਵਾਦੀ ਸੋਚ ਅਨੁਸਾਰ ਆਦਰਸ਼ ਧੀ ਦੇ ਬਿੰਬ ਵਜੋਂ ਸਾਹਮਣੇ ਆਉਂਦਾ ਹੈ ਜਿਹੜੀ ਆਪਣੀਆਂ ਵਿਅਕਤੀਗਤ ਇੱਛਾਵਾਂ ਨੂੰ ਪਰਿਵਾਰਕ ਹਿੱਤਾਂ ਲਈ ਕੁਰਬਾਨ ਕਰਦੀ ਹੋਈ ਪਿੱਤਰਸੱਤਾ ਦੇ ਹੱਕ ਵਿੱਚ ਭੁਗਤਦੀ ਹੈ।

ਬਲਵਿੰਦਰ ਸਿੰਘ ਗਰੇਵਾਲ ਦੀ ਕਹਾਣੀ 'ਖੰਡੇ ਦੀ ਧਾਰ' ਦੀ ਮੁੱਖ ਪਾਤਰ ਸੂਰਤ ਇਕ ਪੜ੍ਹੀ-ਲਿਖੀ ਅਤੇ ਅਗਾਂਹਵਧੂ ਸੋਚ ਦੀ ਮਾਲਕ ਹੈ ਜਿਹੜੀ ਆਪਣੀ ਸੁਤੰਤਰ ਹੋਂਦ ਦੀ ਸਥਾਪਤੀ ਲਈ ਪਿੱਤਰੀ ਸਮਾਜ, ਪਰਿਵਾਰ ਅਤੇ ਧਾਰਮਿਕ ਰਹੁ-ਰੀਤਾਂ ਪ੍ਰਤੀ ਬਗਾਵਤ ਕਰ ਦਿੰਦੀ ਹੈ। ਜਦੋਂ ਪਰਿਵਾਰ ਵਿੱਚ ਉਸਦੇ ਵਿਆਹ ਸੰਬੰਧੀ ਚਰਚਾ ਚੱਲਦੀ ਹੈ ਤਾਂ ਉਹ ਇਸ ਗੱਲ 'ਤੇ ਅੜ੍ਹ ਜਾਂਦੀ ਹੈ ਕਿ ਉਸਨੇ ਆਨੰਦ ਕਾਰਜ ਜਾਂ ਕਿਸੇ ਕਿਸਮ ਦੀਆਂ ਹੋਰ ਰਸਮਾਂ, ਪ੍ਰੰਪਰਾਵਾਂ ਤੋਂ ਬਿਨਾਂ 'ਕੋਰਟ ਮੈਰਿਜ' ਕਰਵਾ ਕੇ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰਨੀ ਹੈ, ਪਰੰਤੂ ਪਿੱਤਰਕੀ ਸਮਾਜ ਉਸਦੀ ਇਸ ਨਿੱਜੀ ਇੱਛਾ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ। ਮਾਂ-ਬਾਪ, ਭਰਾ, ਰਿਸ਼ਤੇਦਾਰ ਉਸਨੂੰ ਪ੍ਰੰਪਰਕ ਮਰਿਆਦਾਵਾਂ ਅਨੁਸਾਰ ਵਿਚਰਣ ਲਈ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਉਹ ਇਸ ਨੂੰ ਆਪਣੀ ਅਸਤਿਤਵ ਦੀ ਲੜਾਈ ਸਮਝਦੀ ਹੋਈ ਉਹਨਾਂ ਦੀਆਂ ਦਲੀਲਾਂ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। ਉਹ ਚਾਰ ਲਾਵਾਂ ਲੈ ਕੇ ਕਿਸੇ ਮਰਦ ਨਾਲ ਜ਼ਿੰਦਗੀ ਕੱਟਣਾ ਨਹੀਂ ਚਾਹੁੰਦੀ, ਬਲਕਿ ਉਸ ਦੇ ਨਾਲ ਬਰਾਬਰਤਾ ਦੇ ਧਰਾਤਲ ਤੇ ਵਿਚਰਦੀ ਹੋਈ ਜ਼ਿੰਦਗੀ ਜਿਊਣਾ ਚਾਹੁੰਦੀ ਹੈ। ਪਾਤਰ ਸੂਰਤ ਅਨੁਸਾਰ :

> ਬੱਸ, ਆਹੀ ਫਰਕ ਐ ...। ਮੈਂ ਕਿਸੇ ਮਰਦ ਦੇ ਵਸਣਾ ਨਹੀਂ ਚਾਹੁੰਦੀ,
> ਉਹਦੇ ਨਾਲ ਜਿਊਣਾ ਚਾਹੁੰਦੀ ਆਂ ...।[12]

ਪਾਤਰ ਸੂਰਤ ਦੀ ਲੜਾਈ ਮਰਦ ਵਿਰੋਧੀ ਨਹੀਂ ਬਲਕਿ ਪਿੱਤਰੀ ਸਮਾਜ ਵਿੱਚ ਮਰਦ ਦੇ ਨਾਲ ਬਰਾਬਰਤਾ ਹਾਸਿਲ ਕਰਨ ਦੀ ਹੈ। ਉਹ ਇਕ ਚੇਤੰਨ ਔਰਤ ਵਜੋਂ ਪਿੱਤਰੀ ਸਮਾਜਿਕ ਢਾਂਚੇ ਦੁਆਰਾ ਸਥਾਪਿਤ ਧਾਰਨਾਵਾਂ ਨੂੰ ਤੋੜਨ ਦਾ ਯਤਨ ਕਰਦੀ ਹੈ ਜੋ ਨਾਰੀ ਨੂੰ ਹਾਸ਼ੀਆਕ੍ਰਿਤ ਕਰਦੀਆਂ ਹਨ। ਉਹ ਪ੍ਰਚਲਿਤ ਵਿਆਹ ਸੰਸਥਾ ਵਿਚਲੀ ਪਿੱਤਰਕੀ ਸਿਆਸਤ ਦੇ ਖਿਲਾਫ਼ ਹੈ ਜੋ ਪਤੀ-ਪਤਨੀ ਸੰਬੰਧਾਂ ਨੂੰ ਦਾਬੇ ਅਤੇ ਅਧੀਨਗੀ ਵਾਲੇ ਰਿਸ਼ਤੇ ਵਿੱਚ ਤਬਦੀਲ ਕਰ ਦਿੰਦੀ ਹੈ। ਸੂਰਤ ਨੂੰ ਜਾਪਦਾ ਹੈ ਕਿ ਪਰੰਪਰਾਗਤ ਵਿਆਹ ਪ੍ਰਣਾਲੀ ਵਿਚਲੀਆਂ ਧਾਰਮਿਕ ਕ੍ਰਿਰਿਆਵਾਂ ਪਤੀ-ਪਤਨੀ ਵਿਚਲੀ ਬਰਾਬਰਤਾ ਦੀ ਥਾਂ ਊਚ-ਨੀਚ ਦੇ ਸੰਕਲਪ ਨੂੰ ਦ੍ਰਿੜਤਾ ਨਾਲ ਲਾਗੂ ਕਰਵਾਉਂਦੀਆਂ ਹਨ। ਇਸੇ ਲਈ ਉਹ 'ਚਾਰ ਲਾਵਾਂ' ਵਾਲੇ ਧਾਰਮਿਕ ਪ੍ਰਕਾਰਜ ਨੂੰ ਨਿਭਾਉਣ ਤੋਂ ਇਨਕਾਰੀ ਹੁੰਦੀ ਹੈ ਅਤੇ 'ਕੋਰਟ ਮੈਰਿਜ' ਨੂੰ ਤਰਜੀਹ ਦਿੰਦੀ ਹੈ। ਸਥਿਤੀ ਦਾ

ਦੁਖਾਂਤ ਇਹ ਹੈ ਕਿ ਸੂਰਤ ਦੀ ਇਸ ਸੋਚ ਨੂੰ ਉਸਦੀ ਹਉਮੈਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਿੱਤਰੀ ਮਾਨਸਿਕਤਾ ਨੂੰ ਪ੍ਰਣਾਈ ਮਾਂ ਆਪਣੀ ਸੀਮਤ ਸਮਝ ਵਿੱਚੋਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੋਈ ਜਿੱਦ ਛੱਡਣ ਲਈ ਦਬਾਉ ਪਾਉਂਦੀ ਹੈ :

> ...ਬਾਪ ਤੇਰਾ ਮਸਾਂ ਠੀਕ ਹੋਇਐ। ਤੈਨੂੰ ਪਤਾਂ ਈ ਐ ਆਪਾਂ ਨੇ ਜਿਹੜਾ ਨਰਕ ਭੋਗਿਐ।[13]

ਕਹਾਣੀ ਦੇ ਅੰਤ ਤੱਕ ਪਾਤਰ ਸੂਰਤ ਉੱਪਰ ਪਿੱਤਰੀ ਸਮਾਜਿਕ ਪ੍ਰਬੰਧ ਦਾ ਦਬਾਅ ਇਸ ਕਦਰ ਭਾਰੂ ਹੋ ਜਾਂਦਾ ਹੈ ਕਿ ਉਸਨੂੰ ਆਪਣੇ ਬਾਪੂ ਦੀ ਇੱਜ਼ਤ ਸਾਹਮਣੇ ਆਪਣੀ ਸਵੈ-ਹੋਂਦ ਤੇ ਸਵੈ-ਇੱਛਾ ਦੇ ਅਰਥ ਛੋਟੇ ਜਾਪਣ ਲੱਗਦੇ ਹਨ। ਉਸ ਅੰਦਰ ਸੂਰਤ ਦੀ ਥਾਂ ਸਰਬਣ ਦੀ ਧੀ ਦਾ ਪੈਦਾ ਹੋਇਆ ਅਹਿਸਾਸ ਉਸਦੇ ਅਸਤਿਤਵ ਨੂੰ ਮੁੜ ਪਿੱਤਰਕੀ ਪ੍ਰਬੰਧ ਦੀ ਕੈਦ ਵਿੱਚ ਜਕੜ ਦਿੰਦਾ ਹੈ। ਉਹ ਆਪਣੇ ਫੈਸਲੇ ਤੋਂ ਮੁੜਦੀ ਹੋਈ ਕਹਿੰਦੀ ਹੈ :

> "ਮੈਨੂੰ ਤੇਰੀ ਇੱਜ਼ਤ ਬਹੁਤ ਪਿਆਰੀ ਐ ਬਾਪੂ।"[14]

ਇਸ ਤਰ੍ਹਾਂ ਪਾਤਰ ਸੂਰਤ ਵਿਦਰੋਹ ਤਾਂ ਕਰਦੀ ਹੈ ਪਰ ਉਸਦਾ ਵਿਦਰੋਹ ਨਾ ਤਾਂ ਉਸ ਲਈ ਹੀ ਅਤੇ ਨਾ ਹੀ ਨਾਰੀ ਜਾਤੀ ਲਈ ਕੋਈ ਸਕਾਰਾਤਮਕ ਬਦਲਾਅ ਲਿਆਉਣ ਵਿੱਚ ਸਹਾਇਕ ਬਣਦਾ ਹੈ। ਅਸਲ ਵਿੱਚ ਪਿੱਤਰੀ ਸਮਾਜ, ਸਭਿਆਚਾਰ, ਧਰਮ ਅਤੇ ਇਤਿਹਾਸ ਰਾਹੀਂ ਔਰਤ ਦੀ ਮਾਨਸਿਕ ਘਾੜਤ ਹੀ ਇਸ ਪ੍ਰਕਾਰ ਹੋਈ ਹੈ ਕਿ ਉਹ ਆਪਣੀ ਹੋਂਦ ਨੂੰ ਰਿਸ਼ਤਿਆਂ ਨਾਲ ਜੋੜ ਕੇ ਵੇਖਣ ਦੀ ਆਦੀ ਹੋ ਚੁੱਕੀ ਹੈ। ਜੇਕਰ ਉਹ ਆਪਣੀ ਸੁਤੰਤਰ ਹੋਂਦ ਨੂੰ ਕਾਇਮ ਕਰਨ ਲਈ ਕੋਈ ਯਤਨ ਕਰਦੀ ਹੈ ਤਾਂ ਸਮੁੱਚਾ ਪਿੱਤਰਕੀ ਢਾਂਚਾ ਆਪਣੀ ਪੂਰੀ ਤਾਕਤ ਨਾਲ ਉਸਨੂੰ ਦਬਾਉਣ ਅਤੇ ਅਧੀਨਗੀ ਮਨਾਉਣ ਲਈ ਕਿਰਿਆਸ਼ੀਲ ਹੋ ਜਾਂਦਾ ਹੈ।

ਜਿੰਦਰ ਦੀ ਕਹਾਣੀ 'ਮਾਂ ਨੇ ਨਹੀਂ ਰੋਕਿਆ' ਮਨੂੰਵਾਦੀ ਸੋਚ ਨੂੰ ਪ੍ਰਣਾਏ ਪਿਤਾ ਅਤੇ ਅਗਾਂਹਵਧੂ, ਆਧੁਨਿਕ ਖ਼ਿਆਲਾਂ ਦੀ ਧਾਰਨੀ ਧੀ ਦੇ ਆਪਸੀ ਟਕਰਾਓ ਤੋਂ ਉਪਜੇ ਰਿਸ਼ਤਿਆਂ ਵਿਚਲੇ ਤਣਾਉ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਸ਼ੀਰੋ ਜੱਦੀ-ਪੁਸ਼ਤੀ ਸਰਦਾਰ ਜਾਗੀਰ ਸਿੰਘ ਦੀ ਧੀ ਹੈ। ਆਪਣੇ ਖਾਨਦਾਨ ਵਿੱਚ ਇਕਲੌਤੀ ਕੁੜੀ ਹੋਣ ਕਾਰਨ ਪਾਤਰ ਸ਼ੀਰੋ ਦਾ ਪਿਤਾ ਉਸਨੂੰ ਲਾਡਾਂ-ਚਾਵਾਂ ਨਾਲ ਪਾਲਦਾ ਅਤੇ ਉੱਚ ਸਿੱਖਿਆ ਦਿਵਾਉਂਦਾ ਹੈ ਤਾਂ ਜੋ ਉਹ ਕੋਈ ਅਫ਼ਸਰ ਬਣ ਸਕੇ। ਪਰੰਤੂ ਦੂਜੇ ਪਾਸੇ ਆਪਣੀ ਪਿੱਤਰੀ ਸਾਮੰਤੀ ਮਾਨਸਿਕਤਾ ਕਾਰਨ ਉਹ ਧੀ ਸ਼ੀਰੋ ਤੋਂ ਇਹ ਤਵੱਕੋਆਤ ਵੀ ਕਰਦਾ ਹੈ ਕਿ ਉਹ ਉਸਦੀ ਅਧੀਨਗੀ ਵਿੱਚ ਰਹੇ ਅਤੇ ਉਸਦਾ ਹਰ ਫੈਸਲਾ ਮੰਨੇ। ਪਾਤਰ ਜਾਗੀਰ ਸਿੰਘ ਦੀ ਅਜਿਹੀ ਮਰਦਾਵੀਂ ਹਉਂ ਹੀ ਅੱਗੇ ਜੇ ਕੇ ਪਿਉ-ਧੀ ਦੇ ਰਿਸ਼ਤੇ ਵਿਚਲੇ ਤਣਾਉ ਦਾ ਕਾਰਨ ਬਣਦੀ ਹੈ। ਜਦੋਂ ਪਾਤਰ ਸ਼ੀਰੋ ਆਪਣੀ ਮਰਜ਼ੀ ਨਾਲ

ਨਿਮਨ ਸ਼੍ਰੇਣੀ ਨਾਲ ਸੰਬੰਧਿਤ ਫਸਟ ਕਲਾਸ ਅਫ਼ਸਰ ਲੱਗੇ ਸਤੀਸ਼ ਨਾਲ ਅੰਤਰਜਾਤੀ ਵਿਆਹ ਕਰਾਉਣ ਦਾ ਫੈਸਲਾ ਕਰਦੀ ਹੈ ਤਾਂ ਸਾਮੰਤੀ ਮਾਨਸਿਕਤਾ ਵਾਲੇ ਪਿਤਾ ਜਾਗੀਰ ਸਿੰਘ ਦੇ ਜਾਤੀ ਅਭਿਆਨ ਨੂੰ ਡੂੰਘੀ ਸੱਟ ਵੱਜਦੀ ਹੈ। ਉਹ ਸਮਾਜ-ਸਭਿਆਚਾਰਕ ਪੱਧਰ ਤੇ ਬਣੇ ਆਪਣੇ ਖਾਨਦਾਨੀ ਰੁਤਬੇ ਨੂੰ ਚੁਣੌਤੀ ਦੇਣ ਵਾਲੀ ਧੀ ਸ਼ੀਰੋ ਨੂੰ ਅਸਲੀਅਤ ਤੋਂ ਜਾਣੂ ਕਰਾਉਂਦਾ ਕਹਿੰਦਾ ਹੈ :

'ਸਾਡੀ ਕੋਠੀ ਦੀ ਹੈਸੀਅਤ ਜਾਣਦੀ ਆਂ?'[15]

ਦਰਅਸਲ ਪਾਤਰ ਜਾਗੀਰ ਸਿੰਘ ਆਪਣੀ ਅਸਤਿਤਵੀ ਸਮੱਸਿਆ ਵਿੱਚ ਘਿਰਿਆ ਹੋਇਆ ਹੈ। ਜਾਗੀਰਦਾਰੀ ਨਿਜ਼ਾਮ ਦੇ ਪਾਏ ਪੂਰਨਿਆਂ 'ਤੇ ਚੱਲਣ ਵਾਲੇ ਜਾਗੀਰ ਸਿੰਘ ਲਈ ਨੀਵੀਂ ਜਮਾਤ ਨਾਲ ਸੰਬੰਧਿਤ ਸਤੀਸ਼ ਨੂੰ ਆਪਣੇ ਖਾਨਦਾਨ ਦਾ ਹਿੱਸਾ ਬਣਾਉਣਾ ਆਸਾਨ ਨਹੀਂ, ਭਾਵੇਂ ਕਿ ਉਹ ਫਸਟ ਕਲਾਸ ਅਫ਼ਸਰ ਹੀ ਕਿਉਂ ਨਾ ਲੱਗਿਆ ਹੋਵੇ। ਆਪਣੀ ਸ਼ਾਨੋ-ਸ਼ੌਕਤ, ਅਮੀਰੀ ਅਤੇ ਉੱਚ ਜਾਤੀ ਅਭਿਮਾਨ ਕਰਕੇ ਹੀ ਤਾਂ ਉਹ ਲੋਕਾਂ ਦੀਆਂ ਨਜ਼ਰਾਂ ਵਿੱਚ 'ਸਰਦਾਰ' ਵਜੋਂ ਆਪਣਾ ਪ੍ਰਭਾਵ ਕਾਇਮ ਕਰ ਸਕਿਆ ਸੀ। ਇਸ ਕਰਕੇ ਉਹ ਆਪਣੀ ਖਾਨਦਾਨੀ ਇੱਜ਼ਤ ਅਤੇ ਸਮਾਜ-ਸਭਿਆਚਾਰਕ ਪਛਾਣ ਨੂੰ ਕਿਸੇ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੁੰਦਾ। ਪਰ ਅਗਾਂਹਵਧੂ ਸੋਚ ਦੀ ਮਾਲਕ ਪਾਤਰ ਸ਼ੀਰੋ ਲਈ ਪਿਤਾ ਦੀ ਅਖੌਤੀ ਸਮਾਜ-ਸਭਿਆਚਾਰਕ ਸਰਦਾਰੀ ਅਤੇ ਉੱਚ ਜਾਤੀ ਹਉਂ ਕੋਈ ਮਾਇਨੇ ਨਹੀਂ ਰੱਖਦੀ। ਉਸਦੇ ਅਨੁਸਾਰ :

> ਸਤੀਸ਼ ਐਮ.ਏ. ਪਾਸ ਹੈ। ਫਸਟ ਕਲਾਸ ਅਫਸਰ ਹੈ। ਮੇਰੀ ਆਪਣੀ ਪੋਸਟਿੰਗ ਹੋ ਚੁੱਕੀ ਹੈ। ਦੋਵੇਂ ਵੈਲ ਸੈਟਲਡ ਹਾਂ। ਅਸੀਂ ਇਨ੍ਹਾਂ ਦੀ ਕੋਠੀ, ਖੇਤਾਂ ਤੋਂ ਕੀ ਲੈਣਾ ਹੈ।[16]

ਜਦੋਂ ਪਾਤਰ ਸ਼ੀਰੋ ਪਰਿਵਾਰਕ ਨੈਤਿਕਤਾ ਅਤੇ ਰਿਸ਼ਤੇ ਦੀਆਂ ਸੀਮਾਵਾਂ ਉਲੰਘ ਕੇ ਸਤੀਸ਼ ਨਾਲ ਅੰਤਰਜਾਤੀ ਵਿਆਹ ਕਰਵਾ ਲੈਂਦੀ ਹੈ ਤਾਂ ਜਾਗੀਰ ਸਿੰਘ ਆਪਣੀ ਮਰਦਾਵੀਂ ਸੱਤਾ ਅਤੇ ਜਾਤੀ ਹਉਂ ਨੂੰ ਵੰਗਾਰਨ ਵਾਲੀ ਧੀ ਨਾਲੋਂ ਹਮੇਸ਼ਾ ਲਈ ਆਪਣਾ ਭਾਵਾਤਮਕ ਅਤੇ ਸਮਾਜਿਕ ਸੰਬੰਧ ਤੋੜ ਲੈਂਦਾ ਹੈ। ਪਾਤਰ ਸ਼ੀਰੋ ਦਾ ਛੋਟਾ ਭਰਾ ਪਿਆਰਾ ਵੀ ਉਸਦੇ ਵਿਰੁੱਧ ਹੋ ਜਾਂਦਾ ਹੈ। ਦੂਜੇ ਪਾਸੇ ਪਾਤਰ ਸ਼ੀਰੋ ਵੀ ਆਪਣੀ ਅਸਤਿਤਵੀ ਹੋਂਦ ਅਤੇ ਮਾਨਵੀ ਇੱਛਾ ਨੂੰ ਅਸਵੀਕਾਰਨ ਵਾਲੇ ਪਿਤਾ ਪ੍ਰਤੀ ਨਫ਼ਰਤ ਨਾਲ ਭਰ ਜਾਂਦੀ ਹੈ। ਆਪਣੀ ਵਿਅਕਤੀਗਤ ਆਜ਼ਾਦੀ ਲਈ ਰਿਸ਼ਤਿਆਂ ਨਾਲੋਂ ਟੁੱਟ ਚੁੱਕੀ ਸ਼ੀਰੋ ਆਪਣੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

> ਮੇਰੇ ਤੇ ਭਾਪਾ ਜੀ ਵਿਚਕਾਰ ਖਿਚੀ ਹੋਈ ਲਛਮਣ ਰੇਖਾ ਸਿਰਫ਼ ਰੇਖਾ ਨਹੀਂ- ਹੁਣ ਇਕ ਪਾੜ ਦਾ ਰੂਪ ਧਾਰਨ ਕਰਨ ਲੱਗੀ ਸੀ। ਜਿਵੇਂ ਬਹੁਤ

ਤੇਜ਼ੀ ਨਾਲ ਜ਼ਮੀਨ 'ਚ ਪਾੜ ਪੈ ਰਿਹਾ ਹੋਵੇ। ਇਕ ਪਾਸੇ ਮੈਂ ਖੜ੍ਹੀ ਹੋਵਾਂ ਤੇ ਦੂਜੇ ਪਾਸੇ ਭਾਪਾ ਜੀ।[17]

ਇੱਥੇ ਲਛਮਣ ਰੇਖਾ ਪ੍ਰਤੀਕ ਹੈ ਦੋ ਸੋਚਾਂ ਵਿਚਲੇ ਵਖਰੇਵੇਂ ਦੀ, ਜਿਸਦੇ ਇਕ ਪਾਸੇ ਆਧੁਨਿਕ ਕਦਰਾਂ-ਕੀਮਤਾਂ ਨੂੰ ਮੰਨਣ ਵਾਲੀ ਪਾਤਰ ਸ਼ੀਰੋ ਖੜ੍ਹੀ ਹੈ ਅਤੇ ਦੂਜੇ ਪਾਸੇ ਸਾਮੰਤਕੀ ਕਦਰਾਂ-ਕੀਮਤਾਂ ਅਤੇ ਮਨੂੰਵਾਦੀ ਸੋਚ ਦਾ ਧਾਰਨੀ ਪਿਤਾ ਜਾਗੀਰ ਸਿੰਘ ਖੜ੍ਹਾ ਹੈ। ਕਹਾਣੀ ਵਿੱਚ ਇਕ ਹੋਰ ਤੀਜੀ ਧਿਰ ਪਾਤਰ ਸ਼ੀਰੋ ਦੀ ਮਾਂ ਹੈ, ਜਿਹੜੀ ਇਹਨਾਂ ਦੋ ਸੋਚਾਂ, ਦੋ ਧਿਰਾਂ ਵਿਚਾਲੇ ਪਿਸ ਰਹੀ ਹੈ। ਮਾਂ ਪਾਤਰ ਨਾ ਤਾਂ ਆਪਣੀ ਧੀ ਨਾਲੋਂ ਕੋਈ ਭਾਵਾਤਮਕ ਅਤੇ ਸਮਾਜਿਕ ਰਿਸ਼ਤਾ ਤੋੜ ਸਕਦੀ ਹੈ ਅਤੇ ਨਾ ਹੀ ਪਤੀ ਦੀ ਜਗੀਰੂ ਸੱਤਾ ਦਾ ਵਿਰੋਧ ਕਰ ਸਕਦੀ ਹੈ। ਉਹ ਬਾਹਰੀ ਤੌਰ 'ਤੇ ਭਾਵੇਂ ਆਪਣੇ ਪਤੀ ਨਾਲ ਜੁੜੀ ਰਹਿੰਦੀ ਹੈ ਪਰ ਅੰਦਰੂਨੀ ਰੂਪ ਵਿੱਚ ਉਸਦੀ ਡੂੰਘੀ ਸਾਂਝ ਆਪਣੀ ਧੀ ਨਾਲ ਹੈ। ਜੇਕਰ ਉਹ ਪਿੱਤਰਸੱਤਾ ਦੁਆਰਾ ਨਿਰਧਾਰਿਤ ਸੀਮਾਵਾਂ ਨੂੰ ਉਲੰਘਣ ਵਾਲੀ ਧੀ ਦਾ ਸਾਥ ਦਿੰਦੀ ਤਾਂ ਸ਼ਾਇਦ ਉਸਨੂੰ ਵੀ ਸਾਮੰਤੀ ਮਾਨਸਿਕਤਾ ਵਾਲੇ ਪਤੀ ਵੱਲੋਂ ਘਰੋਂ ਕੱਢ ਦਿੱਤਾ ਜਾਂਦਾ। ਇਸ ਲਈ ਮਾਂ ਪਾਤਰ ਪ੍ਰਤੱਖ ਰੂਪ ਵਿੱਚ ਸਥਾਪਤੀ ਦਾ ਵਿਰੋਧ ਕਰਨ ਦੀ ਬਜਾਇ ਆਪਣੀ ਧੀ ਦਾ ਅਪ੍ਰਤੱਖ ਰੂਪ ਵਿੱਚ ਸਾਥ ਦੇ ਕੇ ਮੂਕ ਪੱਧਰ 'ਤੇ ਸਥਾਪਿਤ ਨਿਜ਼ਾਮ ਪ੍ਰਤੀ ਆਪਣਾ ਵਿਰੋਧ ਦਰਜ ਕਰਵਾਉਂਦੀ ਹੈ। ਉਹ ਆਪਣੀ ਧੀ ਦੇ ਅੰਤਰਜਾਤੀ ਵਿਆਹ ਨੂੰ ਦਿਲੋਂ ਸਵੀਕਾਰਦੀ ਅਤੇ ਪ੍ਰਵਾਨਗੀ ਦਿੰਦੀ ਹੈ। ਕਹਾਣੀ ਦੇ ਅੰਤ ਵਿੱਚ ਵਿਆਹ ਤੋਂ ਕਈ ਸਾਲ ਬਾਅਦ ਪੇਕੇ ਘਰ ਮਿਲਣ ਆਈ ਪਾਤਰ ਸ਼ੀਰੋ ਬੇਸ਼ੱਕ ਇਹ ਚਾਹੁੰਦੀ ਹੈ ਕਿ ਉਸਦੀ ਮਾਂ ਉਸ ਨੂੰ ਕੁਵੇਲੇ ਘਰੋਂ ਨਾ ਤੁਰਨ ਦੇਵੇ ਅਤੇ ਆਪਣੇ ਕੋਲ ਰਾਤ ਠਹਿਰਣ ਲਈ ਕਹੇ, ਪਰ ਮਾਂ ਅਜਿਹਾ ਨਹੀਂ ਕਰਦੀ :

ਉਸ ਮੇਰੇ ਵੱਲ ਦੇਖਿਆ ਸੀ। ਫੇਰ ਦੇਖਿਆ ਸੀ। ਸਿਰ ਤੋਂ ਪੈਰਾਂ ਤੀਕ। ਹੱਥ 'ਚ ਫੜੇ ਬੈੱਗ ਨੂੰ ਵੀ। ਉਹ ਮੂੰਹੋਂ ਕੁਝ ਨਹੀਂ ਫੁਟੀ ਸੀ। ਸੁੰਨਵੱਟਾ ਬਣੀ ਰਹੀ ਸੀ।[18]

ਮਾਂ ਦੀ ਚੁੱਪੀ ਪਿੱਤਰੀ ਸਮਾਜ-ਸਭਿਆਚਾਰਕ ਪ੍ਰਬੰਧ ਦੀ ਸੀਮਾਵਾਂ ਵਿੱਚ ਜਕੜੀ ਉਸ ਔਰਤ ਦੀ ਬੇਬਸੀ ਅਤੇ ਲਾਚਾਰਗੀ ਨੂੰ ਦਰਸਾਉਂਦੀ ਹੈ ਜਿਹੜੀ ਮਰਦ ਦੀ ਜਗੀਰੂ ਸੱਤਾ ਦੇ ਭੈਅ ਹੇਠ ਜੀਅ ਰਹੀ ਹੈ।

ਸੁਖਵੰਤ ਕੌਰ ਮਾਨ ਦੀ ਕਹਾਣੀ 'ਮੱਕੜੀਆਂ' ਜਿਸਨੂੰ ਕਹਾਣੀਕਾਰ ਨੇ ਦੋ ਭਾਗਾਂ ਵਿੱਚ ਵੰਡਿਆ ਹੈ-ਮੱਕੜੀਆਂ-1 ਅਤੇ ਮੱਕੜੀਆਂ-2, ਦੋ ਪੀੜ੍ਹੀਆਂ ਦੀਆਂ ਔਰਤਾਂ ਦੇ ਮਾਨਸਿਕ ਵਖਰੇਵੇਂ ਅਤੇ ਜੀਵਨ ਵਿਹਾਰ ਨੂੰ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਸਾਰੀ ਕਹਾਣੀ ਪ੍ਰੰਪਰਕ ਕਦਰਾਂ-ਕੀਮਤਾਂ ਦੀ ਧਾਰਨੀ ਪਾਤਰ ਮਾਂ ਅਤੇ ਨਵੀਂ ਪੀੜ੍ਹੀ ਦੀ ਆਧੁਨਿਕ ਖਿਆਲਾਂ ਵਾਲੀ ਪਾਤਰ ਬੇਬੀ (ਧੀ) ਦੇ ਆਪਸੀ ਰਿਸ਼ਤੇ ਵਿਚਲੇ

ਤਣਾਉ ਉੱਤੇ ਕੇਂਦਰਿਤ ਹੈ। ਪਾਤਰ ਮਾਂ ਆਪਣੇ ਪਤੀ ਤੋਂ ਬਿਨਾਂ ਸਾਰੀ ਉਮਰ ਰੀਝਾਂ ਨੂੰ ਮਾਰ ਕੇ ਇਕੱਲਿਆਂ ਜੀਵਨ ਬਤੀਤ ਕਰਨ ਦੇ ਨਾਲ-ਨਾਲ ਆਪਣੀ ਧੀ ਨੂੰ ਪਾਲਦੀ, ਪੜ੍ਹਾਉਂਦੀ ਅਤੇ ਉਸਨੂੰ ਸਾਰੀਆਂ ਖ਼ੁਸ਼ੀਆਂ ਪ੍ਰਦਾਨ ਕਰਦੀ ਹੈ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਪੈਤਰਿਕ ਮਾਨਸਿਕਤਾ ਕਾਰਨ ਉਹ ਧੀ ਬੇਬੀ ਨੂੰ ਉਹ ਆਜ਼ਾਦੀ ਅਤੇ ਖੁੱਲ੍ਹ ਨਹੀਂ ਦੇ ਸਕਦੀ, ਜਿਸਦੀ ਇੱਛਾ ਧੀ ਕਰਦੀ ਹੈ। ਮਾਂ ਆਪਣੀ ਧੀ ਦੀ ਜ਼ਿੰਦਗੀ ਨੂੰ ਜਿੱਥੇ ਆਪਣੇ ਕੰਟਰੋਲ ਵਿੱਚ ਰੱਖਣਾ ਚਾਹੁੰਦੀ ਹੈ, ਉੱਥੇ ਪਿੱਤਰਕੀ ਸੰਸਕਾਰਾਂ ਨੂੰ ਉਸ ਵਿੱਚ ਭਰਨਾ ਚਾਹੁੰਦੀ ਹੈ। ਦੂਜੇ ਪਾਸੇ ਪਾਤਰ ਬੇਬੀ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਊਣਾ ਚਾਹੁੰਦੀ ਹੈ। ਉਸਨੂੰ ਇਹ ਗੱਲ ਹਰਗਿਜ਼ ਮਨਜ਼ੂਰ ਨਹੀਂ ਕਿ ਮਾਂ ਆਪਣੀ ਇੱਛਾ ਨੂੰ ਉਸ ਉੱਪਰ ਥੋਪੇ। ਮਾਂ ਆਪਣੀ ਧੀ ਦੇ ਵਿਆਹ ਦਾ ਫੈਸਲਾ ਖ਼ੁਦ ਕਰਨਾ ਚਾਹੁੰਦੀ ਹੈ ਜਦੋਂਕਿ ਨਵੀਂ ਪੀੜ੍ਹੀ ਦੀ ਧੀ ਲਈ ਵਿਆਹ ਜਿਹੀ ਪਿੱਤਰਕੀ ਸੰਸਥਾ ਕੋਈ ਅਰਥ ਨਹੀਂ ਰੱਖਦੀ। ਉਹ ਬਿਨਾਂ ਵਿਆਹ ਦੇ ਆਪਣੇ ਬੁਆਏ ਫਰੈਂਡ ਬਿੰਨੇ ਨਾਲ ਰਹਿੰਦੀ ਹੋਈ ਆਪਣੀਆਂ ਜਿਨਸੀ ਖ਼ਾਹਿਸ਼ਾਂ ਦੀ ਪੂਰਤੀ ਕਰਦੀ ਹੈ। ਜਦੋਂ ਮਾਂ ਸਭਿਆਚਾਰਕ ਮਰਿਆਦਾਵਾਂ ਨੂੰ ਉਲੰਘ ਕੇ ਆਪ ਮੁਹਾਰਾ ਜੀਵਨ ਜਿਊਂਦੀ ਧੀ ਨੂੰ ਸਮਾਜਿਕ ਦਾਇਰੇ ਵਿੱਚ ਲਿਆਉਣ ਲਈ ਉਸਨੂੰ ਦੋਸਤ ਲੜਕੇ ਨਾਲ ਵਿਆਹ ਕਰਾਉਣ ਦੀ ਸਲਾਹ ਦਿੰਦੀ ਹੈ ਤਾਂ ਅੱਗੋਂ ਧੀ ਦਾ ਬੇਬਾਕ ਜਵਾਬ ਸੁਣ ਕੇ ਹੈਰਾਨ ਰਹਿ ਜਾਂਦੀ ਹੈ :

> ਬੇਬੀ ਤੈਨੂੰ ਬਿੰਨੇ ਪਸੰਦ ਏ ਨਾ, ਤੇਰਾ ਵਿਆਹ ਕਰ ਦੇਈਏ ਬਿੰਨੇ ਨਾਲ?,
> "ਮਾਈ ਫ਼ੁੱਟ.....! ਹੀ ਇਜ਼ ਜਸਟ ਮਾਈ ਬੁਆਏ ਫਰੈਂਡ" "ਮੈਂ ਧੁਰ ਤੱਕ ਕੰਬ ਜਾਂਦੀ ਹਾਂ....।"[19]

ਮਾਂ-ਧੀ ਦੇ ਉਪਰੋਕਤ ਵਾਰਤਾਲਾਪ ਵਿੱਚੋਂ ਦੋ ਪੀੜੀਆਂ ਦੀਆਂ ਔਰਤਾਂ ਦੀ ਸੋਚ ਅਤੇ ਚੇਤਨਾ ਵਿਚਲਾ ਫਰਕ ਸਪੱਸ਼ਟ ਦਿਖਾਈ ਦੇ ਰਿਹਾ ਹੈ। ਪਿੱਤਰਕੀ ਨੈਤਿਕ ਕਦਰਾਂ-ਕੀਮਤਾਂ ਅਤੇ ਸਭਿਆਚਾਰਕ ਮਰਿਆਦਾਵਾਂ ਦੀ ਪਾਲਣਾ ਕਰਨ ਵਾਲੀ ਪਿਛਲੀ ਪੀੜ੍ਹੀ ਦੀ ਪਾਤਰ ਮਾਂ ਆਪਣੀ ਸੀਮਤ ਚੇਤਨਾ ਕਾਰਨ ਇਹ ਸੋਚ ਵੀ ਨਹੀਂ ਸਕਦੀ ਕਿ ਉਸ ਦੀ ਧੀ ਕਿਸੇ ਮੁੰਡੇ ਨਾਲ ਬਿਨਾਂ ਵਿਆਹ ਦੇ ਰਹੀ ਜਾਵੇ। ਔਰਤ-ਮਰਦ ਜੈਵਿਕ ਸੰਬੰਧ ਪ੍ਰਾਕ੍ਰਿਤੀ ਪੱਖ ਤੋਂ ਤਾਂ ਭਾਵੇਂ ਸੁਤੰਤਰ ਹਨ ਪਰ ਪਿੱਤਰਕੀ ਸਮਾਜ ਇਹਨਾਂ ਸੰਬੰਧਾਂ ਨੂੰ ਮਨ-ਇੱਛਿਤ ਢੰਗ ਨਾਲ ਮਾਨਣ ਦੀ ਇਜ਼ਾਜਤ ਨਹੀਂ ਦਿੰਦਾ। ਔਰਤ–ਮਰਦ ਦੀ ਕਾਮੁਕ ਬੇਮੁਹਾਰਤਾ ਨੂੰ ਇਕ ਦਾਇਰੇ ਵਿੱਚ ਬੰਨਣ ਲਈ ਤਾਂ ਵਿਆਹ ਜਿਹੀ ਪਿੱਤਰੀ ਸੰਸਥਾ ਦਾ ਨਿਰਮਾਣ ਹੋਇਆ ਹੈ। ਮਾਂ ਖ਼ੁਦ ਇਹਨਾਂ ਸੀਮਾਵਾਂ ਦੀ ਅਹਿਮੀਅਤ ਨੂੰ ਸਵੀਕਾਰਦੀ ਹੈ ਅਤੇ ਜਿਨਸੀ ਸੰਬੰਧਾਂ ਨੂੰ ਵਿਆਹ ਦੇ ਪ੍ਰਸੰਗ ਵਿੱਚ ਰੱਖ ਕੇ ਸੋਚਦੀ ਹੋਈ ਦੋਹਾਂ ਧਿਰਾਂ ਲਈ ਇਸ ਨੂੰ ਜ਼ਰੂਰੀ ਮੰਨਦੀ ਹੈ। ਪੈਤਰਿਕ ਮਾਨਸਿਕ ਕਾਰਨ ਉਹ ਸਮਾਜਿਕ ਦਾਇਰਿਆਂ ਨੂੰ ਤੋੜਨ ਵਾਲੀ ਧੀ ਦੇ ਬੁਆਏ ਫਰੈਂਡ ਬਿੰਨੇ ਨਾਲ ਸੰਬੰਧਾਂ ਨੂੰ ਨਾਜ਼ਾਇਜ ਮੰਨਦੀ ਹੋਈ ਇਸ ਰਿਸ਼ਤੇ ਨੂੰ ਵਿਆਹ

ਦੇ ਰੂਪ ਵਿੱਚ ਪਰਵਰਤਿਤ ਕਰਕੇ ਸਮਾਜਿਕ ਪੱਧਰ ’ਤੇ ਪ੍ਰਵਾਨਿਤ ਕਰਾਉਣਾ ਚਾਹੁੰਦੀ ਹੈ। ਉਸ ਨੂੰ ਜਾਪਦਾ ਹੈ ਕਿ ਉਸਦੀ ਧੀ ਜਿਸ ਤਰ੍ਹਾਂ ਪਿੱਤਰੀ ਸਮਾਜ ਪ੍ਰਬੰਧ ਦੀਆਂ ਨੈਤਿਕ ਕੀਮਤਾਂ ਨੂੰ ਛਿੱਕੇ ’ਤੇ ਟੰਗ ਕੇ ਆਪਮੁਰਾਹੀ ਵਿਚਰ ਰਹੀ ਹੈ ਇਸ ਨਾਲ ਉਸਦੀ ਸਮਾਜਿਕ ਬਦਨਾਮੀ ਦੇ ਨਾਲ-ਨਾਲ ਭਵਿੱਖੀ ਜੀਵਨ ਵਿੱਚ ਕੋਈ ਵੱਡਾ ਸੰਕਟ ਖੜਾ ਹੋ ਸਕਦਾ ਹੈ। ਪਾਤਰ ਮਾਂ ਅੰਦਰਲਾ ਇਹ ਡਰ ਉਸਦੀ ਮਨੋਬਚਨੀ ਰਾਹੀਂ ਉਜਾਗਰ ਹੋ ਰਿਹਾ ਹੈ :

> “ਸਿਚੂਏਸ਼ਨ ਹੀ ਕੁਝ ਐਸੀ ਸੀ.... ਪਰ ਮੈਨੂੰ ਸ਼ਰਮ ਹੋ ਰਹੀ ਸੀ....। ਸੋਚ ਰਹੀ ਸਾਂ, ਕੀ ਸੋਚੇਗਾ ਇਹ ਮੁੰਡਾ ਕਿ ਕੁੜੀ ਨੂੰ ਇੰਨੀ ਆਜ਼ਾਦੀ।”
>
> “ਹੇ ਵਾਹਿਗੁਰੂ ਜੇ ਧੀਆਂ ਜੰਮਣ ਤਾਂ ਮਾਪੇ ਵੀ ਨਾ ਨਿਭਣ.... ਪਰ ਏਥੇ ਤਾਂ ਧੂਣੀਆਂ ਨੂੰ ਹੀ ਅੱਗ ਲੱਗ ਗਈ।”[20]

ਮਾਂ ਦੀ ਸੋਚ ਦੇ ਉਲਟ ਧੀ ਪਰਿਵਾਰ, ਵਿਆਹ, ਰਿਸ਼ਤੇ-ਨਾਤੇ ਆਦਿ ਪਿੱਤਰਸੱਤਾਤਮਕ ਸੰਸਥਾਵਾਂ ਨੂੰ ਨਾਰੀ ਸ਼ੋਸ਼ਣ ਦੇ ਕੇਂਦਰ ਵਜੋਂ ਦੇਖਦੀ ਹੋਈ ਇਹਨਾਂ ਦੀ ਹੋਂਦ ਅਤੇ ਮਹੱਤਤਾ ਨੂੰ ਮੁੱਢੋਂ ਰੱਦ ਕਰਦੀ ਹੈ। ਉਹ ਨਾ ਤਾਂ ਰਿਸ਼ਤਿਆਂ ਵਿਚਲੀ ਕਿਸੇ ਭਾਵੁਕਤਾ ਨਾਲ ਜੁੜਨਾ ਚਾਹੁੰਦੀ ਹੈ ਅਤੇ ਨਾ ਹੀ ਆਪਣੀਆਂ ਨਿੱਜੀ ਖ਼ਾਹਿਸ਼ਾਂ ਅਤੇ ਖ਼ੁਸ਼ੀਆਂ ਲਈ ਜ਼ਿੰਦਗੀ ਵਿੱਚ ਕਿਸੇ ਦੀ ਦਖ਼ਲਅੰਦਾਜੀ ਨੂੰ ਪਸੰਦ ਕਰਦੀ ਹੈ। ਇਸੇ ਸੰਵੇਦਨਾ ਕਰਕੇ ਹੀ ਉਹ ਦੋਸਤ ਬਿੰਨ੍ਹੇ ਰਾਹੀਂ ਕਾਮੁਕ ਲੋੜਾਂ ਦੀ ਪੂਰਤੀ ਤਾਂ ਕਰਦੀ ਹੈ ਪਰ ਉਸ ਨਾਲ ਵਿਆਹ ਕਰਵਾ ਕੇ ਕਿਸੇ ਪ੍ਰਤੀਬੱਧ ਰਿਸ਼ਤੇ ਵਿੱਚ ਨਹੀਂ ਬੱਝਣਾ ਚਾਹੁੰਦੀ। ਇਸ ਲਈ ਉਹ ਆਪਣਾ ਆਜ਼ਾਦ ਜੀਵਨ ਜਿਊਣ ਲਈ ਮਾਂ ਦਾ ਘਰ ਛੱਡ ਕੇ ਚਲੀ ਜਾਂਦੀ ਹੈ। ਇਸ ਪ੍ਰਕਾਰ ਇਸ ਕਹਾਣੀ ਦੀ ਪਾਤਰ ਬੇਬੀ ਆਧੁਨਿਕ ਨਾਰੀ ਦਾ ਸੁਚੇਤ ਰੂਪ ਤਾਂ ਹੈ ਹੀ ਨਾਲ ਹੀ ਪਰੰਪਰਾ ਦੇ ਟੁੱਟਣ ਦਾ ਆਰੰਭ ਵੀ ਹੈ।

ਅਜਮੇਰ ਸਿੱਧੂ ਦੀ ਕਹਾਣੀ ‘ਇਸ ਵਾਰ ਨਹੀਂ...’ ਦਾ ਸਿਰਲੇਖ ਸਦੀਆਂ ਤੋਂ ਹਾਸ਼ੀਏ ਤੇ ਜੀਅ ਰਹੀ ਨਾਰੀ ਅੰਦਰ ਆਪਣੀ ਸਥਿਤੀ ਪ੍ਰਤੀ ਪੈਦਾ ਹੋਈ ਚੇਤਨਾ ਦੇ ਫਲਸਰੂਪ ਪਿੱਤਰਸੱਤਾਤਮਕ ਮੁੱਲਾਂ ਨੂੰ ਮੰਨਣ ਤੋਂ ਇਨਕਾਰੀ ਹੋਣ ਵੱਲ ਸੰਕੇਤ ਕਰਦਾ ਹੈ। ਕਹਾਣੀ ਵਿੱਚ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਵਿੱਚ ਹਰੇਕ ਪੀੜ੍ਹੀ ਦੀ ਇਕ ਔਰਤ ਨੂੰ ਰੰਡੇਪਾ ਕੱਟਣ ਦੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ ਪੀੜ੍ਹੀ ਦੀ ਜਵਾਨੀ ਵਿੱਚ ਵਿਧਵਾ ਹੋਈ ਪਾਤਰ ਕਰਤਾਰ ਕੌਰ ਹੈ ਜਿਹੜੀ ਕਿ ਤੀਜੀ ਪੀੜ੍ਹੀ ਦੀ ਵਿਧਵਾ ਪਾਤਰ ਰੂਪਾਲੀ ਦੀ ਦਾਦੀ ਹੈ। ਦਾਦੀ ਕਰਤਾਰ ਕੌਰ ਦੀ ਜ਼ੁਬਾਨੀ ਹੀ ਇਹ ਸਾਰੀ ਕਹਾਣੀ ਉਸਾਰੀ ਗਈ ਹੈ। ਦੋ ਮੁੰਡਿਆਂ ਦੀ ਮਾਂ ਕਰਤਾਰ ਕੌਰ ਦੀਆਂ ਰੀਝਾਂ ਵੀ ਪੂਰੀਆਂ ਨਹੀਂ ਹੋਈਆਂ ਸਨ ਕਿ ਉੱਨੀ-ਵੀਹ ਸਾਲ ਦੀ ਉਮਰ ਵਿੱਚ ਉਹ ਵਿਧਵਾ ਹੋ ਜਾਂਦੀ ਹੈ। ਜਵਾਨ ਪੁੱਤ ਦੀ ਮੌਤ ਹੋ ਜਾਣ ਕਾਰਨ ਸਹੁਰੇ ਪਰਿਵਾਰ ਲਈ ਉਹ ‘ਡੈਣ’ ਅਤੇ

'ਮਨਹੂਸ' ਬਣ ਗਈ ਸੀ। ਕਰਤਾਰ ਕੌਰ ਦੇ ਮਾਪੇ ਅਤੇ ਪਿੰਡ ਦੀ ਪੰਚਾਇਤ ਚਾਹੁੰਦੇ ਹਨ ਕਿ ਵਿਧਵਾ ਕਰਤਾਰ ਕੌਰ ਨੂੰ ਉਸਦੇ ਦਿਉਰ ਜਗਤ ਸਿੰਘ ਦੇ ਘਰ ਬਿਠਾ ਦਿੱਤਾ ਜਾਵੇ, ਪਰ ਉਸ ਦਾ ਸਹੁਰਾ ਨੱਥਾ ਸਿੰਘ ਅਤੇ ਗੁਰਦੁਆਰੇ ਦਾ ਪ੍ਰਧਾਨ ਜਥੇਦਾਰ ਸਰੂਪ ਸਿੰਘ ਖਾਨਦਾਨ ਦੀਆਂ ਚਲੀਆਂ ਆ ਰਹੀਆਂ ਰੀਤਾਂ ਦਾ ਹਵਾਲੇ ਦੇ ਕੇ ਇਸ ਦਲੀਲ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ :

> "ਸਾਡੇ ਖਾਨਦਾਨ ਵਿੱਚ ਕੁੜੀ ਦੂਜੀ ਵਾਰ ਵਿਆਹੀ ਨਈਂ ਜਾਂਦੀ ਅਤੇ ਨਾ ਹੀ ਬਹੂ ਕਿਸੇ ਦੇ ਬਿਠਾਈ ਜਾਂਦੀ ਆ। ਇਹ ਜੋਧਪੁਰ ਦੇ ਪਰਮਾਰਾਂ ਦਾ ਖਾਨਦਾਨ ਏ ਰਾਜਪੂਤ ਕੁਲ 'ਚੋਂ ਆ।"[21]

ਕਹਾਣੀਕਾਰ ਇੱਥੇ ਪਿੱਤਰਕੀ ਪ੍ਰਬੰਧ ਦੇ ਉਸ ਕਠੋਰ ਸੱਚ ਨੂੰ ਸਾਹਮਣੇ ਲਿਆਉਂਦਾ ਹੈ ਜਿੱਥੇ ਪ੍ਰਚਲਿਤ ਪਿੱਤਰਕੀ ਪ੍ਰੰਪਰਾਵਾਂ ਨੂੰ ਵੱਧ ਤਰਜੀਹ ਦੇ ਕੇ ਔਰਤ ਦੀਆਂ ਰੀਝਾਂ ਅਤੇ ਉਸਦੇ ਸਮੁੱਚੇ ਜੀਵਨ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ। ਵਿਧਵਾ ਪਾਤਰ ਕਰਤਾਰ ਕੌਰ ਪਿੱਤਰਕੀ ਸਮਾਜਿਕ ਵਿਵਸਥਾ ਦੇ ਕੱਟੜ ਨਿਯਮ-ਵਿਧਾਨ ਕਾਰਨ ਦੋਹਰਾ-ਤੀਹਰਾ ਸੰਤਾਪ ਝੱਲਣ ਲਈ ਮਜ਼ਬੂਰ ਕਰ ਦਿੱਤੀ ਜਾਂਦੀ ਹੈ। ਬੇਸ਼ੱਕ ਪੇਕਿਆਂ ਅਤੇ ਪੰਚਾਇਤ ਵੱਲੋਂ ਜ਼ੋਰ ਪਾਉਣ 'ਤੇ ਸਹੁਰੇ ਪਰਿਵਾਰ ਦੁਆਰਾ ਉਸ ਨੂੰ ਆਪਣੇ ਦੋਵਾਂ ਪੁੱਤਾਂ ਸਮੇਤ ਪਸ਼ੂਆਂ ਵਾਲੀ ਹਵੇਲੀ ਵਿੱਚ ਰਹਿਣ ਲਈ ਆਸਰਾ ਦਿੱਤਾ ਜਾਂਦਾ ਹੈ, ਪਰ ਨਾਲ ਹੀ ਉਸ ਪਾਸੋਂ ਵਿਧਵਾ ਵਾਲਾ ਸਾਦਾ, ਰੰਗਹੀਣ ਅਤੇ ਖ਼ੁਸ਼ੀਆਂ ਤੋਂ ਸੱਖਣਾ ਜੀਵਨ ਜਿਊਣ ਲਈ ਤਵੱਕੋਆਤ ਕੀਤੀ ਜਾਂਦੀ ਹੈ। ਪਿੱਤਰਕੀ ਪ੍ਰਬੰਧ ਹੱਥੋਂ ਸਤਾਈ ਜਾਣ ਅਤੇ ਆਪਣੀਆਂ ਅਤ੍ਰਿਪਤ ਕਾਮਨਾਵਾਂ ਦੇ ਅਧੂਰੇਪਣ ਕਾਰਨ ਕਰਤਾਰ ਕੌਰ ਅੰਦਰਲਾ ਰੋਹ ਮਾਨਸਿਕ ਵਿਗਾੜ ਦਾ ਰੂਪ ਧਾਰਣ ਕਰਕੇ ਬਾਹਰ ਨਿਕਲਦਾ ਹੈ। ਪਾਤਰ ਕਰਤਾਰ ਕੌਰ ਆਪਣੀ ਮਨੋਸਥਿਤੀ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀ ਹੈ :

> ਰਾਤ ਨੂੰ ਸੁੱਤ ਉਣੀਂਦੀ ਹੁੰਦੀ। ਰੋਸ਼ਨੀ ਜਗਮਗਾਂਦੀ। ਮਰਦਊ ਅੱਖਾਂ ਮੇਰੇ 'ਤੇ ਗੱਡੀਆਂ ਜਾਂਦੀਆਂ। ਮੈਂ ਤੁਰ ਪੈਂਦੀ। ਕਿਸੇ ਦੇ ਨਾਲ ਜਾ ਪੈਂਦੀ। ਵਹੁਟੀ ਬਣ ਗਾਉਣ ਲਗਦੀ। ...ਸੁੱਤੇ ਪਏ ਬੱਚਿਆਂ ਨਾਲ ਲਿਪਟ ਜਾਂਦੀ। ...ਕੱਪੜਿਆਂ ਵਿੱਚ ਮੂੰਹ ਦੇ ਕੇ ਰੋਣ ਲੱਗ ਪੈਂਦੀ। ਮੈਂ ਸਚਮੁੱਚ ਪਾਗਲ ਹੋ ਗੀ ਸੀ।[22]

ਮਨੋਵਿਗਿਆਨਕ ਪੱਖ ਤੋਂ ਪਾਤਰ ਕਰਤਾਰ ਕੌਰ ਦਾ ਉਪਰੋਕਤ ਵਿਹਾਰ ਉਸ ਦੀਆਂ ਦਮਿਤ ਪ੍ਰਾਕ੍ਰਿਤਕ ਇੱਛਾਵਾਂ ਦੀ ਉਪਜ ਹੈ। ਕਰਤਾਰ ਕੌਰ ਜ਼ਿੰਦਗੀ ਨੂੰ ਭਰਪੂਰਤਾ ਸਹਿਤ ਜਿਊਣਾ ਚਾਹੁੰਦੀ ਹੈ ਪਰ ਪਿੱਤਰੀ ਸਭਿਆਚਾਰਕ ਵਰਜਣਾਵਾਂ ਉਸਨੂੰ ਨਿਰਧਾਰਿਤ ਸੀਮਾਵਾਂ ਵਿੱਚ ਵਿਚਰਣ ਲਈ ਜ਼ੋਰ ਪਾਉਂਦੀਆਂ ਹਨ।

ਕਹਾਣੀ ਦੀਆਂ ਹੇਠਲੀਆਂ ਸਤਰਾਂ ਉਸ ਅੰਦਰ ਚੱਲ ਰਹੇ ਇਸ ਅੰਤਰਹੀਣ ਦਵੰਦ ਨੂੰ ਰੂਪਮਾਨ ਕਰਦੀਆਂ ਹਨ :

> ਪਹਿਲਾਂ ਤਾਂ ਮੇਰਾ ਚਿੱਤ ਕੀਤਾ, ਰਹਿਣ ਦਿਆਂ। ਆਪਣੀ ਰੀਝ ਪੂਰੀ ਕਰਾਂ। ...ਬਗ਼ਾਵਤ ਕਰ ਦੇਮਾਂ। ਤੋੜ ਦੇਮਾਂ ਇਹ ਸਭ ਜੋਧਪੁਰ ਦੇ ਪਰਮਾਰ ਖਾਨਦਾਨ ਦੀਆਂ ਰੀਤਾਂ। ਪਰ ਇਹ ਤਾਂ ਸ਼ੇਖ ਚਿੱਲੀ ਦੇ ਸੁਪਨੇ ਸਨ।[23]

ਪਾਤਰ ਕਰਤਾਰ ਕੌਰ ਚਾਹੁੰਦੀ ਤਾਂ ਪਿੱਤਰਕੀ ਸਮਾਜਿਕ ਵਿਵਸਥਾ ਦਾ ਵਿਰੋਧ ਕਰ ਸਕਦੀ ਸੀ ਪਰ ਪ੍ਰਸਥਿਤੀਆਂ ਉਸਨੂੰ ਅਜਿਹਾ ਕਰਨ ਤੋਂ ਵਰਜਦੀਆਂ ਹਨ। ਆਪਣੀਆਂ ਪ੍ਰਾਕ੍ਰਿਤਕ ਲੋੜਾਂ ਬਾਰੇ ਚੇਤੰਨ ਹੋਣ ਦੇ ਬਾਵਜੂਦ ਅਜਿਹੇ ਪ੍ਰਬੰਧ ਦੀ ਵਿਰੋਧਤਾ ਜਾਂ ਬਗਾਵਤ ਨਾ ਕਰਨ ਦਾ ਇਕ ਕਾਰਨ ਉਸਦਾ ਆਰਥਿਕ ਪੱਖੋਂ ਸਹੁਰੇ ਪਰਿਵਾਰ ਉੱਪਰ ਨਿਰਭਰ ਹੋਣਾ ਵੀ ਹੈ। ਨਾਰੀਵਾਦ ਔਰਤ ਦੀ ਆਰਥਿਕ ਪੱਖੋਂ ਪਰ ਨਿਰਭਰਤਾ ਨੂੰ ਵੀ ਉਸਦੀ ਹਾਸ਼ਿਆਕ੍ਰਿਤ ਸਥਿਤੀ ਅਤੇ ਗ਼ੁਲਾਮੀ ਲਈ ਜ਼ਿੰਮੇਵਾਰ ਮੰਨਦਾ ਹੈ। ਇਸੇ ਲਈ ਮਾਰਕਸਵਾਦੀ-ਸਮਾਜਵਾਦੀ ਨਾਰੀਵਾਦੀ ਔਰਤ ਦੀ ਸਿੱਖਿਆ ਅਤੇ ਆਰਥਿਕ ਸੁਤੰਤਰਤਾ ਵਿੱਚ ਔਰਤ ਦੀ ਆਜ਼ਾਦੀ ਦੇਖਦੇ ਹਨ। ਸਹੁਰੇ ਪਰਿਵਾਰ ਉੱਤੇ ਆਸ਼ਰਿਤ ਕਰਤਾਰ ਕੌਰ ਆਪਣੇ ਕਿਸੇ ਵੀ ਗੈਰ ਸਮਾਜਿਕ ਅਤੇ ਗੈਰ ਮਰਿਯਾਦਤ ਕਰਮ ਦੇ ਕਾਰਨ ਆਪਣਾ ਤੇ ਆਪਣੇ ਬੱਚਿਆਂ ਦਾ ਜੀਵਨ ਕਿਸੇ ਸੰਕਟ ਵਿੱਚ ਨਹੀਂ ਪਾਉਣਾ ਚਾਹੁੰਦੀ। ਆਪਣੀਆਂ ਰੀਝਾਂ ਅਤੇ ਕਾਮਨਾਵਾਂ ਨੂੰ ਦਬਾਉਂਦੀ ਹੋਈ ਉਹ ਆਪਣੇ ਦੋਵਾਂ ਮੁੰਡਿਆਂ ਨੂੰ ਪਾਲਦੀ, ਪੜ੍ਹਾਉਂਦੀ ਹੈ। ਉਸਦਾ ਵੱਡਾ ਮੁੰਡਾ ਬਲਵਿੰਦਰ ਜਦੋਂ ਸਰਕਾਰੀ ਨੌਕਰੀ ਲੱਗ ਜਾਂਦਾ ਹੈ ਤਾਂ ਉਹ ਉਸਦਾ ਵਿਆਹ ਬੜੇ ਚਾਵਾਂ-ਰੀਝਾਂ ਨਾਲ ਕਰਦੀ ਹੈ। ਬਲਵਿੰਦਰ ਦੀ ਵਹੁਟੀ ਚਰਨਜੀਤ ਜਦੋਂ ਸੱਜਦੀ-ਫੱਬਦੀ ਤਾਂ ਕਰਤਾਰ ਕੌਰ ਅੰਦਰ ਵੀ ਆਪਣੀ ਨੂੰਹ ਵਾਂਗ ਜਿਊਣ ਦੀ ਚਿਰਾਂ ਤੋਂ ਦੱਬੀ ਹੋਈ ਖ਼ਾਹਿਸ਼ ਮੁੜ ਸਿਰ ਚੁੱਕਦੀ। ਵਿਧਵਾ ਵਾਲਾ ਜੀਵਨ ਜਿਊਣ ਤੋਂ ਅੱਕ ਚੁੱਕੀ ਕਰਤਾਰ ਕੌਰ ਜਦੋਂ ਸੱਜ-ਸੰਵਰ ਕੇ ਆਪਣੇ ਜੀਵਨ ਵਿੱਚ ਥੁੜਚਿਰੀ ਖ਼ੁਸ਼ੀ ਭਰਨ ਵੱਲ ਅਹੁਲਦੀ ਹੈ ਤਾਂ ਉਸਨੂੰ ਆਪਣੇ ਛੋਟੇ ਪੁੱਤਰ ਬਹਾਦਰ ਸਮੇਤ ਸਮੁੱਚੇ ਭਾਈਚਾਰੇ ਦੇ ਗੁੱਸੇ ਅਤੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਸਮੇਂ ਕਰਤਾਰ ਕੌਰ ਅੰਦਰਲੀ ਚੇਤੰਨ ਨਾਰੀ ਔਰਤ ਨੂੰ ਵਸਤੂ ਬਣਾ ਦੇਣ ਵਾਲੇ ਪਿੱਤਰਕੀ ਪ੍ਰਬੰਧ ਉੱਤੇ ਕਟਾਖ਼ਸ਼ ਕਰਦੀ ਹੋਈ ਆਪਣਾ ਵਿਰੋਧ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

> ਬੰਦਾ ਕਿੱਥੇ ਡੁੱਬ ਮਰੇ। ਜ਼ਨਾਨੀ ਆਹ ਨਾ ਕਰੇ। ਉਹ ਨਾ ਕਰੇ। ਇੱਦਾਂ ਨਾ ਚੱਲੇ। ਓਦਾਂ ਨਾ ਦੇਖੇ। ਮੇਰਾ ਚਿੱਤ ਕਰਦੈ, ਕੋਠੇ ਚੜ੍ਹਕੇ ਰੌਲਾ ਪਾਮਾਂ। ਕਹਾਂ ਲੋਕੋਂ ਮੈਨੂੰ ਜੀਣ ਦਿਓ। ਮੈਂ ਜੀਣਾ ਚਾਹੁੰਦੀ ਆਂ।[24]

ਬਿਰਤਾਂਤ ਵਿੱਚ ਪਾਤਰ ਕਰਤਾਰ ਕੌਰ ਅੰਦਰਲਾ ਚਿਰਾਂ ਤੋਂ ਦੱਬਿਆ ਆਕ੍ਰੋਸ਼ ਉਸ ਸਮੇਂ ਬਾਹਰ ਨਿਕਲਦਾ ਹੈ ਜਦੋਂ ਉਹ ਆਪਣੇ ਪੁੱਤ ਬਲਵਿੰਦਰ ਦੀ ਮੌਤ ਮਗਰੋਂ ਆਪਣੇ ਵਾਂਗ ਹੀ ਜਵਾਨੀ ਵਿੱਚ ਵਿਧਵਾ ਹੋਈ ਨੂੰਹ ਚਰਨਜੀਤ ਨੂੰ ਆਪਣੇ ਛੋਟੇ ਪੁੱਤ ਬਹਾਦਰ ਦੇ ਘਰ ਬਿਠਾਉਣ ਲਈ ਸਮੁੱਚੇ ਭਾਈਚਾਰੇ ਸਾਹਮਣੇ ਅੜ ਜਾਂਦੀ ਹੈ। ਉਹ ਆਪਣੀ ਨੂੰਹ ਦੀ ਜਵਾਨੀ ਅਤੇ ਰੀਝਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਚੱਲੀ ਆ ਰਹੀ ਖਾਨਦਾਨੀ ਰੂੜ੍ਹੀਵਾਦੀ ਰੀਤ ਦੀ ਬਲੀ ਨਹੀਂ ਚੜ੍ਹਨ ਦੇਣਾ ਚਾਹੁੰਦੀ। ਉਹ ਭਰੀ ਪੰਚਾਇਤ ਵਿੱਚ ਆਪਣਾ ਇਕ-ਟੁੱਕ ਫੈਸਲਾ ਸੁਣਾਉਂਦੀ ਕਹਿੰਦੀ ਹੈ :

> "ਮੈਂ ਚਰਨਜੀਤ ਨੂੰ ਬਹਾਦਰ ਦੇ ਬਿਠਾਣ ਦਾ ਫ਼ੈਸਲਾ ਕੀਤਾ।"
>
> "ਮੈਂ ਚਰਨਜੀਤ ਦੀ ਜਵਾਨੀ ਨੂੰ ਸਾੜਨਾ ਨ੍ਹੀਂ ਚਾਹੁੰਦੀ।"[25]

ਪਰ ਪਿੱਤਰਕੀ ਪ੍ਰਬੰਧ ਦੇ ਵਿਰੋਧ ਵਿੱਚ ਖੜੀ ਪਾਤਰ ਕਰਤਾਰ ਕੌਰ ਨੂੰ ਦਬਾਉਣ ਲਈ ਸਮੁੱਚਾ ਪਿੱਤਰੀ ਪ੍ਰਬੰਧ ਤਤਪਰ ਹੋ ਜਾਂਦਾ ਹੈ। ਸਾਮੰਤਕੀ ਕਦਰਾਂ-ਕੀਮਤਾਂ ਨੂੰ ਚਲਾਇਮਾਨ ਰੱਖਣ ਵਾਲਾ ਖਾਨਦਾਨ ਇਹ ਕਿਵੇਂ ਬਰਦਾਸ਼ਤ ਕਰ ਲੈਂਦਾ ਕਿ ਇਕ ਔਰਤ ਉਹ ਵੀ ਵਿਧਵਾ ਔਰਤ ਦੂਜੀ ਵਿਧਵਾ ਔਰਤ ਦੀ ਜ਼ਿੰਦਗੀ ਬਾਰੇ ਖ਼ੁਦਮੁਖਤਿਆਰ ਫੈਸਲਾ ਕਰੇ। ਖਾਨਦਾਨੀ ਪ੍ਰੰਪਰਾਵਾਂ ਨੂੰ ਲਾਂਭੇ ਰੱਖ ਕੇ ਕਰਤਾਰ ਕੌਰ ਦੁਆਰਾ ਕੀਤੇ ਗਏ ਸਵੈਇਛੱਤ ਫੈਸਲੇ ਨੂੰ ਉਸਦਾ ਦਿਉਰ ਜਗਤ ਸਿੰਘ ਅਤੇ ਗੁਰਦੁਆਰੇ ਦਾ ਪ੍ਰਧਾਨ ਸਰੂਪ ਸਿੰਘ ਨਾ ਕੇਵਲ ਰੱਦ ਕਰਦੇ ਹਨ ਬਲਕਿ ਇਸ ਫੈਸਲੇ ਨੂੰ ਆਪਣੀਆਂ ਦਲੀਲਾਂ ਰਾਹੀਂ ਗ਼ੈਰ ਸਮਾਜ-ਸਭਿਆਚਾਰਕ ਠਹਿਰਾਉਣ ਦੀ ਪੂਰੀ ਵਾਹ ਲਾਉਂਦੇ ਹਨ :

> "ਦੇਖ ਸਰਦਾਰਨੀਏ। ਜੋਧ ਪੁਰ ਦੇ ਪਰਮਾਰ ਖਾਨਦਾਨ ਦੀ ਰਵੈਤ ਨੂੰ ਤੋੜ ਨਾ। ਸਾਡੇ ਬਜ਼ੁਰਗਾਂ ਦੀ ਬਣੀ ਬਣਾਈ ਰਹਿਣ ਦੇ। ਮਾਣ ਮਹਿਯਾਦਾ ਨੂੰ ਚੈਲੰਜ ਨਾ ਕਰ।"
>
> "ਇਹ ਤਾਂ ਭਾਈ ਹੁਣ ਜੇ ਤੂੰ ਕਹਿਣਾ ਨ੍ਹੀਂ ਮੰਨਦੀ ਤੇ ਮਜ਼ਬੂਰਨ ਸਾਨੂੰ ਵੀ ਆਪਣੇ ਸ਼ਰੀਕੇ ਵਿੱਚੋਂ ਤੈਨੂੰ ਛੇਕਣਾ ਪੈਣਾ।"[26]

ਜਗਤ ਸਿੰਘ ਅਤੇ ਜਥੇਦਾਰ ਸਰੂਪ ਸਿੰਘ ਪਿੱਤਰਤੰਤਰ ਅਤੇ ਧਰਮਤੰਤਰ ਨੂੰ ਚਲਾਉਣ ਵਾਲੇ ਉਹ ਸੰਚਾਲਕ ਹਨ ਜਿਹੜੇ ਨਾ ਕੇਵਲ ਪਿੱਤਰਕੀ ਕੀਮਤ-ਪ੍ਰਬੰਧ ਨੂੰ ਲਾਗੂ ਕਰਵਾਉਣ ਲਈ ਪੂਰੀ ਵਾਹ ਲਾਉਂਦੇ ਹਨ ਬਲਕਿ ਉਹ ਖ਼ੁਦ ਵੀ ਪਿੱਤਰਸੱਤਾ ਦੇ ਮੱਕੜਜਾਲ ਵਿੱਚ ਫਸੇ ਹੋਏ ਹਨ। ਆਪਣੇ ਖਾਨਦਾਨ ਦੀਆਂ ਰਵਾਇਤਾਂ ਨੂੰ ਖ਼ੁਦ ਮੰਨਣਾ ਅਤੇ ਦੂਜਿਆਂ ਪਾਸੋਂ ਮਨਵਾਉਣਾ ਉਹਨਾਂ ਦੀ ਮਜ਼ਬੂਰੀ ਹੈ। ਉਹਨਾਂ ਨੂੰ ਡਰ ਹੈ ਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਸਮਾਜ ਵਿੱਚ ਉਹਨਾਂ ਦੀ ਅਖੌਤੀ ਖਾਨਦਾਨੀ ਇੱਜ਼ਤ ਅਤੇ ਵਜੂਦ ਨੂੰ ਠੇਸ

ਵੱਜ ਸਕਦੀ ਹੈ। ਇੰਝ ਪਿੱਤਰਸੱਤਾ ਇਹਨਾਂ ਨੁਮਾਇੰਦਿਆਂ ਰਾਹੀਂ ਔਰਤ ਦੇ ਦਮਨ ਦਾ ਆਧਾਰ ਬਣਦੀਆਂ ਰੂੜੀਵਾਦੀ ਪ੍ਰੰਪਰਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਲਾਗੂ ਅਤੇ ਪੱਕਿਆ ਕਰਵਾਉਂਦੀ ਹੈ। ਇਸੇ ਕਰਕੇ ਬਹਾਦਰ ਸਿੰਘ ਆਪਣੀ ਮਾਂ ਦੇ ਫੈਸਲੇ ਨੂੰ ਰੱਦ ਕਰਦਾ ਹੋਇਆ ਨਾ ਕੇਵਲ ਆਪਣੀ ਵਿਧਵਾ ਭਾਬੀ ਨਾਲ ਹੀ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੰਦਾ ਹੈ ਬਲਕਿ ਆਉਣ ਵਾਲੇ ਸਮੇਂ ਵਿੱਚ ਉਹ ਆਪਣੇ ਖਾਨਦਾਨ ਦੀਆਂ ਰਵਾਇਤਾਂ ਨੂੰ ਅੱਗੇ ਤੋਰਨ ਵਾਲਾ ਕੱਟੜ ਨੁਮਾਇੰਦਾ ਬਣ ਕੇ ਵੀ ਸਾਹਮਣੇ ਆਉਂਦਾ ਹੈ। ਜਦੋਂ ਪਾਤਰ ਬਹਾਦਰ ਸਿੰਘ ਦੀ ਧੀ ਅਤੇ ਕਰਤਾਰ ਕੌਰ ਦੀ ਪੋਤਰੀ ਰੂਪਾਲੀ ਜਿਹੜੀ ਕਿ ਪਰਮਾਰ ਖਾਨਦਾਨ ਦੀ ਤੀਜੀ ਪੀੜ੍ਹੀ ਦੀ ਔਰਤ ਹੈ, ਚੌਵੀ-ਪੱਚੀ ਸਾਲ ਦੀ ਉਮਰ ਵਿੱਚ ਵਿਧਵਾ ਹੋਣ ਉਪਰੰਤ ਦੀਦਾਰ ਨਾਂ ਦੇ ਮੁੰਡੇ ਨਾਲ ਪ੍ਰੇਮ ਵਿਆਹ ਕਰਵਾ ਕੇ ਮੁੜ ਤੋਂ ਆਪਣੀ ਜ਼ਿੰਦਗੀ ਜਿਊਣ ਦੀ ਰੀਝ ਆਪਣੇ ਪਿਤਾ ਅੱਗੇ ਰੱਖਦੀ ਹੈ ਤਾਂ ਬਹਾਦਰ ਸਿੰਘ ਉਸਦੇ ਬੁਰੀ ਤਰ੍ਹਾਂ ਖਿਲਾਫ਼ ਹੋ ਜਾਂਦਾ ਹੈ। ਉਹ ਆਪਣੀ ਧੀ ਰੂਪਾਲੀ ਨੂੰ ਪਰਿਵਾਰਕ ਪ੍ਰੰਪਰਾਵਾਂ ਦੀ ਦੁਹਾਈ ਦਿੰਦਾ ਕਹਿੰਦਾ ਹੈ :

> "ਜੋ ਖਾਨਦਾਨ ਦੀ ਰੀਤ ਚਲੀ ਆਉਂਦੀ ਆ, ਉਹੀ ਰਹੇਗੀ।"[27]

ਪਾਤਰ ਬਹਾਦਰ ਸਿੰਘ ਜਿਹੜਾ ਕਿ ਪਰਮਾਰ ਖਾਨਦਾਨ ਦੀ ਤੀਜੀ ਪੀੜ੍ਹੀ ਦਾ ਵਾਰਿਸ ਹੈ, ਦੀ ਸੋਚ ਵੀ ਆਪਣੇ ਦਾਦੇ ਅਤੇ ਚਾਚੇ ਦੀ ਸੋਚ ਦਾ ਹੀ ਪ੍ਰਤੀਰੂਪ ਹੈ। ਬਿਰਤਾਂਤ ਵਿੱਚ ਜਿੱਥੇ ਬਹਾਦਰ ਸਿੰਘ ਦੀ ਸੋਚ ਰਾਹੀਂ ਪਿੱਤਰਸੱਤਾ ਪੀੜ੍ਹੀ-ਦਰ-ਪੀੜ੍ਹੀ ਵਿਸਤਾਰਤ ਹੁੰਦੀ ਦਿਖਾਈ ਦਿੰਦੀ ਹੈ, ਉੱਥੇ ਦੂਜੇ ਪਾਸੇ ਤੀਜੀ ਪੀੜ੍ਹੀ ਦੀ ਔਰਤ ਪਾਤਰ ਰੂਪਾਲੀ ਪਿੱਤਰਸੱਤਾ ਅੱਗੇ ਵੰਗਾਰ ਬਣ ਕੇ ਖੜ੍ਹਦੀ ਹੈ। ਪਹਿਲੀ ਪੀੜ੍ਹੀ ਦੀ ਪਾਤਰ ਕਰਤਾਰ ਕੌਰ ਅਤੇ ਦੂਜੀ ਪੀੜ੍ਹੀ ਦੀ ਪਾਤਰ ਚਰਨਜੀਤ ਪਿੱਤਰਕੀ ਪ੍ਰਬੰਧ ਹੱਥੋਂ ਸ਼ੋਸ਼ਿਤ ਹੋ ਕੇ ਖਾਨਦਾਨੀ ਪ੍ਰੰਪਰਾਵਾਂ ਲਈ ਆਪਣੀਆਂ ਜੀਵਨ ਸੱਧਰਾਂ ਦੀ ਬਲੀ ਦੇ ਦਿੰਦੀਆਂ ਹਨ ਪ੍ਰੰਤੂ ਤੀਜੀ ਪੀੜ੍ਹੀ ਦੀ ਪਾਤਰ ਰੂਪਾਲੀ ਅਜਿਹੀਆਂ ਖਾਨਦਾਨੀ ਪਿੱਤਰਕੀ ਪ੍ਰੰਪਰਾਵਾਂ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। ਰੂਪਾਲੀ ਪੜ੍ਹੀ-ਲਿਖੀ ਅਤੇ ਚੇਤੰਨ ਨਾਰੀ ਪਾਤਰ ਹੈ ਜਿਹੜੀ ਆਪਣੀ ਜਵਾਨੀ ਨੂੰ ਵਿਧਵਾ ਵਾਲੀ ਜੂਨ ਦੇ ਲੇਖੇ ਨਹੀਂ ਲਾਉਣਾ ਚਾਹੁੰਦੀ। ਉਸਦੀ ਸੋਚ ਅਨੁਸਾਰ :

> "ਰੰਡੇਪਾ ਕੱਟਣਾ ਦੁਨੀਆਂ ਭਰ ਦਾ ਨਰਕ ਭੋਗਣ ਬਰਾਬਰ ਹੈ। ਤੇ ਮੈਂ ਇਹ ਨਰਕ ਨ੍ਹੀਂ ਭੋਗ ਸਕਦੀ।"[28]

ਰੂਪਾਲੀ ਦੀ ਵਿਧਵਾ ਦਾਦੀ ਕਰਤਾਰ ਕੌਰ ਵੀ ਆਪਣੀ ਪੋਤੀ ਦੀ ਸੋਚ ਨਾਲ ਸਹਿਮਤੀ ਜਤਾਉਂਦੀ ਹੋਈ ਉਸਦਾ ਪੂਰਾ ਸਾਥ ਦਿੰਦੀ ਹੈ। ਉਹ ਰੂਪਾਲੀ ਦੀਆਂ ਰੀਝਾਂ ਅਤੇ ਖ਼ੁਸ਼ੀਆਂ ਦੀ ਪ੍ਰਾਪਤੀ ਲਈ ਇੱਕ ਵਾਰ ਫਿਰ ਪੂਰੇ ਖਾਨਦਾਨ ਨਾਲ ਲੜ੍ਹਨ ਲਈ ਤਿਆਰ ਹੋ ਜਾਂਦੀ ਹੈ :

> ਕੋਈ ਨ੍ਹੀਂ ਪੁੱਤ, ਤੈਨੂੰ ਨ੍ਹੀਂ ਸੇਕ ਆਣ ਦਿੰਦੀ।
> ਬਹਾਦਰ ਸੁੰਹ ਹੋਵੇ ਤੇ ਚਾਹੇ ਜਗਤ ਸੁੰਹ। ਮੈਨੂੰ ਇਨ੍ਹਾਂ ਨਾ' ਆਢਾ ਲੈਣਾ ਈ ਪੈਣਾ।[29]

ਇੱਥੇ ਇਕ ਔਰਤ ਦੂਜੀ ਔਰਤ ਦੇ ਦਰਦ ਨੂੰ ਸਮਝਦੀ ਅਤੇ ਮਹਿਸੂਸ ਕਰਦੀ ਹੋਈ ਉਸਨੂੰ ਅਜਿਹੀਆਂ ਦੁਖਾਂਤਕ ਸਥਿਤੀਆਂ ਵਿੱਚੋਂ ਬਾਹਰ ਨਿਕਲਣ ਲਈ ਉਸਦਾ ਸਾਥ ਦਿੰਦੀ ਹੈ ਜਿਹਨਾਂ ਵਿੱਚ ਉਹ ਖ਼ੁਦ ਪਿਸਦੀ ਰਹੀ ਹੈ। ਕਹਾਣੀ ਦੇ ਅੰਤ ਵਿੱਚ ਸਾਰੀ ਜ਼ਿੰਦਗੀ ਰੰਡੇਪੇ ਦਾ ਦਰਦ ਹੰਢਾਉਣ ਵਾਲੀ ਦਾਦੀ ਕਰਤਾਰ ਕੌਰ ਦੁਆਰਾ ਡੇਢ ਸਾਲ ਦੀ ਵਿਆਹੁਤਾ ਜ਼ਿੰਦਗੀ ਪਿੱਛੋਂ ਵਿਧਵਾ ਹੋ ਗਈ ਆਪਣੀ ਪੋਤੀ ਰੂਪਾਲੀ ਨੂੰ ਆਪਣੇ ਵਰਗੀ ਤ੍ਰਾਸਦਿਕ ਹੋਣੀ ਤੋਂ ਬਚਾਉਣ ਲਈ ਖਾਨਦਾਨੀ ਰਵਾਇਤ ਦੇ ਵਿਰੁੱਧ ਜਾ ਕੇ ਉਸਨੂੰ ਮਰਜੀ ਨਾਲ ਦੂਜਾ ਵਿਆਹ ਕਰਾਉਣ ਦੀ ਪ੍ਰਵਾਨਗੀ ਤੇ ਅਸੀਸ ਦੇ ਕੇ ਆਪਣੇ ਹੱਥੀਂ ਘਰੋਂ ਤੋਰਨਾ ਸਦੀਆਂ ਤੋਂ ਪਿੱਤਰਸੱਤਾ ਹੱਥੋਂ ਸ਼ੋਸ਼ਿਤ ਹੋ ਰਹੀ ਔਰਤ ਅੰਦਰੋਂ ਉਪਜੇ ਆਕ੍ਰੋਸ਼ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਨਾਰੀ ਦੀਆਂ ਪ੍ਰਾਕ੍ਰਿਤਕ ਇੱਛਾਵਾਂ ਅਤੇ ਪਿੱਤਰਸੱਤਾਤਮਕ ਕੀਮਤਾਂ ਵਿਚਲੇ ਟਕਰਾਓ ਵਿੱਚੋਂ ਨਾਰੀ ਦੁਆਰਾ ਆਪਣੇ ਮਾਨਵੀਂ ਹੱਕਾਂ ਨੂੰ ਪ੍ਰਾਪਤ ਕਰਨ ਦੀ ਜਿੱਤ ਦਾ ਬਿਰਤਾਂਤ ਹੋ ਨਿੱਬੜਦੀ ਹੈ।

ਤਲਵਿੰਦਰ ਦੀ ਕਹਾਣੀ 'ਵਿਚਲੀ ਔਰਤ' ਔਰਤ ਦੀਆਂ ਪ੍ਰਾਕ੍ਰਿਤਕ ਇੱਛਾਵਾਂ ਤੇ ਪਿੱਤਰੀ ਸੰਸਕ੍ਰਿਤਕ ਮਰਿਆਦਾਵਾਂ ਵਿਚਲੇ ਮਨੋ-ਦਵੰਦ ਨੂੰ ਰੂਪਮਾਨ ਕਰਦੀ ਹੈ। ਕਹਾਣੀ ਵਿਚਲੀ ਮੁੱਖ ਪਾਤਰ ਰਵਿੰਦਰ ਤੇਈ ਵਰ੍ਹਿਆਂ ਦੀ ਮੁਟਿਆਰ ਹੈ ਜਿਹੜੀ ਵਿਆਹ ਤੋਂ ਦੋ ਸਾਲ ਬਾਅਦ ਵਿਧਵਾ ਹੋ ਜਾਂਦੀ ਹੈ। ਪਤੀ ਦੀ ਮੌਤ ਬਾਅਦ ਮਾਨਸਿਕ ਰੂਪ ਵਿੱਚ ਪੂਰੀ ਤਰ੍ਹਾਂ ਟੁੱਟ ਚੁੱਕੀ ਮੁੱਖ ਪਾਤਰ ਰਵਿੰਦਰ ਮਾਨਸਿਕ ਸ਼ਾਂਤੀ ਅਤੇ ਸਹਿਜ ਅਵਸਥਾ ਲਈ ਅੰਮ੍ਰਿਤਪਾਨ ਕਰਕੇ ਧਰਮ ਨਾਲ ਜੁੜਨ ਦੀ ਕੋਸ਼ਿਸ਼ ਕਰਦੀ ਹੈ। ਪਰ ਸਥਿਤੀ ਉਸ ਸਮੇਂ ਗੁੰਝਲਦਾਰ ਅਤੇ ਤਣਾਓਪੂਰਨ ਬਣ ਜਾਂਦੀ ਹੈ ਜਦੋਂ ਉਹ ਆਪਣੇ ਘਰ ਦੁੱਖ ਵੰਡਾਉਣ ਆਉਂਦੇ ਪਤੀ ਦੇ ਜਿਗਰੀ ਦੋਸਤ ਸੋਹਣ ਵੱਲ ਖਿੱਚੀ ਜਾਂਦੀ ਹੈ ਅਤੇ ਇਕ ਦਿਨ ਬੇਕਾਬੂ ਹੋਈ ਮਨੋਸਥਿਤੀ ਕਾਰਨ ਆਪਣੇ ਸੱਸ-ਸਹੁਰੇ ਦੀ ਪਰਵਾਹ ਕੀਤੇ ਬਿਨਾਂ ਘਰ ਆਏ ਸੋਹਣ ਦਾ ਬੇਝਿਜਕ ਜੂਠਾ ਪਾਣੀ ਪੀ ਜਾਂਦੀ ਹੈ। ਆਪਣੇ ਅਜੀਬ ਹੁੰਦੇ ਵਿਵਹਾਰ ਤੋਂ ਤ੍ਰਹਿੰਦੀ ਹੋਈ ਮੁੱਖ ਪਾਤਰ ਰਵਿੰਦਰ ਖ਼ੁਦ ਨੂੰ ਸਵਾਲ ਕਰਦੀ ਹੈ :

> ਇਹ ਕੀ ਹੋ ਗਿਆ ਮੈਨੂੰ? ਮੈਥੋਂ ਗੁਰੂ ਮਹਾਰਾਜ ਦਾ ਬਖ਼ਸ਼ਿਸ਼ ਕੀਤਾ ਅੰਮ੍ਰਿਤ ਭੰਗ ਹੋ ਗਿਆ। ਜਿਸ ਧਰਮ ਨੂੰ ਮੈਂ ਏਨੇ ਸਬਰ ਤੇ ਮਨ ਨੂੰ ਮਾਰ ਕੇ ਨਿਭਾਉਂਦੀ ਆ ਰਹੀ ਸਾਂ, ਅਚਾਨਕ ਟੁੱਟ ਗਿਆ। ਮੇਰੀ ਸਾਰੀ ਕੀਤੀ ਕਤਰੀ ਖੂਹ ਵਿੱਚ ਪੈ ਗਈ।[30]

'ਅੰਮ੍ਰਿਤ ਭੰਗ ਹੋਣਾ' ਪ੍ਰਤੀਕ ਰੂਪ ਵਿੱਚ ਔਰਤ ਦਾ ਪਿੱਤਰੀ ਸਮਾਜ-ਸਭਿਆਚਾਰਕ ਪੈਮਾਨਿਆਂ ਦੁਆਰਾ ਨਿਰਧਾਰਿਤ ਅਤੇ ਪ੍ਰਵਾਨਿਤ ਪਵਿੱਤਰਤਾ, ਸੁੱਚਤਾ ਆਦਿ ਸੰਕਲਪ ਤੋਂ ਫਿਸਲ ਜਾਣ ਵੱਲ ਇਸ਼ਾਰਾ ਕਰਦਾ ਹੈ। ਦਰਅਸਲ ਪਿੱਤਰਸੱਤਾਤਮਕ ਸਮਾਜ ਵਿੱਚ ਔਰਤ ਲਈ ਆਪਣੇ ਪਤੀ ਤੋਂ ਇਲਾਵਾ ਪਰਾਏ ਮਰਦ ਨਾਲ ਵਿਵਰਜਿਤ ਸੰਬੰਧ ਬਣਾਉਣਾ ਜਿੱਥੇ ਸਮਾਜ ਸਭਿਆਚਾਰਕ ਪ੍ਰਸੰਗ ਵਿੱਚ ਅਪਰਾਧ ਮੰਨਿਆ ਜਾਂਦਾ ਹੈ, ਉੱਥੇ ਕਿਸੇ ਗੈਰ ਮਰਦ ਵੱਲ ਝੁਕਾਅ ਜਾਂ ਉਸ ਬਾਰੇ ਸੋਚਣਾ ਵੀ ਓਨਾ ਹੀ ਅਪਵਿੱਤਰ ਜਾਂ ਨਿੰਦਣਯੋਗ ਸਮਝਿਆ ਜਾਂਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਤੀ ਦੀ ਮੌਤ ਤੋਂ ਬਾਅਦ ਇਕਲਾਪੇ, ਬੇਚੈਨੀ ਅਤੇ ਉਦਾਸੀ ਵਿੱਚ ਵਿਚਰਦੀ ਮੁੱਖ ਪਾਤਰ ਰਵਿੰਦਰ ਦੀ ਮਾਨਸਿਕਤਾ ਵਿੱਚ ਪਤੀ ਦਾ ਦੋਸਤ ਸੋਹਣ ਕਦੋਂ ਆਪਣੀ ਥਾਂ ਬਣਾ ਲੈਂਦਾ ਹੈ, ਉਸਨੂੰ ਪਤਾ ਹੀ ਨਹੀਂ ਲੱਗਦਾ। ਭਾਵੇਂ ਪਾਤਰ ਰਵਿੰਦਰ ਨਿੱਤ ਪੰਜ ਬਾਣੀਆਂ ਅਤੇ ਨਾਮ ਸਿਮਰਨ ਰਾਹੀਂ ਆਪਣੇ ਮਨ 'ਤੇ ਕਾਬੂ ਪਾਉਣ ਦਾ ਯਤਨ ਕਰਦੀ ਹੈ ਪਰ ਇਹਨਾਂ ਅਨੁਸ਼ਠਾਨਕ ਯਤਨਾਂ ਦੇ ਬਾਵਜੂਦ ਪਾਤਰ ਸੋਹਣ ਨੂੰ ਦੇਖ ਕੇ ਉਸਦਾ ਮਨ ਉਤੇਜਿਤ ਹੋ ਜਾਂਦਾ ਹੈ :

> ਮੈਨੂੰ ਆਪਣਾ ਮੱਥਾ ਤਪਦਾ ਮਹਿਸੂਸ ਹੋਇਆ। ਸਰਦ ਮੌਸਮ ਵਿੱਚ ਏਨੀ ਤਪਸ਼? ਉਫ਼ ...ਇਹ ਕਿਸ ਤਰ੍ਹਾਂ ਦੀ ਅੱਗ ਸੀ ਜੋ ਮੇਰੀ ਛਾਤੀ ਵਿੱਚ ਬਲਣ ਲੱਗੀ ਸੀ? ਸਾਹ ਤੇਜ਼ ਤੇਜ਼ ਚੱਲਣ ਲੱਗ ਪਿਆ ਸੀ।[31]

'ਸਰੀਰ ਤਪਣਾ' ਅਤੇ 'ਅੱਗ ਨਿਕਲਣਾ' ਮੁੱਖ ਪਾਤਰ ਰਵਿੰਦਰ ਦੀ ਉਤੇਜਿਤ ਕਾਮੁਕ ਅਵਸਥਾ ਨੂੰ ਪ੍ਰਗਟਾਉਂਦਾ ਹੈ। ਸਫੈਦ ਰੰਗ ਜਿਹੜਾ ਕਿ ਠੰਢਕ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਜਿਸਨੂੰ ਪਾਤਰ ਰਵਿੰਦਰ ਧਾਰਨ ਕਰਦੀ ਹੈ, ਪਰੰਤੂ ਇਸਦੇ ਬਾਵਜੂਦ ਉਸ ਅੰਦਰਲੀ ਕਾਮੁਕ ਅਗਨੀ ਏਨੀ ਪ੍ਰਚੰਡ ਹੋ ਚੁੱਕੀ ਹੈ ਕਿ ਉਹ ਸਫੈਦ ਰੰਗ ਦੀ ਠੰਢਕ ਨੂੰ ਭਸਮ ਕਰਕੇ ਬਾਹਰ ਨਿਕਲਣ ਲਈ ਉਤਾਵਲੀ ਹੋ ਜਾਂਦੀ ਹੈ। ਜਦੋਂ ਪਾਤਰ ਰਵਿੰਦਰ ਇਸ ਭੜਕੀ ਹੋਈ ਕਾਮ ਅਗਨੀ ਨੂੰ ਜਬਰੀ ਦਬਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸਦਾ ਪ੍ਰਭਾਵ ਸਰੀਰ ਤੇ ਅਸਰਅੰਦਾਜ਼ ਹੋਣ ਲੱਗਦਾ ਹੈ ਜਿਸਦੇ ਸਿੱਟੇ ਵਜੋਂ ਉਸਦੇ ਸਾਹ ਤੇਜ਼ ਚੱਲਣ ਲੱਗਦੇ ਹਨ। ਪਾਤਰ ਰਵਿੰਦਰ ਦੀ ਅਜਿਹੀ ਅਸੰਤੁਲਿਤ ਸਰੀਰਕ, ਮਾਨਸਿਕ ਅਵਸਥਾ ਨੂੰ ਦੇਖ ਕੇ ਉਸਦੀ ਸੱਸ ਕਿਸੇ ਸਭਿਆਚਾਰਕ ਸੰਕਟ ਦੇ ਘਟਿਤ ਹੋਣ ਤੋਂ ਡਰਦੀ ਹੋਈ ਕਿਤੇ ਰੱਬ ਅੱਗੇ ਅਰਦਾਸਾਂ ਕਰਦੀ ਹੈ ਅਤੇ ਕਿਤੇ ਆਪਣੇ ਪੁੱਤ ਦੀ ਫੋਟੋ ਅੱਗੇ ਖੜ੍ਹ ਕੇ ਰੋਣ ਲੱਗਦੀ ਹੈ :

> 'ਸੁੱਖ ਰੱਖੀਂ ਸੱਚਿਆ ਪਾਤਸ਼ਾਹ, ਅਸੀਂ ਤਾਂ ਪਹਿਲਾਂ ਹੀ ਬੜੇ ਭੰਨੇ ਪਏ ਆਂ ...ਇਸ ਅਭਾਗਣ ਕੋਲੋਂ ਹੋਏ ਇਸ ਅਨਰਥ ਨੂੰ ਮਾਫ਼ ਕਰੀਂ।'[32]

ਦਰਅਸਲ ਪਿੱਤਰੀ ਰੂੜ੍ਹੀਵਾਦੀ ਸਮਾਜ-ਸਭਿਆਚਾਰਕ ਅਤੇ ਧਾਰਮਿਕ ਕੀਮਤ-ਪ੍ਰਬੰਧ ਇਕ ਨਾਰੀ ਪਾਸੋਂ ਉਸਦੇ ਪਤੀ ਦੀ ਮੌਤ ਤੋਂ ਬਾਅਦ ਵੀ ਪਤੀ-ਪਤਨੀ ਸੰਬੰਧਾਂ ਵਿਚਲੀ ਮਰਿਆਦਾ ਅਤੇ ਪਵਿੱਤਰਤਾ ਨੂੰ ਬਣਾਈ ਰੱਖਣ ਦੀ ਮੰਗ ਰੱਖਦਾ ਹੈ। ਇਕ ਵਿਧਵਾ ਨਾਰੀ ਆਪਣੇ ਪਤੀ ਦੀ ਮੌਤ ਤੋਂ ਬਾਅਦ ਵੀ ਉਸ ਦੀ ਹੀ ਵਸਤੂ ਰਹਿੰਦੀ ਹੈ। ਇਸ ਲਈ ਪਤਨੀ ਦਾ ਫਰਜ਼ ਹੈ ਕਿ ਉਹ ਸਭਿਆਚਾਰਕ ਮਰਿਆਦਾਵਾਂ ਵਿੱਚ ਰਹਿੰਦੀ ਹੋਈ ਆਪਣਾ ਪਤੀ ਧਰਮ ਨਿਭਾਵੇ। ਮਨੂੰਸਮ੍ਰਿਤੀ ਵਿੱਚ ਵੀ ਇਹੀ ਲਿਖਿਆ ਗਿਆ ਹੈ:

> ਪਿਤਾ ਜਾਂ ਪਿਤਾ ਦੀ ਸਹਿਮਤੀ ਨਾਲ ਭਰਾ ਜਿਸਦੇ ਨਾਲ ਵਿਆਹ ਕਰ ਦੇਵੇ, ਉਸ ਪਤੀ ਦੀ ਸੇਵਾ ਜੀਵਨ ਭਰ ਇਸਤਰੀ ਨੂੰ ਕਰਨੀ ਚਾਹੀਦੀ ਹੈ ਅਤੇ ਉਸਦੀ ਮੌਤ ਹੋਣ ਉਪਰੰਤ ਵੀ ਉਹ ਬ੍ਰਹਮਚਰਯ ਵਿੱਚ ਰਹੇ। ...ਵਿਧਵਾ ਹੋਣ 'ਤੇ ਆਪਣੀਆਂ ਮਨੋਕਾਮਨਾਵਾਂ ਨੂੰ ਛੱਡ ਦੇਵੇ ਅਤੇ ਪਤੀ ਸੇਵਾ ਦੇ ਫਲ ਦੀ ਇੱਛਾ ਰੱਖੇ।[33]

ਪਤੀ ਦੇ ਮਰਨ ਤੋਂ ਬਾਅਦ ਭਾਵੇਂ ਭੌਤਿਕ ਜਗਤ ਵਿੱਚ ਉਸਦੀ ਹੋਂਦ ਖ਼ਤਮ ਹੋ ਜਾਂਦੀ ਹੈ ਪਰ ਸਮਾਜਿਕ ਪੱਧਰ ਤੇ ਇਕ ਪਤੀ ਵਜੋਂ ਪਤਨੀ ਲਈ ਉਹ ਹਾਜ਼ਰ ਜਾਂ ਮੌਜੂਦ ਹੀ ਸਮਝਿਆ ਜਾਂਦਾ ਹੈ। ਇਹਨਾਂ ਪਿੱਤਰੀ ਰੂੜ੍ਹੀਵਾਦੀ ਧਾਰਨਾਵਾਂ ਨੂੰ ਪ੍ਰਣਾਈ ਵਿਆਹੁਤਾ ਨਾਰੀ ਜਿੱਥੇ ਪਤੀ ਦੇ ਜਿਊਂਦਿਆਂ ਹੋਇਆਂ ਉਸ ਲਈ ਜੀਂਦੀ ਹੈ ਉੱਥੇ ਪਤੀ ਦੀ ਮੌਤ ਉਪਰੰਤ ਆਪਣੀਆਂ ਕਾਮਨਾਵਾਂ ਨੂੰ ਮਾਰਦੀ ਹੋਈ ਉਸਦੀਆਂ ਯਾਦਾਂ ਸਹਾਰੇ ਜ਼ਿੰਦਗੀ ਜਿਊਣ ਦਾ ਪ੍ਰਣ ਕਰਦੀ ਹੈ। ਕਹਾਣੀ ਵਿੱਚ ਮੁੱਖ ਪਾਤਰ ਰਵਿੰਦਰ ਇਸੇ ਪੈਤਰਿਕ ਮਾਨਸਿਕ ਘਾੜਤ ਕਾਰਨ ਪਤੀ ਚੰਨ ਦੀ ਮੌਤ ਤੋਂ ਬਾਅਦ ਉਸ ਨਾਲ ਬਿਤਾਏ ਦੋ ਸਾਲਾਂ ਦੀਆਂ ਯਾਦਾਂ ਸਹਾਰੇ ਹੀ ਜ਼ਿੰਦਗੀ ਕੱਟਣ ਅਤੇ ਸਹੁਰੇ ਘਰ ਰਹਿਣ ਦਾ ਫੈਸਲਾ ਕਰਦੀ ਹੈ:

> ਜਿਸ ਵਿਹੜੇ ਵਿੱਚ ਮੇਰਾ ਚੰਨ ਫਿਰਦਾ ਰਿਹਾ ਸੀ, ਉਸ ਵਿਹੜੇ ਨੂੰ ਛੱਡਣ ਦਾ ਮੇਰਾ ਵੀ ਮਨ ਨਹੀਂ ਸੀ, ਸੁੱਖ ਭੋਗਣਾ ਜੇ ਕਰਮਾਂ ਵਿੱਚ ਹੁੰਦਾ ਤਾਂ ਏਥੇ ਹੀ ਮਿਲਿਆ ਰਹਿੰਦਾ। ਇਸ ਉਮਰ ਦਾ ਕੀ ਐ? ਚੰਨ ਨਾਲ ਬਿਤਾਏ ਦੋਂਹ ਸਾਲਾਂ ਨੂੰ ਯਾਦ ਕਰਦਿਆਂ ਲੰਘ ਜਾਏਗੀ। ਹੁਣ ਮੇਰਾ ਇਹੋ ਧਰਮ ਐ, ਇਸ ਘਰ ਦੀ ਮਾਣ ਇੱਜ਼ਤ ਨੂੰ ਪਾਲਦੀ ਰਹਾਂ।[34]

ਪਰੰਤੂ ਮੁੱਖ ਪਾਤਰ ਰਵਿੰਦਰ ਦੀ ਮਨੋਸਥਿਤੀ ਉਸ ਸਮੇਂ ਪਲਟ ਜਾਂਦੀ ਹੈ ਜਦੋਂ ਪਤੀ ਪਿਆਰ ਦਾ ਵਿਗੋਚਾ ਅਤੇ ਅੱਲੜ ਜਵਾਨੀ ਦੀਆਂ ਅਤ੍ਰਿਪਤ ਕਾਮੁਕ ਇੱਛਾਵਾਂ ਉਸਦੇ ਜਬਤ ਤੇ ਭਾਰੂ ਪੈ ਜਾਂਦੀਆਂ ਹਨ। ਇੱਕ ਪਾਸੇ ਸੰਸਕ੍ਰਿਤਕ ਵਰਜਣਾਵਾਂ ਅਤੇ ਦੂਸੇ ਪਾਸੇ ਉਤੇਜਿਤ ਕਾਮਨਾਵਾਂ ਦੇ ਦਵੰਦ ਵਿੱਚ ਪਿਸਦੀ ਪਾਤਰ ਰਵਿੰਦਰ

ਮਾਨਸਿਕ ਤਣਾਓ ਵਿੱਚ ਘਿਰ ਜਾਂਦੀ ਹੈ। ਸਾਰਾ ਦਿਨ ਉਹ ਘਰ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਹੈ। ਪਰ ਰਾਤ ਨੂੰ ਬਿਸਤਰੇ 'ਤੇ ਪੈਂਦਿਆਂ ਹੀ ਉਸਦਾ ਆਪਾ ਵੱਸੋਂ ਬਾਹਰ ਹੋਣ ਲੱਗਦਾ ਅਤੇ ਉਹ ਸੋਹਣ ਦੇ ਸਾਥ ਲਈ ਤੜਪਣ ਲੱਗਦੀ। ਮਰਦ ਦੀ ਲੋੜ ਨੂੰ ਮਹਿਸੂਸਦੀ ਪਾਤਰ ਰਵਿੰਦਰ ਆਪਣੀ ਮਨੋਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

> ਰਾਤ ਦਾ ਸੱਖਣਾਪਨ ਗੁਜ਼ਾਰਿਆਂ ਨਾ ਗੁਜ਼ਰਦਾ। ਪਤਾ ਨਹੀਂ ਕਦੋਂ ਤੇ ਕਿਵੇਂ ਮੇਰੀਆਂ ਸੋਚਾਂ ਦਰਮਿਆਨ ਸੋਹਣ ਆ ਖਲੋਤਾ ਸੀ। ...ਸੁੰਨੀਆ ਰਾਤਾਂ ਦੇ ਇਹ ਮਾਰੂ ਹੱਲੇ ਲਗਾਤਾਰ ਚਲਦੇ ਰਹੇ। ਸਬਰ ਦੇ ਬੰਨ ਖੁਰ ਖੁਰ ਜਾਂਦੇ। ਵਲਗਣਾਂ ਭੁਰਨ ਲੱਗਦੀਆਂ। ਛਾਤੀ ਵਿੱਚ ਮੁਰਝਾਇਆ ਬੂਟਾ ਫਿਰ ਪੁੰਗਰਨ ਲਈ ਹਿਲਜੁਲ ਕਰਨ ਲੱਗਾ।[35]

ਜਦੋਂ ਮੁੱਖ ਪਾਤਰ ਰਵਿੰਦਰ ਸਮਾਜਿਕ ਮਰਿਆਦਾਵਾਂ ਨੂੰ ਤੋੜਨ ਤੋਂ ਡਰਦੀ ਹੋਈ ਆਪਣੀਆਂ ਬੇਰੋਕ ਕਾਮਨਾਵਾਂ ਦੇ ਵਹਾਅ ਨੂੰ ਰੋਕਣ ਦਾ ਯਤਨ ਕਰਦੀ ਹੈ ਤਾਂ ਉਸਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ ਜਿਸਨੂੰ ਪਿੱਤਰੀ ਸਮਾਜ 'ਓਪਰੀ ਕਸਰ' ਦਾ ਨਾਂ ਦਿੰਦਾ ਹੈ :

> ...ਇਸਨੂੰ ਕੋਈ ਬਾਹਰ ਦੀ ਕਸਰ ਐ। ਤੁਸੀਂ ਕਿਸੇ ਸਿਆਣੇ ਕੋਲੋਂ ਪੁੱਛਣਾ ਪੁਆ ਵੇਖੋ।[36]

ਇਕ ਜਵਾਨ ਔਰਤ ਵਜੋਂ ਪਾਤਰ ਰਵਿੰਦਰ ਦੀਆਂ ਕੀ ਅਸਤਿਤਵੀ ਲੋੜਾਂ ਜਾਂ ਮਨਵੀ ਇੱਛਾਵਾਂ ਹਨ, ਇਸ ਨੂੰ ਸਮਝਣ ਦੀ ਬਜਾਇ ਉਸਦੇ ਇਲਾਜ ਲਈ ਜਦੋਂ ਪਾਖੰਡੀ ਬਾਬਿਆਂ ਨੂੰ ਬੁਲਾਇਆ ਜਾਂਦਾ ਹੈ ਤਾਂ ਪਾਤਰ ਰਵਿੰਦਰ ਅੰਦਰਲੀ ਨਾਰੀ ਪਿੱਤਰੀ ਸਭਿਆਚਾਰਕ ਵਲਗਣਵਾਂ ਨੂੰ ਤੋੜਦੀ ਹੋਈ ਪ੍ਰਤੱਖ ਰੂਪ ਵਿੱਚ ਆਪਣੀ ਇੱਛਾ ਨੂੰ ਜਾਹਰ ਕਰ ਦਿੰਦੀ ਹੈ :

> 'ਮੈਂ ਸੋਹਣ ਨੂੰ ਚਾਹੁੰਦੀ ਆਂ।'
> ...ਮੇਰੇ ਵਿਚਲੀ ਔਰਤ ...ਸਾਹਮਣੇ ਖਲੋਤੇ ਸੋਹਣ ਨੂੰ ਗਲਮਿਓਂ
> ਫੜ ਕੇ ਹਲੂਣੇ ਦੇਣ ਲੱਗੀ, 'ਹਾਲੇ ਵੀ ਚੁੱਪ ਰਹੇਂਗਾ ਕਿ ਮਰਵਾਏਂਗਾ ਮੈਨੂੰ ਇਨ੍ਹਾਂ ਦੁਸ਼ਟਾਂ ਕੋਲੋਂ? ਬੋਲ! ਬੋਲ! ਬੋਲ!'[37]

ਇਸ ਤਰ੍ਹਾਂ ਕਹਾਣੀ ਦੀ ਪਾਤਰ ਰਵਿੰਦਰ ਪਿੱਤਰੀ ਕੀਮਤ-ਪ੍ਰਬੰਧ ਅਤੇ ਸਭਿਆਚਾਰਕ ਵਰਜਣਾਵਾਂ ਨੂੰ ਤੋੜਦੀ ਹੋਈ ਸਮੁੱਚੇ ਪਿੱਤਰੀ ਸਮਾਜ ਸਾਹਮਣੇ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਜਿਊਣ ਦੀ ਪ੍ਰਬਲ ਖ਼ਾਹਿਸ਼ ਨੂੰ ਪ੍ਰਗਟਾਉਂਦੀ ਹੋਈ ਮਾਨਵੀ ਹੋਂਦ ਦੇ ਇਕ ਅੰਤਰੀਵੀ ਸੱਚ ਨੂੰ ਉਜਾਗਰ ਕਰਦੀ ਹੈ।

ਕੁਲਵੰਤ ਗਿੱਲ ਦੀ ਕਹਾਣੀ 'ਦਾਦੇ ਮਗ੍ਹਾਉਣਾ' ਔਰਤ ਅੰਦਰਲੀਆਂ ਅਤ੍ਰਿਪਤ ਕਾਮਨਾਵਾਂ ਦੇ ਵੇਗ ਵਿੱਚੋਂ ਉਪਜੇ ਗੁੰਝਲਦਾਰ ਮਾਨਸਿਕ ਵਿਹਾਰ ਦੀਆਂ ਪਰਤਾਂ ਉਘਾੜਦੀ ਹੈ। ਕਹਾਣੀ ਵਿਚਲੀ ਪਾਤਰ ਗੁਰਮੀਤ ਆਪਣੇ ਤੋਂ ਵੱਡੀ ਉਮਰ ਦੇ ਕੈਨੇਡੀਅਨ ਜੱਸੀ ਨਾਲ ਵਿਆਹੀ ਜਾਂਦੀ ਹੈ। ਗੁਰਮੀਤ ਦਾ ਪਿਤਾ ਆਪਣੀ ਧੀ ਰਾਹੀਂ ਪੂਰੇ ਪਰਿਵਾਰ ਦੇ ਕੈਨੇਡਾ ਵਿੱਚ ਸੈੱਟ ਹੋ ਜਾਣ ਦੇ ਲਾਲਚ ਕਾਰਨ ਹੀ ਜੱਸੀ ਦੀ ਉਮਰ ਨੂੰ ਵੀ ਅੱਖੋਂ-ਪਰੋਖੇ ਕਰ ਦਿੰਦਾ ਹੈ। ਦੂਜੇ ਪਾਸੇ ਭਰ ਜਵਾਨ ਪਾਤਰ ਗੁਰਮੀਤ ਵੀ ਬਾਹਰੋਂ ਆਏ ਸੋਹਣੇ-ਸਨੁੱਖੇ ਜੱਸੀ ਨੂੰ ਪਤੀ ਰੂਪ ਵਿੱਚ ਪਾ ਕੇ ਬੇਹੱਦ ਖੁਸ਼ ਹੁੰਦੀ ਹੈ, ਪਰ ਵਿਆਹ ਉਪਰੰਤ ਜੱਸੀ ਦਾ ਠੰਡਾ ਵਿਹਾਰ ਉਸਦੀਆਂ ਸਾਰੀਆਂ ਖ਼ੁਸ਼ੀਆਂ ਅਤੇ ਚਾਵਾਂ ਨੂੰ ਖ਼ਤਮ ਕਰ ਦਿੰਦਾ ਹੈ। ਕਾਮ-ਸੁੱਖ ਤੋਂ ਵਾਂਝੀ ਪਾਤਰ ਗੁਰਮੀਤ ਆਪਣੀ ਸਥਿਤੀ ਇਸ ਤਰ੍ਹਾਂ ਬਿਆਨ ਕਰਦੀ ਹੈ :

> ਰਾਤ ਜੱਸੀ ਉਹ ਸਾਰੀ ਬਰਫ਼ ਆਪਣੇ ਅੰਦਰ ਭਰ ਕੇ ਮੇਰੇ ਕੋਲ ਆਇਆ ਸੀ। ਬਿਲਕੁਲ ਠੰਡਾ ...ਜਿਵੇਂ ਬਰਫ਼ ਦਾ ਗੋਲਾ ਹੋਵੇ। ਪਰ ਉਸਦੇ ਹੱਥਾਂ ਦੀਆਂ ਬੇਜਾਨ ਹਰਕਤਾਂ ਮੇਰੇ ਅੰਦਰ ਭਾਂਬੜ ਬਾਲ ਰਹੀਆਂ ਸਨ। ਲਟ ਲਟ ਕਰਦੇ ਭਾਂਬੜ ...ਪਲਾਂ 'ਚ ਹੀ ਖੁਰ ਗਿਆ ਸੀ ਉਹ। ਬਰਫ਼ ਦੀ ਸਿੱਲ ਵਾਂਗ।[38]

ਕਹਾਣੀਕਾਰ ਪਾਤਰ ਗੁਰਮੀਤ ਰਾਹੀਂ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਾਮ ਤ੍ਰਿਪਤੀ ਸਿਰਫ਼ ਮਰਦ ਦੀ ਹੀ ਲੋੜ ਜਾਂ ਅਧਿਕਾਰ ਨਹੀਂ ਬਲਕਿ ਮਰਦ ਨਾਲ ਕਾਮ ਸੰਬੰਧਾਂ ਵਿੱਚ ਵਿਚਰਦੀ ਔਰਤ ਵੀ ਕਾਮ ਆਨੰਦ ਦੀ ਪੂਰਨਤਾ ਤੱਕ ਪਹੁੰਚਣਾ ਲੋਚਦੀ ਹੈ। ਜੇਕਰ ਦੋਨਾਂ ਧਿਰਾਂ ਵਿੱਚ ਕੋਈ ਇਕ ਵੀ ਅਸੰਤੁਸ਼ਟ ਰਹਿੰਦੀ ਹੈ ਤਾਂ ਇਹ ਅਪੂਰਨਤਾ ਕਈ ਕਿਸਮ ਦੀਆਂ ਮਨੋਗੁੰਝਲਾਂ ਦਾ ਰੂਪ ਧਾਰ ਕੇ ਸਮਾਜ ਸਾਹਮਣੇ ਪ੍ਰਗਟ ਹੁੰਦੀ ਹੈ। ਕਹਾਣੀ ਵਿੱਚ ਪਾਤਰ ਗੁਰਮੀਤ ਨੂੰ ਪਤੀ ਜੱਸੀ ਦੀ ਨਾਮਰਦਗੀ ਕਾਰਨ ਲਿੰਗਕ ਆਨੰਦ ਦੀ ਅਣਹੋਂਦ ਵਿੱਚ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ। ਅਤ੍ਰਿਪਤ ਕਾਮਨਾਵਾਂ ਦੇ ਵੇਗ ਕਾਰਨ ਉਸਨੂੰ ਦੌਰੇ ਪੈਣ ਲੱਗਦੇ ਹਨ ਜਿਸਨੂੰ ਪਰਿਵਾਰਕ ਮੈਂਬਰ ਓਪਰੀ ਕਸਰ ਸਮਝਦੇ ਹਨ। ਪਾਤਰ ਗੁਰਮੀਤ ਅੰਦਰ ਬੈਠੇ 'ਓਪਰੇ' ਨੂੰ ਭਜਾਉਣ ਲਈ ਕਈ ਤਰ੍ਹਾਂ ਦੇ ਟੋਟਕੇ ਅਜਮਾਏ ਜਾਂਦੇ ਹਨ ਅਤੇ ਪਾਖੰਡੀ ਬਾਬਿਆਂ ਨੂੰ ਬੁਲਾਇਆ ਜਾਂਦਾ ਹੈ। ਪਾਤਰ ਗੁਰਮੀਤ ਆਪਣੇ ਅੰਦਰ ਬੈਠੇ 'ਓਪਰੇ' ਦੇ ਅਹਿਸਾਸ ਨੂੰ ਇਉਂ ਪ੍ਰਗਟਾਉਂਦੀ ਹੈ :

> ਮੇਰੇ ਅੰਦਰ ਬੈਠਾ 'ਓਪਰਾ' ਮੈਨੂੰ ਉਕਸਾ ਰਿਹਾ ਸੀ। ਮੇਰਾ ਸਿਰ ਹਵਾ 'ਚ ਲਾਟੂ ਵਾਂਗ ਘੁੰਮ ਰਿਹਾ ਸੀ। ਵਾਲ ਖੁੱਲ੍ਹ ਕੇ ਮੇਰੇ ਗਲ 'ਚ ਆਣ ਪਏ ਸਨ।

> ਮੰਮੀ ਜੀ ਮੇਰੇ ਲਾਗੇ ਹੋਏ। ਮੇਰੇ ਅੰਦਰਲੇ ਉਸ 'ਓਪਰੇ' ਨੇ ਉਸਨੂੰ ਅਜਿਹਾ ਧੱਕਾ ਦਿੱਤਾ ...ਉਹ ਪਰ੍ਹਾਂ ਦੂਰ ਜਾ ਡਿੱਗੀ।[39]

ਇਹ 'ਓਪਰਾ' ਜਿਸਦੇ ਉਕਸਾਉਣ ਤੇ ਪਾਤਰ ਗੁਰਮੀਤ ਦਾ ਆਪਾ ਵੱਸ ਵਿੱਚ ਨਹੀਂ ਰਹਿੰਦਾ, ਮਨੋਵਿਗਿਆਨਕ ਪੱਖ ਤੋਂ ਉਸ ਅੰਦਰ ਖੋਰੂ ਪਾਉਂਦੀਆਂ ਦਮਿਤ ਕਾਮਨਾਵਾਂ ਦਾ ਵਹਾਅ ਹੈ, ਜਿਹਨਾਂ ਦੀ ਪੂਰਤੀ ਹੋਣੀ ਲਾਜ਼ਮੀ ਹੈ, ਪਰ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਵਿਚਰਦੀ ਔਰਤ ਲਈ ਪ੍ਰਤੱਖ ਰੂਪ ਵਿੱਚ ਆਪਣੀਆਂ ਜਿਨਸੀ ਲੋੜਾਂ ਅਤੇ ਇੱਛਾਵਾਂ ਨੂੰ ਬੋਲ ਕੇ ਦੱਸਣਾ ਜਾਂ ਪੂਰਾ ਕਰਨਾ ਸਦਾਚਾਰਕ ਪੱਖ ਤੋਂ ਟੈਬੂ ਹੈ ਜਿਸ ਕਾਰਨ ਉਹ ਅਪ੍ਰਤੱਖ ਰਸਤਾ ਅਖ਼ਤਿਆਰ ਕਰਦੀ ਹੈ। ਪਾਤਰ ਗੁਰਮੀਤ ਦਾ ਮਨੋਵਿਹਾਰ ਉਸ ਸਮੇਂ ਪਰਵਰਤਿਤ ਹੋ ਜਾਂਦਾ ਹੈ ਜਦੋਂ ਉਹ ਆਪਣੀ ਨਨਾਣ ਦੇ ਮੁੰਡੇ ਸੁਖਵੰਤ ਦੇ ਸੰਪਰਕ ਵਿੱਚ ਆਉਂਦੀ ਹੈ। ਸੁਖਵੰਤ ਦੀ ਆਮਦ ਜਿੱਥੇ ਉਸਨੂੰ ਮਾਨਸਿਕ ਸ਼ਾਂਤੀ ਦਿੰਦੀ ਹੈ, ਉੱਥੇ ਨਾਲ ਹੀ ਸੁਖਵੰਤ ਨਾਲ ਸੰਭੋਗੀ ਪਲਾਂ ਵਿੱਚੋਂ ਗੁਜ਼ਰਦੀ ਹੋਈ ਉਹ ਕਾਮੁਕ ਆਨੰਦ ਦੀ ਭਰਪੂਰਤਾ ਨੂੰ ਮਹਿਸੂਸ ਕਰਦੀ ਹੈ :

> ... ਮੈਂ ਧਾਹ ਕੇ ਸੁਖਵੰਤ ਨੂੰ ਚੁੰਬੜ ਗਈ ਸੀ। ਕੁਝ ਪਲਾਂ ਦੀ ਹੈਰਾਨੀ ਤੋਂ ਬਾਅਦ ਸੁਖਵੰਤ ਦੀਆਂ ਬਾਹਾਂ ਦੀ ਪਕੜ ਵੀ ਕਸੀ ਗਈ ਸੀ। ... ਮੈਂ, ਮੈਂ ਨਹੀਂ ਸੀ। ਮੇਰੇ ਤਪੇ ਪਏ ਅੰਗ ਠਰ ਰਹੇ ਸਨ ਜਿਵੇਂ।...[40]

ਜਿੰਨਾ ਚਿਰ ਸੁਖਵੰਤ ਦਾ ਪਾਤਰ ਗੁਰਮੀਤ ਦੇ ਘਰ ਆਉਣਾ-ਜਾਣਾ ਬਣਿਆ ਰਿਹਾ ਓਨਾ ਸਮਾਂ ਗੁਰਮੀਤ ਦੀ ਮਾਨਸਿਕ ਹਾਲਤ ਵੀ ਸਥਿਰ ਰਹੀ ਪਰ ਜਿਉਂ ਹੀ ਪਾਤਰ ਗੁਰਮੀਤ ਨੂੰ ਸੁਖਵੰਤ ਦੇ ਪ੍ਰੇਮ ਵਿਆਹ ਕਰਾਉਣ ਦੀ ਗੱਲ ਪਤਾ ਲੱਗਦੀ ਹੈ ਉਸਨੂੰ ਫੇਰ ਦੌਰੇ ਪਾਉਣੇ ਸ਼ੁਰੂ ਹੋ ਜਾਂਦੇ ਹਨ। ਗੁਰਮੀਤ ਦੀ ਸੱਸ ਜਿਹੜੀ ਆਪਣੀ ਨੂੰਹ ਅਤੇ ਦੋਹਤੇ ਸੁਖਵੰਤ ਦੇ ਅਵੈਧ ਰਿਸ਼ਤੇ ਨੂੰ ਗੁੱਝੀ ਪ੍ਰਵਾਨਗੀ ਦੇ ਚੁੱਕੀ ਸੀ, ਮੁੜ ਗੁਰਮੀਤ ਦਾ ਅਸੰਤੁਲਿਤ ਮਨੋਵਿਹਾਰ ਦੇਖ ਕੇ ਦੁਖੀ ਹੋ ਜਾਂਦੀ ਹੈ। ਉਹ ਸੁਖਵੰਤ ਨੂੰ ਸੁਨੇਹਾ ਭੇਜਦੀ ਹੋਈ ਮਨ ਹੀ ਮਨ ਉਸਨੂੰ ਕੋਸਦੀ ਵੀ ਹੈ :

> "ਦਾਦੇ ਮਗ੍ਹਾਉਣਾ ...ਕਹਿੰਦਾ ਸੀ ਬੱਬੋ ਮਾਮੀ ਠੀਕ ਤਾਂ ਹੋਜੂ ਪਰ ਦਵਾਈ ਲੰਮਾਂ ਸਮਾਂ ਚੱਲੂ... ਹੁਣ ਗੇੜਾ ਵੀ ਨਹੀਂ ਮਾਰਦਾ ...ਪੈਸੇ ਚਾਹੀਦੇ ਹੋਏ ਤਾਂ ਹੁਣ ਆਣ ਪੈਰ ਨੱਪੂ।"[41]

ਪਾਤਰ ਗੁਰਮੀਤ ਦੇ ਨਾਲ-ਨਾਲ ਉਸਦੀ ਸੱਸ ਦਾ ਵੀ ਸੁਖਵੰਤ ਦੀ ਉਡੀਕ ਕਰਨਾ ਪਿੱਤਰੀ ਸਮਾਜ ਸਭਿਆਚਾਰ ਦੇ ਉਸ ਪੱਖ ਨੂੰ ਸਾਹਮਣੇ ਲਿਆਉਂਦਾ ਹੈ ਜਿੱਥੇ ਮਜ਼ਬੂਰੀਆਂ ਵੱਸ ਸਮਾਜਿਕ ਓਹਲਿਆਂ ਵਿੱਚ ਬਣਦੇ ਅਵੈਧ ਸੰਬੰਧਾਂ ਨੂੰ ਸਮਾਜ ਵਿੱਚ ਸਹਿਜੇ ਹੀ ਪ੍ਰਵਾਨ ਕਰ ਲਿਆ ਜਾਂਦਾ ਹੈ ਪਰ ਜੇਕਰ ਕੋਈ ਵਿਅਕਤੀ

ਪ੍ਰਤੱਖ ਰੂਪ ਵਿੱਚ ਸਮਾਜ-ਸਭਿਆਚਾਰਕ ਮਰਿਆਦਾਵਾਂ ਨੂੰ ਤੋੜ ਕੇ ਆਪਣੀਆਂ ਮੂਲ ਮਾਨਵੀ ਇੱਛਾਵਾਂ ਦੀ ਪੂਰਤੀ ਕਰਨਾ ਲੋਚਦਾ ਹੈ ਤਾਂ ਪਿੱਤਰਕੀ ਸਮਾਜਿਕ ਨੇਮ-ਵਿਧਾਨ ਮੁਤਾਬਕ ਉਸਨੂੰ ਸਜ਼ਾ ਦਾ ਭਾਗੀਦਾਰ ਸਮਝਿਆ ਜਾਂਦਾ ਹੈ। ਦੂਜੇ ਪਾਸੇ ਪਾਤਰ ਗੁਰਮੀਤ ਵੀ ਸੁਖਵੰਤ ਨਾਲ ਸਮਾਜਿਕ ਓਹਲੇ ਵਿੱਚ ਬਣੇ ਅਵੈਧ ਰਿਸ਼ਤੇ ਨੂੰ ਭੋਗਦੀ ਹੋਈ ਆਪਣੇ ਪਤੀ ਜੱਸੀ ਦੀ ਬਜਾਏ ਸੁਖਵੰਤ ਨੂੰ ਸ਼ਿੱਦਤ ਨਾਲ ਉਡੀਕਦੀ ਹੈ। ਉਸ ਲਈ ਸਭਿਆਚਾਰਕ ਤੌਰ 'ਤੇ ਪਤੀ ਰੂਪ ਵਿੱਚ ਪ੍ਰਵਾਨਿਤ ਮਰਦ ਦੀ ਹੋਂਦ-ਅਣਹੋਂਦ ਦੇ ਅਰਥ ਘੱਟ ਜਾਂਦੇ ਹਨ। ਪਾਤਰ ਗੁਰਮੀਤ ਦੇ ਹੇਠਲੇ ਬੋਲ ਇਸ ਗੱਲ ਦੀ ਗਵਾਹੀ ਭਰਦੇ ਹਨ :

> ...ਤੇ ਮੈਂ ਪਾਗ਼ਲ ਨਹੀਂ ਹਾ, ਜੋ ਜੱਸੀ ਦਾ ਰਾਹ ਦੇਖ ਰਹੀ ਹੋਵਾਂ, ਮੈਂ ਵੀ ਤਾਂ ਉਸੇ 'ਦਾਦੇ ਮਗ੍ਹਾਉਣੇ' ਦਾ ਰਾਹ ਹੀ ਦੇਖ ਰਹੀ ਹਾਂ।...[42]

ਦਰਅਸਲ ਪਾਤਰ ਗੁਰਮੀਤ ਦਾ ਸੁਖਵੰਤ ਨਾਲ ਰਿਸ਼ਤਾ ਸੰਪੂਰਨ ਮਰਦ ਦੀ ਤਲਾਸ਼ ਵਿੱਚੋਂ ਉਪਜਦਾ ਹੈ ਜਿਹੜਾ ਕਿ ਉਸਦੀਆਂ ਅਤ੍ਰਿਪਤ ਕਾਮਨਾਵਾਂ ਨੂੰ ਸ਼ਾਂਤ ਕਰ ਸਕੇ। ਗੁਰਮੀਤ ਦਾ ਪਤੀ ਜੱਸੀ ਪਿਛਲੇ ਪੰਜ ਸਾਲ ਤੋਂ ਨਾ ਤਾਂ ਉਸ ਲਈ ਕੈਨੇਡਾ ਤੋਂ ਵਾਪਸ ਮੁੜਦਾ ਹੈ ਅਤੇ ਨਾ ਹੀ ਉਹ ਆਪਣੀ ਨਾਮਰਦਗੀ ਕਾਰਨ ਉਸ ਦੀਆਂ ਲਿੰਗਕ ਇੱਛਾਵਾਂ ਦੀ ਭਰਪੂਰ ਰੂਪ ਵਿੱਚ ਪੂਰਤੀ ਕਰ ਸਕਦਾ ਸੀ। ਗੁਰਮੀਤ ਅੰਦਰਲੀ ਔਰਤ ਨੂੰ ਪਤੀ ਦੀ ਨਹੀਂ ਬਲਕਿ ਭਰੇ ਪੂਰੇ ਮਰਦ ਦੀ ਲੋੜ ਹੈ ਇਸ ਲਈ ਉਹ ਸਮਾਜ ਸਭਿਆਚਾਰਕ ਮਰਿਆਦਾਵਾਂ ਨੂੰ ਤੋੜ ਕੇ ਅਵੈਧ ਰਿਸ਼ਤੇ ਵੱਲ ਅਹੁਲਦੀ ਹੈ। 'ਸਿਰਜਣਾ' ਵਿੱਚ ਇਸ ਕਹਾਣੀ ਸੰਬੰਧੀ ਬੜੀ ਢੁੱਕਵੀਂ ਟਿੱਪਣੀ ਕੀਤੀ ਗਈ ਹੈ :

> ਦਾਦੇ ਮਗ੍ਹਾਉਣਾ ਕਹਾਣੀ ਵਿੱਚ ਕਹਾਣੀਕਾਰ ਔਰਤ ਦੀ ਕਾਮੁਕਤਾ ਅਤੇ ਸਮਾਜਿਕ ਪੱਖਾਂ ਦੇ ਟਕਰਾਅ ਨੂੰ ਦੁਖਾਂਤ ਬਣਾ ਕੇ ਪੇਸ਼ ਕਰਦਾ ਹੈ। ਉਹ ਔਰਤ ਮਨ ਦੀ ਕਾਮੁਕ ਸਪੇਸ ਅਤੇ ਇਸ ਵਿੱਚ ਆਉਂਦੇ ਜਾਂਦੇ ਮਰਦਾਂ ਤੋਂ ਪ੍ਰਭਾਵਿਤ ਵਿਹਾਰ ਨੂੰ ਪੂਰੀ ਸ਼ਿੱਦਤ ਨਾਲ ਪੇਸ਼ ਕਰਦਾ ਹੈ, ਇਸ ਵਿੱਚ ਲਿੰਗਕਤਾ ਦੀ ਥਾਂ ਕਾਮੁਕ ਵਿਹਾਰ ਮੌਜੂਦ ਹੈ।[43]

ਜਿੰਦਰ ਦੀ ਕਹਾਣੀ 'ਬੱਸ, ਹੁਣ ਤੂੰ ਸੌਂ ਜਾਈਂ' ਵੀ ਦੋ ਔਰਤ ਪਾਤਰਾਂ (ਮਾਂ ਅਤੇ ਧੀ) ਦੀ ਮਨੋਸਥਿਤੀ ਅਤੇ ਅੰਤਰੀਵੀ ਦੁਖਾਂਤ ਨੂੰ ਪੇਸ਼ ਕਰਦੀ ਹੈ ਜਿਹਨਾਂ ਦੇ ਪਤੀ ਰੋਜ਼ੀ ਰੋਟੀ ਲਈ ਪਰਵਾਸ ਧਾਰਨ ਕਰ ਗਏ ਹਨ। ਕਹਾਣੀ ਵਿੱਚ ਧੀ ਪਾਤਰ ਜਸਵਿੰਦਰ ਆਪਣੀ ਮਾਂ ਦੇ ਘਰ ਆਈ ਹੋਈ ਹੈ। ਉਹ ਮਾਨਸਿਕ ਤੌਰ 'ਤੇ ਬੇਚੈਨੀ, ਭਟਕਣਾ ਅਤੇ ਇਕੱਲਤਾ ਵਿੱਚੋਂ ਲੰਘ ਰਹੀ ਹੈ ਜਿਸਦਾ ਕਾਰਨ ਪਤੀ ਦੀ ਲੰਮੀ ਗੈਰਹਾਜ਼ਰੀ ਹੈ। ਉਸਦਾ ਪਰਦੇਸੀ ਪਤੀ ਹਰ ਦੋ ਸਾਲ ਬਾਅਦ ਵੰਨ-ਸਵੰਨੀਆਂ ਚੀਜ਼ਾਂ ਅਤੇ ਕੱਪੜਿਆਂ ਦਾ

ਅਟੈਚੀ ਭਰ ਕੇ ਲਿਆਉਂਦਾ ਹੈ ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਾਤਰ ਜਸਵਿੰਦਰ (ਧੀ) ਨੂੰ ਪੈਸਿਆਂ ਜਾਂ ਵਸਤੂਆਂ ਦੀ ਨਹੀਂ ਬਲਕਿ ਆਪਣੀਆਂ ਸਰੀਰਕ, ਮਾਨਸਿਕ ਇੱਛਾਵਾਂ ਦੀ ਪੂਰਤੀ ਲਈ ਆਪਣੇ ਪਤੀ (ਮਰਦ) ਦੀ ਮੌਜੂਦਗੀ ਅਤੇ ਭਰਪੂਰ ਸਾਥ ਦੀ ਲੋੜ ਹੈ। ਜਿਨਸੀ ਖ਼ਾਹਿਸ਼ਾਂ ਦੀ ਅਪੂਰਤੀ ਵਿੱਚ ਤੜਪਦੀ ਪਾਤਰ ਜਸਵਿੰਦਰ ਆਪਣੀ ਮਨੋਸਥਿਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

> ਕਈ ਵਾਰ ਮਨ 'ਚ ਆਉਂਦਾ ਹੈ ਕਿ ਘਰ ਨੂੰ ਅੱਗ ਲਾ ਦਵਾਂ ਤੇ ਉਸ ਨੂੰ ਕਹਾਂ- 'ਇਸ ਨੂੰ ਸੁਆਹ ਦੀਆਂ ਢੇਰੀਆਂ ਬਣਾ ਬਣਾ ਰੱਖ ਲੈ। ਇੱਕ ਵੱਖਰੀ ਤੇ ਵੱਡੀ ਪੁੜੀ ਬਣਾ ਲੈ। ਉਪਰ ਲਿਖ ਦੇਵੀਂ- ਮੇਰੀ ਘਰਵਾਲੀ, ਜੋ ਕਦੇ ਹੱਡਮਾਸ ਦੀ ਹੁੰਦੀ ਸੀ...।'[44]

ਪਤੀ ਦੀ ਗੈਰਹਾਜ਼ਰੀ ਅਤੇ ਬੇਕਾਬੂ ਕਾਮ ਉਤੇਜਨਾ ਕਾਰਨ ਹੀ ਉਹ ਆਪਣੀ ਮਾਂ ਦੇ ਘਰ ਆਏ ਅਣਜਾਣ ਮਰਦ ਮੱਖਣ ਮਾਨ ਵੱਲ ਆਕਰਸ਼ਿਤ ਹੋ ਜਾਂਦੀ ਹੈ। ਆਪਣੇ ਕੋਲ ਬੈਠੇ ਮੱਖਣ ਮਾਨ ਦੇ ਸਾਥ ਦਾ ਅਹਿਸਾਸ ਉਸਨੂੰ ਕੁਝ ਪਲ ਲਈ ਮਾਨਸਿਕ ਸ਼ਾਂਤੀ ਦਿੰਦਾ ਹੈ ਪਰ ਮੱਖਣ ਮਾਨ ਦੇ ਚਲੇ ਜਾਣ ਤੋਂ ਬਾਅਦ ਉਹ ਮੁੜ ਵਿਚਲਿਤ ਹੋ ਜਾਂਦੀ ਹੈ :

> ਉਹ ਚਲੇ ਗਿਆ ਸੀ। ਮੈਂ ਬੇਚੈਨ ਹੋ ਗਈ ਸੀ। ਉਦੋਂ ਹੀ ਗਾਂ ਅੜੰਭੀ ਸੀ। ਜਿਵੇਂ ਕੋਈ ਸ਼ਰਾਬੀ ਚੀਕ ਮਾਰਦਾ ਹੈ, ਉਸੇ ਤਰ੍ਹਾਂ ਉਸ ਦੀ ਤਿੱਖੀ ਆਵਾਜ਼ ਸੀ। ਮੈਨੂੰ ਉਸਦੀ ਲੋੜ ਸੀ। ਉਸ ਵਰਗੇ ਕਿਸੇ ਵੀ ਮਰਦ ਦੀ ਲੋੜ।[45]

'ਗਾਂ ਦਾ ਅੜੰਬਣਾ' ਪ੍ਰਤੀਕਾਤਮਕ ਰੂਪ ਵਿੱਚ ਜਿੱਥੇ ਪਾਤਰ ਜਸਵਿੰਦਰ ਦੀ ਉਤੇਜਿਤ ਕਾਮ ਅਵਸਥਾ ਨੂੰ ਪ੍ਰਗਟਾਉਂਦਾ ਹੈ, ਉੱਥੇ 'ਗਾਂ ਦਾ ਸੀਮਤ ਦਾਇਰੇ ਵਿੱਚ ਛੜੱਪੇ ਮਾਰਨਾ' ਉਹਨਾਂ ਪਿੱਤਰੀ ਸਮਾਜ-ਸਭਿਆਚਾਰਕ ਦਾਇਰਿਆਂ ਨੂੰ ਦਰਸਾਉਂਦਾ ਹੈ ਜਿਹਨਾਂ ਨੂੰ ਉਲੰਘਣਾ ਪਾਤਰ ਜਸਵਿੰਦਰ ਲਈ ਆਸਾਨ ਨਹੀਂ। ਪਾਤਰ ਜਸਵਿੰਦਰ ਦੇ ਅਵਚੇਤਨ ਮਨ ਉੱਪਰ ਪਿੱਤਰੀ ਸਦਾਚਾਰਕ ਕੀਮਤਾਂ ਦਾ ਗਲਬਾ ਇੰਨਾ ਭਾਰੂ ਹੈ ਕਿ ਉਹ ਕਾਮ ਉਤੇਜਨਾ ਵਿੱਚ ਰੱਤੀ ਹੋਣ ਦੇ ਬਾਵਜੂਦ ਮਰਿਆਦਾ ਦੀਆਂ ਸੀਮਾਵਾਂ ਨੂੰ ਤੋੜਨ ਦਾ ਹੀਆ ਨਹੀਂ ਕਰ ਸਕਦੀ। ਬੇਸ਼ੱਕ ਉਸ ਅੰਦਰਲੀ ਨਾਰੀ ਉਸਨੂੰ ਮਰਦਾਵੇਂ ਸਾਥ ਲਈ ਉਕਸਾਉਂਦੀ ਹੈ। ਕਾਮ ਇੱਛਾਵਾਂ ਦੀ ਅਪੂਰਤੀ ਕਾਰਨ ਉਹ ਸਾਰੀ ਰਾਤ ਸੌਂ ਨਹੀਂ ਸਕਦੀ ਜਦੋਂਕਿ ਉਸੇ ਸਥਿਤੀ ਵਿੱਚ ਵਿਚਰਦੀ ਉਸਦੀ ਮਾਂ ਗੂੜ੍ਹੀ ਨੀਂਦ ਸੌਂਦੀ ਹੈ। ਕਹਾਣੀਕਾਰ ਜਿੰਦਰ ਨੇ ਧੀ ਦੇ ਸਮਾਨ ਮਾਂ ਦੀ ਸਥਿਤੀ ਨੂੰ ਰੂਪਮਾਨ ਕਰਦਿਆਂ ਹੋਇਆ ਦੋਹਾਂ ਔਰਤ ਪਾਤਰਾਂ ਦੇ ਇਕੋ ਸਥਿਤੀ ਪ੍ਰਤੀ ਵੱਖੋ-ਵੱਖਰੇ ਨਾਰੀ ਹੁੰਗਾਰੇ ਨੂੰ ਬੜੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਪਾਤਰ ਮਾਂ ਦਾ ਪਤੀ ਵੀ ਪਰਦੇਸ ਵਿੱਚ ਰਹਿੰਦਾ ਹੈ ਜਿਹੜਾ ਕਈ ਸਾਲ

ਵਾਪਸ ਨਹੀਂ ਮੁੜਦਾ। ਪਤੀ ਦੀ ਅਣਹੋਂਦ ਵਿੱਚ ਇਕਲਾਪੇ, ਬੇਆਰਾਮੀ ਅਤੇ ਬੇਚੈਨੀ ਦੀ ਜਿਸ ਸਥਿਤੀ ਵਿੱਚੋਂ ਅੱਜ ਧੀ ਲੰਘ ਰਹੀ ਹੈ ਮਾਂ ਨੇ ਉਸੇ ਸਥਿਤੀ ਵਿੱਚੋਂ ਲੰਘਦਿਆਂ ਹੋਇਆ ਵਿਅਕਤੀਗਤ ਪੱਧਰ ’ਤੇ ਆਪਣਾ ਇਕ ਹੱਲ ਤਲਾਸ਼ ਲਿਆ ਹੈ। ਮਾਂ ਵਾਂਗ ਧੀ ਵੀ ਅਜੇ ਭਰ ਜਵਾਨ ਹੈ ਜਿਸਦਾ ਪ੍ਰਗਟਾਵਾ ਧੀ ਜਸਵਿੰਦਰ ਖ਼ੁਦ ਕਰਦੀ ਹੈ :

> ਲੋਕ ਭੁਲੇਖੇ ’ਚ ਮੇਰੀ ਵੱਡੀ ਭੈਣ ਸਮਝ ਬੈਠਦੇ ਹਨ। ਅਸੀਂ ਇਕੱਠੀਆਂ ਤੁਰੀਆਂ ਜਾਂਦੀਆਂ ਹੋਈਏ ਤਾਂ ਲੋਕ ਕਿਆਫੇ ਲਾਉਣ ਲੱਗ ਜਾਂਦੇ ਹਨ ਕਿ ਬੁਝੋ ਤਾਂ ਇਨ੍ਹਾਂ ’ਚੋਂ ਮਾਂ ਕੌਣ ਹੈ ਤੇ ਧੀ ਕੌਣ।[46]

ਧੀ ਵਾਂਗ ਜਵਾਨ ਮਾਂ ਅੰਦਰਲੀਆਂ ਕਾਮੁਕ ਇੱਛਾਵਾਂ ਵੀ ਆਪਣੀ ਪੂਰਨਤਾ ਲਈ ਬਹਿਬਲ ਹੋ ਜਾਂਦੀਆਂ ਹਨ ਪਰ ਉਹ ਆਪਣੀ ਧੀ ਸਾਹਮਣੇ ਬੜੇ ਦ੍ਰਿੜਤਾ ਅਤੇ ਕਠੋਰਤਾ ਨਾਲ ਵਿਚਰਦੀ ਹੈ। ਇਕ ਰਾਤ ਜਦੋਂ ਮਾਂ ਦਾ ਸੱਚ ਧੀ ਸਾਹਮਣੇ ਖੁੱਲਦਾ ਹੈ ਤਾਂ ਧੀ ਨੂੰ ਡੂੰਘਾ ਝਟਕਾ ਲੱਗਦਾ ਹੈ। ਰਾਤ ਸਮੇਂ ਉਹ ਆਪਣੀ ਮਾਂ ਅਤੇ ਘਰ ਦੇ ਨੌਕਰ ਛੋਟੂ ਦੇ ਕਾਮ-ਸੰਬੰਧਾਂ ਨੂੰ ਦੇਖਦੀ ਹੈ ਤਾਂ ਉਸ ਅੰਦਰ ਆਪਣੀ ਮਾਂ ਜਿਸਨੂੰ ਕਿ ਉਹ ‘ਇਕ ਜਬਤ ਵਾਲੀ ਔਰਤ ਸਮਝਦੀ ਹੈ’ ਦਾ ਬਣਿਆ ਬਿੰਬ ਤਿੜਕ ਜਾਂਦਾ ਹੈ। ਪਾਤਰ ਧੀ ਭਾਵੇਂ ਮਾਂ ਪ੍ਰਤੀ ਕ੍ਰੋਧ ਅਤੇ ਗਿਲਾਨੀ ਭਾਵ ਨਾਲ ਭਰ ਜਾਂਦੀ ਹੈ ਪਰ ਉਹ ਉਸਦਾ ਕੋਈ ਵਿਰੋਧ ਨਹੀਂ ਕਰਦੀ। ਉਹ ਆਪਣੀਆਂ ਮੂੰਹ ਜ਼ੋਰ ਕਾਮੁਕ ਇੱਛਾਵਾਂ ਅਤੇ ਆਪਣੇ ਉਚਾਟ ਹੋਏ ਮਨ ਨੂੰ ਕਾਬੂ ਕਰਨ ਲਈ ਪਾਠ ਦਾ ਸਹਾਰਾ ਲੈਂਦੀ ਹੈ। ਪਰ ਇਹਨਾਂ ਯਤਨਾਂ ਦੇ ਬਾਵਜੂਦ ਉਸ ਦੀ ਮਨੋਸਥਿਤੀ ਸਾਵੀਂ ਨਹੀਂ ਹੋ ਪਾਉਂਦੀ, ਦੂਜੇ ਪਾਸੇ ਮਾਂ ਪਾਤਰ ਆਪਣੇ ਪਤੀ ਦੀ ਗ਼ੈਰਮੌਜੂਦਗੀ ਵਿੱਚ ਸਮਾਜਿਕ ਓਹਲੇ ਵਿੱਚ ਗ਼ੈਰ ਮਰਦ ਰਾਹੀਂ ਆਪਣੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਕਰਦੀ ਹੋਈ ਮਾਨਸਿਕ ਸ਼ਾਂਤੀ ਅਤੇ ਸਹਿਜ ਅਵਸਥਾ ਵਿੱਚ ਵਿਚਰਦੀ ਹੈ। ਕਹਾਣੀਕਾਰ ਜਿੰਦਰ ਇਸ ਕਹਾਣੀ ਦੇ ਪ੍ਰਸੰਗ ਵਿੱਚ ਲਿਖਦਾ ਹੈ :

> ਬਹੁ ਸੰਖਿਆ ਵਿਦੇਸ਼ਾਂ ਵਿੱਚ ਰੋਜ਼ੀ ਕਮਾਉਣ ਗਈ ਹੈ। ਕਈ ਆਦਮੀ ਦਸ-ਦਸ, ਵੀਹ-ਵੀਹ ਸਾਲ ਵਾਪਸ ਨਹੀਂ ਮੁੜਦੇ। ਔਰਤ ਲਈ ਪਰਾਏ ਮਰਦ ਨਾਲ ਸੰਬੰਧ ਬਣਾਉਣ ਤੋਂ ਬਿਨਾਂ ਕੋਈ ਦੂਜਾ ਬਦਲ ਨਹੀਂ ਰਹਿੰਦਾ।[47]

ਬਲਦੇਵ ਸਿੰਘ ਢੀਂਡਸਾ ਦੀ ਕਹਾਣੀ ‘ਰੋਸ਼ੀ’ ਦੀ ਪਾਤਰ ਰੋਸ਼ੀ ਵੀ ਪਰਵਾਸੀ ਪਤੀ ਦੇ ਵਿਯੋਗ ਵਿੱਚ ਤੜਪਦੀ ਹੋਈ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਆਪਣੇ ਘਰ ਦੇ ਬਿਹਾਰੀ ਨੌਕਰ ਕੇਸਰੀਆ ਰਾਹੀਂ ਕਰਦੀ ਹੈ। ਰੋਸ਼ੀ ਦਾ ਪਤੀ ਭਾਵੇਂ ਆਪਣੀ ਜਵਾਨ ਭੈਣ ਦੇ ਵਿਆਹ ਦੇ ਫ਼ਿਕਰ ਅਤੇ ਆਰਥਿਕ ਤੰਗੀਆਂ-

ਤੁਰਸ਼ੀਆਂ ਕਾਰਨ ਵਿਦੇਸ਼ ਜਾਂਦਾ ਹੈ ਪਰ ਪਤੀ ਦੀ ਗੈਰਮੌਜੂਦਗੀ ਪਤਨੀ ਰੋਸ਼ੀ ਲਈ ਅਸਹਿ ਬਣ ਜਾਂਦੀ ਹੈ। ਪਾਤਰ ਰੋਸ਼ੀ ਮਨ ਹੀ ਮਨ ਆਪਣੇ ਪਤੀ ਨੂੰ ਉਲਾਂਭਾ ਦਿੰਦੀ ਸੋਚਦੀ ਹੈ :

> "ਰੱਬ ਦਿਆ ਬੰਦਿਆਂ, ਮੈਂ ਜੁਆਨ ਨਹੀਂ ...ਲੋਕੀਂ ਮੇਰੀਆਂ ਗੱਲਾਂ ਨਹੀਂ ਬਣਾਉਣਗੇ? ਬਾਪੂ ਤੇ ਬੇਬੇ ਨੂੰ ਸੰਭਾਲਣ ਲਈ ਹੀ ਮੈਨੂੰ ਵਿਆਹਿਆ ਏ...?"[48]

ਕਹਾਣੀਕਾਰ ਪਾਤਰ ਰੋਸ਼ੀ ਰਾਹੀਂ ਹਰ ਉਸ ਔਰਤ ਦੇ ਦੁਖਾਂਤ ਨੂੰ ਰੂਪਮਾਨ ਕਰਦਾ ਹੈ ਜਿਹਨਾਂ ਦੇ ਪਤੀ ਆਪਣੀਆਂ ਜਵਾਨ ਪਤਨੀਆਂ ਨੂੰ ਛੱਡ ਕੇ ਵਿਦੇਸ਼ ਚਲੇ ਜਾਂਦੇ ਹਨ ਜਾਂ ਵਿਦੇਸ਼ਾਂ ਵਿੱਚ ਰਹਿ ਰਹੇ ਹਨ ਅਤੇ ਪਿੱਛੇ ਰਹਿ ਗਈਆਂ ਉਹਨਾਂ ਦੀਆਂ ਪਤਨੀਆਂ ਜਾਂ ਤਾਂ ਆਪਣੀਆਂ ਕਾਮੁਕ ਇੱਛਾਵਾਂ ਨੂੰ ਦਬਾਉਂਦੀਆਂ ਹੋਈਆਂ ਸਰੀਰਕ, ਮਾਨਸਿਕ ਸੰਤਾਪ ਹੰਢਾਉਂਦੀਆਂ ਹਨ ਅਤੇ ਜਾਂ ਫਿਰ ਆਪਣੀਆਂ ਪ੍ਰਾਕ੍ਰਿਤਕ ਇੱਛਾਵਾਂ ਦੀ ਪੂਰਤੀ ਲਈ ਸੰਸਕ੍ਰਿਤਕ ਵਰਜਣਾਵਾਂ ਨੂੰ ਤੋੜਦੀਆਂ ਹਨ। ਕਹਾਣੀ ਵਿੱਚ ਪਾਤਰ ਰੋਸ਼ੀ ਭਾਵੇਂ ਜਿਨਸੀ ਖ਼ਾਹਿਸ਼ਾਂ ਦੀ ਪੂਰਤੀ ਲਈ ਪਿੱਤਰੀ ਸਮਾਜ-ਸਭਿਆਚਾਰਕ ਮਰਿਆਦਾਵਾਂ ਨੂੰ ਤੋੜਨ ਦੀ ਜ਼ੁਰੱਅਤ ਕਰਦੀ ਹੈ, ਪਰ ਨਾਲ ਹੀ ਉਹ ਗੁਨਾਹ ਭਾਵਨਾ ਦੀ ਸ਼ਿਕਾਰ ਹੋ ਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਜਾਂਦੀ ਹੈ। ਪਿੱਤਰੀ ਮਾਨਸਿਕਤਾ ਕਾਰਨ ਕਿਤੇ ਉਸ ਅੰਦਰਲੀ ਪ੍ਰੰਪਰਕ ਨਾਰੀ ਉਸਨੂੰ ਅਜਿਹੇ ਗ਼ੈਰ-ਸਭਿਆਚਾਰਕ ਅਤੇ ਵਰਜਿਤ ਕਰਮ ਲਈ ਫਿਟਕਾਰਾਂ ਪਾਉਣ ਲੱਗਦੀ ਅਤੇ ਕਿਤੇ ਉਹ ਆਪਣੀਆਂ ਲੈਂਗਿਕ ਲੋੜਾਂ ਪ੍ਰਤੀ ਚੇਤੰਨ ਨਾਰੀ ਵਾਂਗ ਆਪਣੇ ਆਪ ਨੂੰ ਪਾਪ ਭਾਵਨਾ ਤੋਂ ਮੁਕਤ ਕਰਨ ਦਾ ਯਤਨ ਕਰਦੀ ਹੈ :

> 'ਰੋਸ਼ੀ ਇਹ ਤੈ ਕੀ ਕਰ ਲਿਆ? ਤੈਨੂੰ ਦੋਹੀਂ ਜਹਾਨੀਂ ਢੋਈ ਨਹੀਂ ਮਿਲਣੀ। ਤੂੰ ਪਾਪਣ ਏਂ, ਵਿਭਚਾਰਨ ਏਂ, ਕਲੰਕਣੀ ਏਂ, ਵਿਸ਼ਵਾਸਘਾਤੀ ਏਂ। ਕਿਉਂ? ਮੈਂ ਕੀ ਕਸੂਰ ਕੀਤਾ ਏਂ? ਜਸਵੀਰ ਨੇ ਵਿਆਹ ਹੀ ਕਿਉਂ ਕਰਾਇਆ ਸੀ? ਕਨੇਡਾ ਜਾ ਕੇ ਕਰਾ ਲੈਂਦਾ। ਉਸ ਨੇ ਮੇਰੇ ਬਾਰੇ ਕੀ ਸੋਚਿਆ...?
> ਛੀ... ਛੀ... ਛੀ... ਕਾਮ ਇਤਨਾ ਸ਼ਕਤੀਸ਼ਾਲੀ ਕਿਉਂ ਏ? ਇਹ ਵੀ ਕੋਈ ਜ਼ਿੰਦਗੀ ਏ? ਨਾ ਰੰਡੀਆਂ ਵਿੱਚ ਤੇ ਨਾ ਸੁਹਾਗਣਾ ਵਿੱਚ।'[49]

ਦਰਅਸਲ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਵਿਚਰਦੀ ਨਾਰੀ ਦੇ ਮਨ ਵਿੱਚ 'ਦੇਹ ਸੁੱਚਤਾ' ਦਾ ਸੰਕਲਪ ਇਸ ਕਦਰ ਬਿਠਾ ਦਿੱਤਾ ਜਾਂਦਾ ਹੈ ਕਿ ਨਾਰੀ ਆਪਣੀ ਦੇਹ ਪਵਿੱਤਰਤਾ ਨੂੰ ਉਸ ਲਈ ਰਾਖਵੇਂ ਕੀਤੇ ਮਰਦ 'ਪਤੀ' ਨਾਲ ਜੋੜ ਕੇ ਦੇਖਦੀ ਹੋਈ ਉਸ ਸੰਦਰਭ ਵਿੱਚ ਹੀ ਸੋਚਣ ਲੱਗਦੀ ਹੈ। ਮਨੂੰਵਾਦੀ ਨਿਯਮਾਂਵਲੀ ਵੀ ਉਸਨੂੰ ਇਹੀ ਸਮਝਾਉਂਦੀ ਹੈ ਕਿ ਜੇਕਰ ਕੋਈ ਨਾਰੀ ਆਪਣੇ ਪਤੀ, ਆਪਣੇ ਮਾਲਕ ਨੂੰ ਛੱਡ ਕੇ ਮਹਿਜ ਕਾਮ

ਇੱਛਾਵਾਂ ਦੀ ਪੂਰਤੀ ਲਈ ਗੈਰ ਮਰਦ ਨਾਲ ਵਰਜਿਤ ਸੰਬੰਧ ਬਣਾਉਂਦੀ ਹੈ ਤਾਂ ਉਹ ਨਰਕਾਂ ਦੀ ਭਾਗਦਾਰੀ ਬਣਦੀ ਹੈ। ਅਜਿਹੀ ਵਿਭਚਾਰਣ ਔਰਤ ਸਮਾਜ-ਸਭਿਆਚਾਰਕ ਪੱਧਰ 'ਤੇ ਦੰਡ ਦੀ ਪਾਤਰ ਬਣਦੀ ਹੈ। ਇਹੀ ਕਾਰਨ ਹੈ ਕਿ ਪਾਤਰ ਰੋਸ਼ੀ ਦੇ ਅਵਚੇਤਨ ਵਿੱਚ ਬੈਠੀਆਂ ਇਹ ਧਾਰਨਾਵਾਂ ਹੀ ਉਸਨੂੰ ਬੈਚੇਨ ਕਰਦੀਆਂ ਹਨ। ਦੂਜੇ ਪਾਸੇ ਜੇਕਰ ਕੋਈ ਮਰਦ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਦਾ ਹੈ ਤਾਂ ਪਿੱਤਰੀ ਸਮਾਜਿਕ ਵਿਵਸਥਾ ਵਿੱਚ ਉਸ ਲਈ ਮਾਪਦੰਡ ਹੋਰ ਹਨ। ਮਰਦ ਵਿਵਰਜਿਤ ਰਿਸ਼ਤੇ ਨੂੰ ਭੋਗਣ ਉਪਰੰਤ ਜਿੱਥੇ ਕਿਸੇ ਪਾਪ ਭਾਵਨਾ ਤੋਂ ਮੁਕਤ ਰਹਿ ਸਕਦਾ ਹੈ, ਉੱਥੇ ਸਮਾਜ-ਸਭਿਆਚਾਰਕ ਪੱਧਰ 'ਤੇ ਕਠੋਰ ਸਜ਼ਾ ਦਾ ਪਾਤਰ ਵੀ ਨਹੀਂ ਬਣਦਾ। ਇਹਨਾਂ ਦੋਹਰੇ ਪਿੱਤਰੀ ਮਾਪਦੰਡਾਂ ਨੂੰ ਖ਼ਤਮ ਕਰਨਾ ਅਤੇ ਨਾਰੀ ਨੂੰ ਆਪਣੀ ਦੇਹ ਦਾ ਹੱਕਦਾਰ ਬਣਾਉਣਾ ਨਾਰੀਵਾਦੀਆਂ ਦੇ ਪ੍ਰਮੁੱਖ ਮੁੱਦਿਆਂ ਵਿੱਚ ਸ਼ਾਮਿਲ ਹੈ। ਕਹਾਣੀ ਵਿੱਚ ਪਾਤਰ ਰੋਸ਼ੀ ਤੋਂ ਇਲਾਵਾ ਉਸਦੀ ਜਠਾਣੀ ਦੇ ਅਵੈਧ ਸੰਬੰਧ ਬਣਨ ਦਾ ਪ੍ਰਸੰਗ ਵੀ ਸਾਹਮਣੇ ਆਉਂਦਾ ਹੈ। ਰੋਸ਼ੀ ਦੀ ਜਠਾਣੀ ਵੀ ਆਪਣੇ ਪਤੀ ਦੇ ਗਿਆਰਾਂ ਸਾਲ ਦੇ ਪਰਵਾਸ ਪਿੱਛੋਂ ਹੀ ਉਸ ਕੋਲ ਜਾ ਸਕੀ ਸੀ। ਪਤੀ ਦੀ ਗੈਰਮੌਜੂਦਗੀ ਵਿੱਚ ਉਹ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਪਰਾਏ ਮਰਦਾਂ ਰਾਹੀਂ ਕਰਦੀ ਹੈ। ਕਹਾਣੀ ਵਿੱਚ ਭਾਵੇਂ ਮਰਦ ਪਤੀ ਆਪਣੀਆਂ ਆਰਥਿਕ ਔਕੜਾਂ ਕਾਰਨ ਪਰਵਾਸ ਧਾਰਨ ਕਰਦੇ ਹਨ ਪਰ ਟੈਬੂ ਮੁਕਤ ਪਰਵਾਸੀ ਸੰਸਕ੍ਰਿਤੀ ਵਿੱਚ ਵਿਚਰਦਿਆਂ ਉਹਨਾਂ ਕੋਲ ਆਪਣੀਆਂ ਲਿੰਗਕ ਲੋੜਾਂ ਨੂੰ ਪੂਰਾ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਰਹਿੰਦੀਆਂ ਹਨ। ਦੂਜੇ ਪਾਸੇ ਉਹਨਾਂ ਦੀਆਂ ਪਿੱਛੇ ਰਹਿ ਗਈਆਂ ਪਤਨੀਆਂ ਜੇਕਰ ਆਪਣੀਆਂ ਲਿੰਗਕ ਲੋੜਾਂ ਲਈ ਕੋਈ ਰਾਹ ਤਲਾਸ਼ਦੀਆਂ ਹਨ ਤਾਂ ਉਹਨਾਂ ਦੇ ਅਵਚੇਤਨ ਵਿੱਚ ਵੱਸੇ ਪਿੱਤਰਕੀ ਸੰਸਕਾਰ ਅਤੇ ਕਦਰਾਂ-ਕੀਮਤਾਂ ਬੇਕਾਬੂ ਕਾਮ ਵਾਸਨਾਵਾਂ ਨੂੰ ਠੱਲ ਪਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸਦੇ ਫਲਸਰੂਪ ਉਹ ਮਾਨਸਿਕ ਰੂਪ ਵਿੱਚ ਤਣਾਓਗ੍ਰਸਤ ਹੋ ਜਾਂਦੀਆਂ ਹਨ।

ਕੁਲਵੰਤ ਗਿੱਲ ਦੀ ਕਹਾਣੀ 'ਚੁੱਪ ਹਾਦਸੇ ਦੇ ਬੋਲ' ਜਿੱਥੇ ਨਵ-ਪੂੰਜੀਵਾਦੀ ਦੌਰ ਵਿੱਚ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਨੂੰ ਰੂਪਮਾਨ ਕਰਦੀ ਹੈ, ਉੱਥੇ ਅਜਿਹੇ ਪ੍ਰਬੰਧ ਵਿੱਚ ਔਰਤ ਦੇ ਅਸਤਿਤਵੀ ਸੰਕਟ ਨੂੰ ਵੀ ਉਭਾਰਦੀ ਹੈ। ਇਸ ਕਹਾਣੀ ਵਿਚਲੀ 'ਮੈਂ' ਪਾਤਰ ਆਪਣੀ ਹੋਂਦ ਪ੍ਰਤੀ ਨਿਰਾਸ਼, ਉਦਾਸ ਅਤੇ ਬੇਗਾਨਗੀ ਦੇ ਭਾਵਾਂ ਵਿੱਚ ਘਿਰੀ ਹੋਈ ਹੈ ਜਿਸਦਾ ਕਾਰਨ ਨਵ-ਪੂੰਜੀਵਾਦੀ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਉਸਦੇ ਅਸਤਿਤਵ ਨੂੰ ਦਬਾਏ ਜਾਣ ਨਾਲ ਜੁੜਿਆ ਹੋਇਆ ਹੈ। 'ਮੈਂ' ਪਾਤਰ ਇਕ ਸੰਵੇਦਨਸ਼ੀਲ ਅਤੇ ਖ਼ੂਬਸੂਰਤ ਔਰਤ ਹੈ ਅਤੇ ਉਸਦੀ ਇਹ ਖ਼ੂਬਸੂਰਤੀ ਹੀ ਉਸਦੇ ਜ਼ਿੰਦਗੀ ਵਿਚਲੇ ਦੁੱਖ ਦਾ ਕਾਰਨ ਬਣਦੀ ਹੈ। ਉਸਦੇ ਆਪਣੇ ਕਥਨ ਅਨੁਸਾਰ :

ਕਵਿਤਾ ਲਿਖਦੀ ਹਾਂ ਮੈਂ ... ਉਂਝ ਇਹ ਤੀਸਰਾ ਗੁਨਾਹ ਏ ਮੇਰਾ। ਪਹਿਲਾ ਮੇਰਾ ਔਰਤ ਹੋਣਾ ... ਤੇ ਦੂਸਰਾ ਸ਼ਾਇਦ ਮੇਰਾ ਖ਼ੂਬਸੂਰਤ ਹੋਣਾ ਰਿਹਾ ਹੈ।[50]

'ਮੈਂ' ਪਾਤਰ ਅੰਦਰ ਆਪਣੀ ਔਰਤ ਹੋਂਦ ਅਤੇ ਖ਼ੂਬਸੂਰਤੀ ਪ੍ਰਤੀ ਨਕਾਰਾਤਮਕ ਭਾਵ ਉਪਜਣ ਪਿੱਛੇ ਪਿੱਤਰੀ ਸਮਾਜਿਕ ਵਿਵਸਥਾ ਜ਼ਿੰਮੇਵਾਰ ਹੈ ਜਿਹੜੀ ਨਾਰੀ ਦੀ ਸੁੰਦਰਤਾ ਤੇ ਖ਼ੂਬਸੂਰਤੀ ਦਾ ਵਸਤੂਕਰਨ ਕਰ ਦਿੰਦੀ ਹੈ। 'ਮੈਂ' ਪਾਤਰ ਮੱਧਵਰਗੀ ਪਰਿਵਾਰ ਦੀ ਧੀ ਹੈ ਪਰ ਖ਼ੂਬਸੂਰਤ ਹੋਣ ਕਾਰਨ ਅਮੀਰ ਘਰਾਣੇ ਦੇ ਇੰਦਰ ਨਾਲ ਮੰਗੀ ਜਾਂਦੀ ਹੈ। 'ਮੈਂ' ਪਾਤਰ ਜਿਹੜੀ ਕਿ ਨਾ ਤਾਂ ਮਾਨਸਿਕ ਰੂਪ ਵਿੱਚ ਵਿਆਹ ਕਰਾਉਣ ਲਈ ਤਿਆਰ ਸੀ ਅਤੇ ਨਾ ਹੀ ਸਿਰਫ਼ ਮੁੰਡੇ ਦੀ ਅਮੀਰੀ ਕਾਰਨ ਹੀ ਉਸ ਨਾਲ ਵਿਆਹ ਬੰਧਨ ਵਿੱਚ ਬੱਝਣਾ ਚਾਹੁੰਦੀ ਸੀ। ਉਸ ਦੀਆਂ ਆਪਣੀਆਂ ਵਿਅਕਤੀਗਤ ਇੱਛਾਵਾਂ, ਖ਼ਾਹਿਸ਼ਾਂ ਅਤੇ ਅਰਮਾਨ ਹਨ ਜਿਨ੍ਹਾਂ ਨੂੰ ਉਹ ਪੂਰਾ ਕਰਨਾ ਚਾਹੁੰਦੀ ਹੈ। ਪਰ ਉਸਦਾ ਦੁਖਾਂਤ ਇਹ ਹੈ ਕਿ ਮਾਪੇ ਉਸਦੀ ਅੰਦਰੂਨੀ ਭਾਵਨਾ ਨੂੰ ਸਮਝਣ ਲਈ ਤਿਆਰ ਨਹੀਂ। ਉਹ ਹਰ-ਹੀਲੇ ਵੱਡੇ ਘਰ ਦੇ ਇਕਲੌਤੇ ਵਾਰਿਸ ਨਾਲ ਰਿਸ਼ਤਾ ਜੋੜਨਾ ਚਾਹੁੰਦੇ ਹਨ। ਇਸ ਲਈ ਉਹ 'ਮੈਂ' ਪਾਤਰ ਨੂੰ ਆਪਣੀ ਜਿੱਦ ਛੱਡਣ ਲਈ ਮਜ਼ਬੂਰ ਕਰਦੇ ਹਨ :

"ਚੰਗੀ ਕਿਸਮਤ ਵਾਲੀ ਏ ਤੂੰ ...ਨਖਰੇ ਨਾ ਕਰ ...ਇੰਨੇ ਵੱਡੇ ਲੋਕ ਮੰਗ ਕੇ ਰਿਸ਼ਤਾ ਲੈ ਰਹੇ ਨੇ ...ਰਾਜ ਕਰੇਗੀਂ।"[51]

ਮੱਧਵਰਗੀ ਮਾਪਿਆਂ ਦੀਆਂ ਆਪਣੀਆਂ ਸਮਾਜਿਕ, ਆਰਥਿਕ ਮਜ਼ਬੂਰੀਆਂ ਹਨ ਜਿਸ ਕਾਰਨ ਉਹਨਾਂ ਲਈ ਧੀ ਦੀ ਨਿੱਜੀ ਇੱਛਾ, ਖ਼ੁਸ਼ੀ ਦੇ ਅਰਥ ਸੀਮਤ ਹੋ ਜਾਂਦੇ ਹਨ ਅਤੇ ਪੂੰਜੀ ਦੇ ਅਰਥ ਉੱਚੇ ਅਤੇ ਵਡੇਰੇ ਹੋ ਜਾਂਦੇ ਹਨ। ਉਹ ਸੋਚਦੇ ਹਨ ਕਿ ਜੇਕਰ ਉਹਨਾਂ ਦੀ ਧੀ ਅਮੀਰ ਘਰਾਣੇ ਵਿੱਚ ਵਿਆਹੀ ਜਾਵੇਗੀ ਇਸ ਨਾਲ ਇਕ ਪਾਸੇ ਉਸਨੂੰ ਉਹ ਸਾਰੇ ਸੁੱਖ-ਆਰਾਮ ਮਿਲ ਜਾਣਗੇ ਜੋ ਉਹ ਉਸਨੂੰ ਨਹੀਂ ਦੇ ਸਕੇ ਅਤੇ ਦੂਜਾ ਉਸ ਤੋਂ ਛੋਟੀਆਂ ਦੋ ਅਣਵਿਆਹੀਆਂ ਭੈਣਾਂ ਦੇ ਰਿਸ਼ਤੇ ਵੀ ਚੰਗੇ ਘਰਾਂ ਵਿੱਚ ਹੋਣ ਦੀ ਸੰਭਾਵਨਾ ਬਣ ਜਾਏਗੀ। ਓਧਰ ਦੂਜੇ ਪਾਸੇ ਪਾਤਰ ਇੰਦਰ ਦਾ 'ਮੈਂ' ਪਾਤਰ ਨਾਲ ਵਿਆਹ ਕਰਵਾਉਣ ਦਾ ਆਪਣਾ ਸਵਾਰਥ ਛਿਪਿਆ ਹੋਇਆ ਹੈ ਜਿਸ ਦਾ ਪਤਾ 'ਮੈਂ' ਪਾਤਰ ਨੂੰ ਵਿਆਹ ਹੋ ਜਾਣ ਉਪਰੰਤ ਲੱਗਦਾ ਹੈ। ਉਹ ਆਪਣੀ ਪੂੰਜੀ ਦੇ ਸਿਰ ਤੇ 'ਮੈਂ' ਪਾਤਰ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲੈਂਦਾ ਹੈ ਪਰ ਉਸਨੂੰ ਉਹ ਖ਼ੁਸ਼ੀਆਂ ਨਹੀਂ ਦੇ ਸਕਿਆ ਜੋ 'ਮੈਂ' ਪਾਤਰ ਚਾਹੁੰਦੀ ਸੀ। ਜਿਸ ਵਰ-ਘਰ ਦਾ ਸੁਪਨਾ 'ਮੈਂ' ਪਾਤਰ ਨੇ ਲਿਆ ਸੀ ਹਕੀਕਤ ਵਿੱਚ ਨਾ ਉਹ ਘਰ ਉਸਦੇ ਮੇਚ ਦਾ ਸੀ ਅਤੇ ਨਾ ਹੀ ਵਰ। ਪਿੱਤਰਕੀ ਪ੍ਰਬੰਧ ਹੱਥੋਂ ਸ਼ੋਸ਼ਿਤ ਹੋਈ 'ਮੈਂ' ਪਾਤਰ ਆਪਣਾ ਦਰਦ ਇਸ ਤਰ੍ਹਾਂ ਬਿਆਨ ਕਰਦੀ ਹੈ :

> ਜੇ 'ਘਰ' ਸਿਰਫ਼ ਕੰਧਾਂ ਦੀ ਵਲਗਣ ਦਾ ਨਾਮ ਹੈ ਤਾਂ ਕਹਿ ਸਕਦੇ ਹੋ ਕਿ ਇਸ ਵਕਤ ਮੈਂ ਇਕ ਸਜੇ-ਸੰਵਰੇ ਘਰ 'ਪਿੰਕ ਪੈਰਾਡਾਈਜ਼' ਦੇ ਖ਼ੂਬਸੂਰਤ ਲਾਅਨ ਵਿੱਚ ਬੈਠੀ ਹਾਂ। ਬਹੁਤ ਉਦਾਸ ਅਤੇ ਇਕੱਲੀ। ਮਨ 'ਚ ਖਲਲ ਮਚਾ ਰਹੀਆਂ ਸੋਚਾਂ ਨਾਲ ਸੰਵਾਦ ਰਚਾਉਂਦੀ।[52]

ਅਸਲ ਵਿੱਚ 'ਮੈਂ' ਪਾਤਰ ਜਿਹੀ ਸੰਵੇਦਨਸ਼ੀਲ ਨਾਰੀ ਲਈ 'ਘਰ' ਉਹ ਥਾਂ ਹੈ ਜਿੱਥੇ ਉਹ ਆਪਣੀ ਆਜ਼ਾਦੀ ਨੂੰ ਮਾਣ ਸਕੇ ਅਤੇ ਆਪਣੇ ਅਸਤਿਤਵ ਦਾ ਪਾਸਾਰ ਕਰ ਸਕੇ। ਪਰ ਇਸਦੇ ਉਲਟ ਕਹਾਣੀ ਵਿੱਚ 'ਮੈਂ' ਪਾਤਰ ਲਈ ਪਤੀ ਦਾ ਪਿੱਤਰੀ ਘਰ ਇਕ ਪਿੰਜਰੇ ਦਾ ਰੂਪ ਧਾਰਨ ਕਰ ਲੈਂਦਾ ਹੈ ਜਿੱਥੇ ਉਹ ਹਰ ਵਕ਼ਤ ਪਤੀ ਦੀ ਸੱਤਾ ਹੇਠ ਰਹਿਣ ਲਈ ਮਜ਼ਬੂਰ ਹੋ ਜਾਂਦੀ ਹੈ। 'ਮੈਂ' ਪਾਤਰ ਦਾ ਆਪਣੇ ਪਤੀ ਅਤੇ ਘਰ ਤੋਂ ਬੇਮੁਖਤਾ ਦਾ ਕਾਰਨ ਪਤੀ ਦੀ ਪਿੱਤਰਕੀ ਮਾਨਸਿਕਤਾ ਅਤੇ ਸੁਆਰਥੀ ਸੁਭਾਅ ਹੈ। ਪਾਤਰ ਇੰਦਰ ਇਕ ਬਿਜਨੈਸਮੈਨ ਹੈ ਜਿਹੜਾ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਆਪਣੀ ਖ਼ੂਬਸੂਰਤ ਪਤਨੀ ਨੂੰ ਇਕ ਸਾਧਨ ਵਜੋਂ ਵਰਤਦਾ ਹੈ। ਉਸਦੇ ਮਨ ਵਿੱਚ ਨਾ ਤਾਂ ਪਤਨੀ ਦੇ ਜ਼ਜਬਾਤਾਂ ਲਈ ਕੋਈ ਥਾਂ ਹੈ ਅਤੇ ਨਾ ਹੀ ਕੋਈ ਆਪਣੇ ਰਿਸ਼ਤੇ ਪ੍ਰਤੀ ਪ੍ਰਤੀਬੱਧਤਾ ਹੈ। ਵੱਧ ਤੋਂ ਵੱਧ ਅਮੀਰ ਹੋਣ ਦੀ ਲਾਲਸਾ ਵਿੱਚ ਅੰਨਾ ਹੋਇਆ ਉਹ ਵੱਡੇ-ਵੱਡੇ ਅਫਸਰਾਂ ਨੂੰ ਆਪਣੇ ਘਰ ਦਾਅਵਤਾਂ ਦਿੰਦਾ ਹੈ ਅਤੇ ਉਹਨਾਂ ਸਾਹਮਣੇ ਪਤਨੀ ਨੂੰ ਵੰਨ-ਸਵੰਨੀਆਂ ਡਰੈਸਾਂ ਪੁਆ ਕੇ ਮੁਸਕਰਾਉਂਦੀ ਹੋਈ 'ਰਬੜ ਦੀ ਗੁੱਡੀ' ਬਣਾ ਕੇ ਪੇਸ਼ ਕਰਦਾ ਹੈ। ਪਤੀ ਦੀ ਅਸੰਵੇਦਨਸ਼ੀਲਤਾ ਅਤੇ ਮੁਨਾਫ਼ਾਖੋਰੀ ਬਿਰਤੀ ਕਾਰਨ 'ਮੈਂ' ਪਾਤਰ (ਪਤਨੀ) ਆਪਣੀ ਮਾਨਵੀ ਹੋਂਦ ਨੂੰ 'ਵਸਤੂ' ਵਜੋਂ ਕਿਆਸ ਕਰਦੀ ਹੋਈ ਸੋਚਦੀ ਹੈ :

> ਕਿਹੋ ਜਿਹਾ ਵੇਲਾ ਆ ਗਿਆ ਹੈ ...ਜਦੋਂ ਬਾਜ਼ਾਰ ਘਰ ਦੀਆਂ ਦਰਾਂ ਟੱਪ ਅੰਦਰ ਤੱਕ ਪਹੁੰਚ ਗਿਆ ਹੈ! ਇਨ੍ਹਾਂ ਵੇਲਿਆਂ 'ਚ ਹਰ ਚੀਜ਼ ਹੀ ਵਿਕਣਯੋਗ ਹੈ। ਬੀਵੀ ਦੀ ਮੁਸਕਾਨ ਵੀ?[53]

ਕਹਾਣੀਕਾਰ 'ਮੈਂ' ਪਾਤਰ ਰਾਹੀਂ ਨਵ-ਪੂੰਜੀਵਾਦੀ ਦੌਰ ਦੇ ਉਸ ਘਿਨਾਉਣੇ ਪੱਖ ਨੂੰ ਉਜਾਗਰ ਕਰਦਾ ਹੈ ਜਿੱਥੇ ਪੂੰਜੀ ਦੀ ਦੌੜ ਵਿੱਚ ਲੱਗੇ ਮਨੁੱਖਾਂ ਅੰਦਰਲੀ ਮਾਨਵੀ ਸੰਵੇਦਨਾ ਅਤੇ ਭਾਵੁਕਤਾ ਖ਼ਤਮ ਹੋ ਜਾਂਦੀ ਹੈ ਅਤੇ ਰਿਸ਼ਤੇ ਖ਼ੁਦਗਰਜ਼, ਬੇਦਰਦ ਤੇ ਅਮਾਨਵੀ ਰੂਪ ਧਾਰਨ ਕਰ ਜਾਂਦੇ ਹਨ। ਪੂੰਜੀ ਦੀ ਦੌੜ ਵਿੱਚ ਲੱਗਿਆ ਪਾਤਰ ਇੰਦਰ ਇਸ ਕਦਰ ਸੰਵੇਦਨਹੀਣ ਹੋ ਜਾਂਦਾ ਹੈ ਕਿ ਉਹ ਰਿਸ਼ਤਿਆਂ ਦੀ ਮਰਿਆਦਾ ਨੂੰ ਭੰਗ ਕਰਦਾ ਹੋਇਆ ਆਪਣੀ ਖ਼ੂਬਸੂਰਤ ਪਤਨੀ ਨੂੰ ਇਕ 'ਵਸਤੂ' ਵਾਂਗ ਇਸਤੇਮਾਲ ਕਰਨ ਲੱਗਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ 'ਮੈਂ' ਪਾਤਰ ਚੇਤੰਨ ਹੋਣ ਦੇ ਬਾਵਜੂਦ ਪਤੀ ਦੀਆਂ ਵਧੀਕੀਆਂ ਦਾ ਵਿਰੋਧ ਨਹੀਂ

ਕਰਦੀ। ਰੋਸ ਵਜੋਂ ਉਹ ਪਤੀ ਤੋਂ ਭਾਵਨਾਤਮਕ ਰੂਪ ਵਿੱਚ ਦੂਰੀ ’ਤੇ ਵਿਚਰਦੀ ਹੋਈ ਤੀਜੀ ਧਿਰ ਹਰਮਨ ਵਿੱਚੋਂ ਆਪਣੇ ਮਨ ਦਾ ਸਕੂਨ ਅਤੇ ਸ਼ਾਂਤੀ ਭਾਲਣ ਲੱਗਦੀ ਹੈ। ਹਰਮਨ ਨਾਲ ਜੁੜ ਕੇ ਭਾਵੇਂ ‘ਮੈਂ’ ਪਾਤਰ ਨੂੰ ਖ਼ੁਸ਼ੀ ਮਿਲਦੀ ਹੈ ਅਤੇ ਉਹ ਕੁਝ ਸਮੇਂ ਲਈ ਆਪਣੇ ਦੁੱਖ, ਉਦਾਸੀ ਵਿੱਚੋਂ ਵੀ ਬਾਹਰ ਨਿਕਲ ਆਉਂਦੀ ਹੈ ਪ੍ਰੰਤੂ ਘਰ ਪਰਤਦਿਆਂ ਉਹ ਵਾਪਸ ਉਸੇ ਵੀਰਾਨਗੀ ਵਿੱਚ ਘਿਰ ਜਾਂਦੀ ਹੈ :

> ...ਫਿਰ ਉਹ ਚਲਾ ਜਾਂਦਾ ਹੈ ਆਪਣੇ ਘਰ ਦੇ ਸਿਰਨਾਵੇਂ ਦੀ ਤਰਫ਼। ਮੁਲਾਕਾਤ ਖ਼ਤਮ। ਕੈਦੀ ਫਿਰ ਆਪਣੀਆਂ ਆਪਣੀਆਂ ਕਾਲ ਕੋਠੜੀਆਂ ਵਿੱਚ। ਮੈਂ ਦੂਰ ਤੱਕ ਉਸਨੂੰ ਜਾਂਦਿਆਂ ਤੱਕਦੀ ਰਹਿੰਦੀ ਹਾਂ ਤੇ ਫਿਰ ਮੇਰਾ ਆਪਣਾ ਪਰਛਾਵਾਂ ਵੀ ਤੁਰ ਪੈਂਦਾ ਏ ਆਪਣੇ ਸਿਰਨਾਵੇਂ ਦੀ ਤਰਫ਼।[54]

ਇਸ ਤਰ੍ਹਾਂ ਇਹ ਕਹਾਣੀ ਇਕ ਪੜ੍ਹੀ-ਲਿਖੀ ਤੇ ਸੰਵੇਦਨਸ਼ੀਲ ਔਰਤ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ ਜਿਹੜੀ ਆਪਣੀਆਂ ਪ੍ਰਸਥਿਤੀਆਂ ਪ੍ਰਤੀ ਚੇਤੰਨ ਹੋਣ ਦੇ ਬਾਵਜੂਦ ਪਿੱਤਰਸੱਤਾ ਦੀਆਂ ਮਜ਼ਬੂਤ ਦੀਵਾਰਾਂ ਨੂੰ ਤੋੜਨ ਤੋਂ ਅਸਮੱਰਥ ਹੈ। ਉਹ ਦਮਨਕਾਰੀ ਪਿੱਤਰਕੀ ਪ੍ਰਬੰਧ ਪ੍ਰਤੀ ਰੋਸ ਤਾਂ ਪ੍ਰਗਟ ਕਰਦੀ ਹੈ, ਪਰ ਇਸ ਤੋਂ ਬਾਹਰ ਆ ਕੇ ਉਹ ਆਪਣੇ ਨਿੱਜ ਨੂੰ ਪੂਰਨ ਦੇ ਅਯੋਗ ਹੈ ।

ਕਿਰਪਾਲ ਕਜ਼ਾਕ ਦੀ ਕਹਾਣੀ ‘ਪਾਣੀ ਦੀ ਕੰਧ’ ਇਕ ਅਜਿਹੀ ਪਤਨੀ ਦੀ ਕਹਾਣੀ ਹੈ ਜਿਹੜੀ ਆਪਣੇ ਪਤੀ ਦੀਆਂ ਨਜ਼ਰਾਂ ਵਿੱਚ ਆਪਣੀ ਹੋਂਦ ਦੀ ਸਵੀਕ੍ਰਿਤੀ ਲਈ ਉਸ ਹੱਥੋਂ ਸਰੀਰਕ, ਮਾਨਸਿਕ ਸ਼ੋਸ਼ਣ ਦੀ ਸ਼ਿਕਾਰ ਹੁੰਦੀ ਹੋਈ ਅਖੀਰ ਇਕ ਵਿਦਰੋਹੀ ਔਰਤ ਦਾ ਰੂਪ ਧਾਰਨ ਕਰ ਕੇ ਸਾਹਮਣੇ ਆਉਂਦੀ ਹੈ। ਕਹਾਣੀ ਦੀ ਪਾਤਰ ਮਲਕੀਤ ਕੌਰ ਸੂਰਤ ਪੱਖੋਂ ਸਾਂਵਲੇ ਰੰਗ ਦੀ ਅਤੇ ਸਰੀਰਕ ਬਣਤਰ ਪੱਖੋਂ ਪਤਲੇ ਅਤੇ ਇਕਹਿਰੇ ਜਿਸਮ ਦੀ ਮਾਲਕ ਹੈ। ਮਲਕੀਤ ਕੌਰ ਦੀ ਅਜਿਹੀ ਬਾਹਰਲੀ ਦਿੱਖ ਉਸਦੇ ਪਤੀ ਦੇ ਮਨ ਵਿੱਚ ਕੋਈ ਆਕਰਸ਼ਣ ਪੈਦਾ ਨਹੀਂ ਕਰਦੀ ਜਿਸ ਕਾਰਨ ਉਹ ਆਪਣੀ ਪਤਨੀ ਦੀ ਦੇਹ ਨੂੰ ਬੜੇ ਨਾਟਕੀ ਢੰਗ ਨਾਲ ਵਰਤਦਾ ਹੈ। ਗਰੀਬੀ ਦਾ ਝੰਬਿਆ ਜਦੋਂ ਉਹ ਦਿਹਾੜੀਆਂ ਕਰਕੇ ਕਈ ਦਿਨਾਂ ਬਾਅਦ ਘਰ ਪਰਤਦਾ ਹੈ ਤਾਂ ਭਰੀ-ਪੂਰੀ ਤੀਵੀ ਦੀ ਦੇਹ ਨੂੰ ਮਾਨਣ ਦੀ ਭੁੱਖ ਵਿੱਚ ਤੜਪਦਾ, ਲੁੱਛਦਾ ਹੋਇਆ ਉਹ ਆਪਣੀ ਪਤਨੀ ਰਾਹੀਂ ਕਲਪਿਤ ਰੂਪ ਵਿੱਚ ਆਪਣੀ ਮਹਿਬੂਬਾ ਅਤੇ ਹੋਰ ਪਸੰਦੀਦਾ ਔਰਤਾਂ ਨੂੰ ਭੋਗਦਾ ਹੈ। ਪਤਨੀ ਦੀ ਸੁੱਕੜ ਦੇਹ ਨਾਲ ਘੁਲਦਾ ਹੋਇਆ ਉਹ ਉਸ ਨੂੰ ਪਿੰਡ ਦੀਆਂ ਵੱਖ-ਵੱਖ ਔਰਤਾਂ ਦੇ ਨਾਵਾਂ ਨਾਲ ਸੰਬੋਧਿਤ ਕਰਦਾ ਹੈ। ਪਤੀ ਦੇ ਕਹੇ ਮੁਤਾਬਕ ਭਾਵੇਂ ਪਤਨੀ ਮਲਕੀਤ ਕੌਰ ਅਲੱਗ-ਅਲੱਗ ਔਰਤਾਂ ਦਾ ਰੂਪ ਵਟਾਉਂਦੀ ਹੋਈ ਪਰੰਪਰਕ ਆਦਰਸ਼ ਭਾਰਤੀ ਪਤਨੀ ਵਜੋਂ ਪਤੀ ਨੂੰ ਪ੍ਰੇਮਸ਼ਵਰ ਜਾਣ ਕੇ ਉਸਦਾ ਹਰ ਨੈਤਿਕ/ ਅਨੈਤਿਕ ਕਾਰਜ ਨਿਭਾਉਂਦੀ ਹੈ ਪਰ ਪਤੀ ਦੁਆਰਾ ਆਪਣੀ ਹੋਂਦ ਨੂੰ ਨਿਰੰਤਰ ਦਰਕਿਨਾਰ ਕੀਤੇ ਜਾਣ ਦਾ

ਰੋਸ ਇਕ ਰਾਤ ਵਿਦਰੋਹੀ ਰੂਪ ਧਾਰ ਕੇ ਪਤੀ ਸਾਹਮਣੇ ਪ੍ਰਗਟ ਹੁੰਦਾ ਹੈ। ਕਾਮ ਵਾਸਨਾ ਵਿੱਚ ਗਲਤਾਨ ਪਤੀ ਜਦੋਂ ਪਤਨੀ ਮਲਕੀਤ ਕੌਰ ਅੱਗੇ ਆਪਣੀ ਮਨਪਸੰਦ ਤੀਵੀਂ ਬਣਨ ਦੀ ਇੱਛਾ ਜਾਹਰ ਕਰਦਾ ਹੈ ਤਾਂ ਪਾਤਰ ਮਲਕੀਤ ਕੌਰ ਪਿਛਲੇ ਦਸ ਸਾਲਾਂ ਤੋਂ ਉਸਦੇ ਵਜੂਦ ਨੂੰ ਕੁਚਲਣ ਵਾਲੇ ਪਤੀ ਦਾ ਹੁਕਮ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। ਕਹਾਣੀ ਵਿੱਚ ਇਹ ਵਿਰੋਧੀ ਅਤੇ ਤਣਾਓਪੂਰਨ ਸਥਿਤੀ ਪਤੀ-ਪਤਨੀ ਦੀ ਆਪਸੀ ਗੱਲਬਾਤ ਰਾਹੀਂ ਸਾਹਮਣੇ ਆਉਂਦੀ ਹੈ ਜਿਵੇਂ :

"ਗੱਲ ਸੁਣ ...!" ਅਕਾਰਥ ਹੀ ਉਹ ਬੋਲਿਆ।

"ਦੱਸੋ..."

"ਕੇਹੜੀ ਬਨਣਾ ਅੱਜ ਫੇ ... ਮ੍ਰਿੱਟਰਾਂ ਦੀ ਦੀਸ਼ੀ ?"

"ਊਂ ... ਹੂੰ!"

"ਹੋਰ ਕੀ...?"

"ਬਸ ਮਲਕੀਤ ਕੁਰ ...।"

"ਲੈ ਉਹ ਤਾਂ ਹੈ ਈ ਐਂ ਤੂੰ ...।"

"ਅੱਜ ਤਾਂ ਉਹੋ ਮਿਲੂ ਫੇ...।"

"ਲੈ ਤੇਰੇ 'ਚ ਕੀ ਐ ਹੁਣ?"

"ਤੈ ਈ ਰੋਲ ਤਾਂ ਫੜ ਕੇ, ਹੋਰ ਕਿਤੇ ...।" ਉਹ ਮੇਹਣੀ ਹੋ ਤੁਰੀ।[55]

ਪਾਤਰ ਮਲਕੀਤ ਕੌਰ ਦਾ ਮਰਦ ਪਤੀ ਦੀ ਇੱਛਾ ਮੁਤਾਬਕ ਕੇਵਲ ਕਾਮ-ਵਸਤੂ ਬਣ ਕੇ ਉਸਦੀ ਕਾਮ ਖੇਡ ਵਿੱਚ ਸ਼ਾਮਲ ਹੋਣ ਤੋਂ ਮੁਨਕਰ ਹੋਣ ਅਤੇ ਇਕ ਪਤਨੀ ਵਜੋਂ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਲਈ ਕੀਤਾ ਗਿਆ ਸੁਚੇਤ ਯਤਨ ਉਸ ਅੰਦਰ ਆਪਣੀਆਂ ਪ੍ਰਸਥਿਤੀਆਂ ਪ੍ਰਤੀ ਪੈਦਾ ਹੋਈ ਚੇਤਨਤਾ ਨੂੰ ਪ੍ਰਗਟਾਉਂਦਾ ਹੈ। ਇੱਕ ਪਤਨੀ ਵਜੋਂ ਪਾਤਰ ਮਲਕੀਤ ਕੌਰ ਦੀਆਂ ਇੱਛਾਵਾਂ ਅਤੇ ਲੋੜਾਂ ਹਨ ਜਿਸਨੂੰ ਜਾਣਨ ਦੀ ਉਸਦੇ ਪਤੀ ਨੇ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਆਪਣੇ ਨਿੱਜ ਤੱਕ ਸੀਮਤ ਪਤੀ ਪਤਨੀ ਦੀ ਦੇਹ ਨੂੰ ਆਪਣੇ ਭੋਗ ਵਿਲਾਸ ਦਾ ਜਰੀਆ ਤਾਂ ਬਣਾਉਂਦਾ ਹੈ ਪਰ ਆਪਣੇ ਵਿਆਹੁਤਾ ਜੀਵਨ ਦੇ ਦਸ ਸਾਲਾਂ ਦੌਰਾਨ ਉਹ ਪਤਨੀ ਨਾਲ ਕੋਈ ਮਾਨਸਿਕ ਸਾਂਝ ਨਹੀਂ ਪਾਉਂਦਾ। ਕਹਾਣੀ ਵਿੱਚ ਸਥਿਤੀ ਉਸ ਸਮੇਂ ਵਿਸਫੋਟਕ ਬਣ ਜਾਂਦੀ ਹੈ ਜਦੋਂ ਪਤੀ ਦੇ ਵਾਰ-ਵਾਰ ਪੁੱਛਣ 'ਤੇ ਪਤਨੀ ਆਪਣੇ ਮਨ ਦੀ ਇੱਛਾ ਨੂੰ ਪਤੀ ਸਾਹਮਣੇ ਪ੍ਰਗਟ ਕਰਦੀ ਹੈ:

"ਚਲ ਚੰਗਾ ਇਕ ਗੱਲ ਕਰ ਫੇਂ...."

"ਦੱਸ..."

"...ਪਹਿਲਾਂ ਸਹੁੰ ਖਾ ਮੰਨੇਂਗੀ?"

"ਸਹੁੰ ਤੇਰੀ..."

"ਚਲ ਦੱਸ, ਅੱਜ ਕੀਹਦੇ ਨਾਲ ਸੌਣਾ ਤੂੰ ...?"

"...ਚੱਲ ਜੀਹਦਾ ਮਰਜੀ ਨਾਂ ਲੈ ਤੂੰ ... ਅੱਜ ਖੁੱਲ੍ਹੀ ਛੁੱਟੀ ਐ ਤੈਨੂੰ..."

"...ਚੰਗਾ ਰੂਹ ਰਾਜੀ ਕਰ ਦੇ ਫ਼ੇ ...।" ਪਤਾ ਨਹੀਂ ਉਹ ਕਿੱਥੋਂ ਬੋਲੀ।

"ਪਟਵਾਰੀਆਂ ਕਾ ਗਿੰਦਰ ਬਣ ਜਾ ਫੇ..."[56]

ਪਾਤਰ ਮਲਕੀਤ ਕੌਰ ਪਤਨੀ ਦੇ ਸਮਾਜਿਕ ਕਿਰਦਾਰ ਵਿੱਚੋਂ ਨਿਕਲ ਕੇ ਸ਼ੁੱਧ ਪ੍ਰਾਕ੍ਰਿਤਕ ਔਰਤ ਵਜੋਂ ਵਿਚਰਦੀ ਹੋਈ ਆਪਣੀ ਅੰਤਰੀਵੀ ਅਤ੍ਰਿਪਤ ਇੱਛਾ ਦਾ ਪ੍ਰਗਟਾਵਾ ਕਰਕੇ ਪ੍ਰਾਪਤ ਸਥਿਤੀ ਨੂੰ ਉਲਟਾ ਦਿੰਦੀ ਹੈ। ਉਸਦਾ ਆਪਣੇ ਪਤੀ ਨੂੰ ਛੱਡ ਕੇ ਪਟਵਾਰੀਆਂ ਦੇ ਗਿੰਦਰ ਨੂੰ ਸੰਭੋਗ ਲਈ ਮਰਦ ਸਾਥੀ ਵਜੋਂ ਚੁਣਨਾ ਪਤੀ ਦੀ ਮਰਦਾਨਗੀ ਨੂੰ ਪ੍ਰਸ਼ਨ ਚਿੰਨ੍ਹਤ ਕਰਦਾ ਹੈ। ਪਤੀ ਜਿਹੜਾ ਕਿ ਆਪਣੇ ਆਪ ਨੂੰ ਸੰਪੂਰਨ ਮੰਨ ਕੇ ਪਤਨੀ ਦੀ ਦੇਹ ਦਾ ਸ਼ੋਸ਼ਣ ਕਰਦਾ ਹੋਇਆ ਉਸ ਰਾਹੀਂ ਵੰਨ-ਸਵੰਨੀਆਂ ਔਰਤਾਂ ਨੂੰ ਭੋਗਣ ਦਾ ਆਡੰਬਰ ਕਰਦਾ ਹੈ ਉਹੀ ਪਤੀ ਪਾਤਰ ਮਲਕੀਤ ਕੌਰ ਲਈ ਅਧੂਰਾ ਅਤੇ ਅਪੂਰਨ ਮਰਦ ਹੈ ਜਿਹੜੀ ਉਸਦੀ ਭਰਪੂਰ ਰੂਪ ਵਿੱਚ ਕਾਮੁਕ ਤ੍ਰਿਪਤੀ ਕਰਨ ਤੋਂ ਅਸਮਰੱਥ ਹੈ। ਜਿੱਥੇ ਹੁਣ ਤੱਕ ਮਰਦ ਪਤੀ ਆਪਣੀ ਪਤਨੀ ਨੂੰ ਆਪਣੀ ਕਾਮੁਕ ਅਤ੍ਰਿਪਤੀ ਲਈ ਉਲਾਂਭੇ ਦਿੰਦਾ ਹੋਇਆ ਉਸਦੀ ਕਾਮੁਕਤਾ ਨੂੰ ਘਟਾ ਕੇ ਦੇਖਦਾ ਹੈ, ਉੱਥੇ ਅੱਜ ਪਤਨੀ ਆਪਣੀ ਕਾਮ ਅਸੰਤੁਸ਼ਟੀ ਦਾ ਇਜ਼ਹਾਰ ਕਰਦੀ ਹੈ। ਪਤਨੀ ਦੇ ਮੂੰਹੋਂ ਪਰਾਏ ਮਰਦ ਦਾ ਨਾਂ ਸੁਣ ਕੇ ਪਤੀ ਦੀ ਮਰਦਾਵੀਂ ਹਉਂ ਨੂੰ ਠੋਕਰ ਵੱਜਦੀ ਹੈ ਅਤੇ ਗੁੱਸੇ ਵਿੱਚ ਆ ਕੇ ਉਹ ਪਤਨੀ ਨੂੰ ਬਿਸਤਰੇ 'ਚੋਂ ਚੁੱਕ ਕੇ ਬਾਹਰ ਵਿਹੜੇ ਵਿੱਚ ਸੁੱਟਦਾ ਹੋਇਆ ਉਸਦੇ ਚਰਿਤਰ 'ਤੇ ਲਾਂਛਣ ਲਾਉਂਦਾ ਹੈ :

"ਕੁੱਤੀਏ! ਇਹ ਕਦ ਦਾ ਚੱਲ ਰਿਹੈ ਤੇਰਾ ਕੰਜਰਖਾਨਾ"[57]

ਪਿੱਤਰੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਜਿੱਥੇ ਇਕ ਔਰਤ ਲਈ ਆਪਣੀਆਂ ਕਾਮੁਕ ਲੋੜਾਂ ਦਾ ਪ੍ਰਤੱਖ ਇਜ਼ਹਾਰ ਕਰਨਾ ਨਿੰਦਣਯੋਗ ਸਮਝਿਆ ਜਾਂਦਾ ਹੈ, ਉੱਥੇ ਇਕ ਔਰਤ (ਪਤਨੀ) ਲਈ ਪਤੀ ਦੇ ਹੁੰਦਿਆਂ ਉਸਨੂੰ ਛੱਡ ਕਿਸੇ ਗੈਰ ਮਰਦ ਪ੍ਰਤੀ ਝੁਕਾਅ ਰੱਖਣਾ ਤਾਂ ਕਦੀ ਨਾ ਮਾਫ਼ ਹੋ ਸਕਣ ਵਾਲਾ ਗੁਨਾਹ ਬਣ ਜਾਂਦਾ ਹੈ। ਕਹਾਣੀ ਵਿੱਚ ਮਰਦ ਪਤੀ ਭਾਵੇਂ ਖ਼ੁਦ ਤਰ੍ਹਾਂ-ਤਰ੍ਹਾਂ ਦੀਆਂ ਔਰਤਾਂ ਨੂੰ ਕਲਪਿਤ ਰੂਪ ਵਿੱਚ ਭੋਗਣ ਦਾ ਪਤਨੀ ਸਾਹਮਣੇ ਸ਼ਰੇਆਮ ਨਾਟਕ ਕਰਦਾ ਹੈ ਪਰ ਪਤਨੀ ਪਾਸੋਂ ਉਹ ਅਜਿਹੇ ਵਿਹਾਰ ਦੀ ਕਲਪਨਾ ਵੀ ਨਹੀਂ ਕਰ ਸਕਦਾ ਸੀ। ਇਸੇ ਵਜ੍ਹਾ ਕਰਕੇ ਹੀ ਜਦੋਂ ਉਹ ਆਪਣੀ ਪਤਨੀ ਦੀ ਦਿਲੀ ਖ਼ਾਹਿਸ਼ ਸੁਣਦਾ ਹੈ ਤਾਂ

ਉਸ ਅੰਦਰਲਾ ਮਰਦ ਤੜਪ ਜਾਂਦਾ ਹੈ। ਉਹ ਆਪਣੀ ਹੋਂਦ ਨੂੰ ਅਸਵੀਕਾਰਨ ਵਾਲੀ ਪਤਨੀ ਨੂੰ ਸਬਕ ਸਿਖਾਉਣ ਲਈ ਜਦੋਂ ਮਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਤਨੀ ਮਲਕੀਤ ਕੌਰ ਉਸਦਾ ਮੂੰਹ ਤੋੜਵਾਂ ਜਵਾਬ ਦਿੰਦੀ ਹੈ :

> "ਖਬਰਦਾਰ ਜੇ ਹੱਥ ਲਾਇਆ..." ਉਹ ਬੇਤਹਾਸ਼ਾ ਚੀਕ ਕੇ ਬੋਲੀ। ਠਰੀ ਰਾਤ ਵਿੱਚ ਉਹ ਸੁੰਨ ਹੋ ਗਿਆ। ਉਹਨੇ ਦੇਖਿਆ ਕਿ ਉਹ ਬਲਦੀ ਚਿਖਾ ਵਾਂਗ ਮੱਚ ਰਹੀ ਸੀ।[58]

ਪਾਤਰ ਮਲਕੀਤ ਕੌਰ ਦੇ ਉਪਰੋਕਤ ਬੋਲਾਂ ਵਿੱਚੋਂ ਨਾਰੀ ਦੀ ਬਦਲ ਰਹੀ ਸਥਿਤੀ ਅਤੇ ਉਸ ਅੰਦਰ ਆਪਣੀਆਂ ਅਸਤਿਤਵੀ ਲੋੜਾਂ ਪ੍ਰਤੀ ਪੈਦਾ ਹੋ ਰਹੀ ਚੇਤਨਤਾ ਦੀ ਝਲਕ ਵਿਖਾਈ ਦਿੰਦੀ ਹੈ।

ਸੁਖਜੀਤ ਦੀ ਬਹੁ-ਚਰਚਿਤ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਅਜਿਹੇ ਡੇਰਿਆਂ ਦੇ ਲੁਕਵੇਂ ਸੱਚ ਦੀਆਂ ਪਰਤਾਂ ਉਧੇੜਦੀ ਹੈ ਜਿੱਥੇ ਸਾਧਾਂ ਦੇ ਭੇਸ ਵਿੱਚ ਬੈਠੇ ਪਾਖੰਡੀ, ਢੋਂਗੀ ਅਤੇ ਬਲਾਤਕਾਰੀ ਲੋਕ, ਧਰਮ ਦੀ ਆੜ ਹੇਠ ਲੋਕਾਂ ਦੀਆਂ ਸੂਖ਼ਮ ਭਾਵਨਾਵਾਂ ਨਾਲ ਖਿਲਵਾੜ ਕਰਦੇ ਹੋਏ ਉਹਨਾਂ ਦੀਆਂ ਧੀਆਂ, ਭੈਣਾਂ ਆਦਿ ਨੂੰ ਆਪਣੀ ਕਾਮ ਹਵਸ ਦੀ ਪੂਰਤੀ ਦਾ ਸਾਧਨ ਬਣਾਉਂਦੇ ਹਨ। ਇਹ ਕਹਾਣੀ ਇਕ ਡੇਰੇ ਦੇ ਅੱਤ ਭ੍ਰਿਸ਼ਟਾਚਾਰ, ਵਿਭਚਾਰ ਅਤੇ ਵਿਕ੍ਰਿਤ ਮਾਹੌਲ ਵਿੱਚ ਸੁੱਟ ਦਿੱਤੀ ਗਈ ਮੁੱਖ ਪਾਤਰ ਜਿਹੜੀ ਕਿ ਹੁਣ 'ਨਿੱਕੇ ਬੀਬੀ ਸੈਹਬਾਂ, ਵਜੋਂ ਜਾਣੀ ਜਾਂਦੀ ਹੈ, ਦੇ ਜੀਵਨ ਦੀਆਂ ਉਹਨਾਂ ਕਰੂਰ ਪ੍ਰਸਥਿਤੀਆਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਜੋ ਉਸਨੂੰ ਇਕ ਸੰਵੇਦਨਸ਼ੀਲ ਔਰਤ ਤੋਂ ਵਿਦਰੋਹੀ ਔਰਤ ਦੇ ਰੂਪ ਵਿੱਚ ਪਰਵਰਤਿਤ ਕਰ ਦਿੰਦੀਆਂ ਹਨ। ਡੇਰੇ ਦੇ ਮੁਖੀ 'ਸੈਹਬ ਜੀ' ਦੇ ਛੋਟੇ ਭਰਾ ਨਾਲ ਮੰਗੀ ਮੁੱਖ ਪਾਤਰ ਦੀ ਜ਼ਿੰਦਗੀ ਵਿੱਚ ਉਸ ਸਮੇਂ ਘਟਨਾਵੀਂ ਮੋੜ ਆਉਂਦਾ ਹੈ ਜਦੋਂ ਉਸਦੇ ਮੰਗੇਤਰ ਦੀ ਐਕਸੀਡੈਂਟ ਵਿੱਚ ਮੌਤ ਹੋ ਜਾਂਦੀ ਹੈ। ਐਮ.ਏ. ਸਾਇਕਾਲੋਜੀ ਪਾਸ ਅਤੇ ਪੀ.ਐਚ.ਡੀ. ਕਰ ਰਹੀ ਕੋਮਲ ਭਾਵੀ ਮੁੱਖ ਪਾਤਰ ਦੇ ਮੰਗੇਤਰ ਦੀ ਮੌਤ ਉਪਰੰਤ ਮਾਪੇ ਉਸਨੂੰ ਡੇਰੇ ਦੀ ਅਮਾਨਤ ਸਮਝ ਕੇ ਡੇਰੇ ਦੇ ਕਰਤਾ-ਧਰਤਾ 'ਸੈਹਬ ਜੀ' ਨੂੰ ਸੌਂਪ ਦਿੰਦੇ ਹਨ ਜਿਸ ਪਿੱਛੇ ਉਹਨਾਂ ਦਾ ਮਕਸਦ ਬਦਲੇ ਵਿੱਚ 'ਸੈਹਬ ਜੀ' ਦੇ ਪ੍ਰਭਾਵ ਰਾਹੀਂ ਅਮਰੀਕਾ ਸੈੱਟ ਹੋਣਾ ਸੀ। ਦੂਜੇ ਪਾਸੇ 'ਸੈਹਬ ਜੀ' ਜਿਹੜਾ ਕਿ ਆਪਣੇ ਆਪ ਨੂੰ ਸੋਢੀ ਪਾਤਸ਼ਾਹ ਅਤੇ ਗੁਰੂ ਸਾਹਿਬ ਦੀ ਵੰਸ਼ ਵਿੱਚੋਂ ਸਮਝਦਾ ਸੀ ਅਤੇ ਜਿਸ ਦੀਆਂ ਗੰਦੀਆਂ ਗਾਲ੍ਹਾਂ ਨੂੰ ਲੋਕ ਪ੍ਰਸ਼ਾਦ ਸਮਝ ਕੇ ਪ੍ਰਵਾਨ ਕਰਦੇ ਸਨ, ਵੀ ਮੁੱਖ ਪਾਤਰ ਨੂੰ ਗੁਰੂ ਘਰ ਦੀ ਅਮਾਨਤ ਵਜੋਂ ਸਵੀਕਾਰਦਾ ਹੈ। ਸਥਿਤੀ ਉਸ ਸਮੇਂ ਵਿਕਰਾਲ ਰੂਪ ਧਾਰਨ ਕਰ ਜਾਂਦੀ ਹੈ ਜਦੋਂ ਇਸ ਸਭ ਕਾਸੇ ਤੋਂ ਅਣਜਾਣ ਮੁੱਖ ਪਾਤਰ ਕਾਮ ਹਵਸ ਵਿੱਚ ਅੰਨ੍ਹੇ ਹੋਏ ਆਪਣੇ ਪਿਉ ਦੀ ਉਮਰ ਦੇ 'ਸੈਹਬ ਜੀ' ਨੂੰ ਪਤੀ ਰੂਪ ਵਿੱਚ

ਆਪਣੇ ਸਾਹਮਣੇ ਖੜ੍ਹਾ ਦੇਖਦੀ ਹੈ। ਉਸਦੀ ਚੇਤਨਤਾ ਸੁੰਨ ਹੋ ਜਾਂਦੀ ਹੈ। ਜਦੋਂ ਉਹ ਆਪਣੇ ਨਾਲ ਹੋਏ ਅਨਿਆਂ ਅਤੇ ਧੋਖਾਧੜੀ ਦਾ ਵਿਰੋਧ ਕਰਨ ਲੱਗਦੀ ਹੈ ਤਾਂ 'ਸੈਹਬ ਜੀ' ਆਪਣੀ ਸੱਤਾ ਸ਼ਕਤੀ ਦੇ ਸੰਕੇਤਕ ਪ੍ਰਗਟਾਵੇ ਰਾਹੀਂ ਉਸਨੂੰ ਧਮਕਾਉਣ ਦੀ ਕੋਸ਼ਿਸ਼ ਕਰਦਾ ਹੈ :

> "ਮੈਂ ਭੈਣ 'ਚੋਂ ਤੇਰੇ ਨਾਲ ਧੱਕਾ ਨੀ ਕਰਨਾ ਚਾਹੁੰਦਾ ਪਰ ਤੂੰ ਭੈਣ 'ਚੋਂ ਮੇਰੀ 'ਪਜੀਸ਼ਨ' ਵੀ ਦੇਖ ...ਏਥੇ ਭੈਣ 'ਚੋ ਸਾਰੀ ਦੁਨੀਆਂ ਥੱਲੇ ਪੈਣ ਨੂੰ ਫਿਰਦੀ ਐ ਤੇਰੀ ਭੈਣ ਚੋ ਮੱਤ ਮਾਰੀ ਗਈ ਐ...।"[59]

ਕਹਾਣੀਕਾਰ ਪਾਤਰ 'ਸੈਹਬ ਜੀ' ਦੇ ਕਿਰਦਾਰ ਰਾਹੀਂ ਡੇਰਿਆਂ ਵਿੱਚ ਧਾਰਮਿਕ ਨੁਮਾਇੰਦੇ ਵਜੋਂ ਵਿਚਰਦੇ ਅਤੇ ਲੋਕਾਂ ਸਾਹਮਣੇ ਮਾਨਵਤਾ ਦੀ ਭਲਾਈ ਦਾ ਆਡੰਬਰ ਰਚਦੇ ਉਹਨਾਂ ਪਾਖੰਡੀ ਸਾਧੂ-ਸੰਤਾਂ ਦੇ ਅਮਾਨਵੀ ਵਿਹਾਰ ਨੂੰ ਨੰਗਾ ਕਰਦਾ ਹੈ ਜਿਹੜੇ ਆਪਣੇ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਦਬਦਬੇ ਅਤੇ ਧਨ-ਦੌਲਤ ਦੀ ਸ਼ਕਤੀ ਰਾਹੀਂ ਹਾਸਲ ਕੀਤੀ ਸੱਤਾ ਦੇ ਨਸ਼ੇ ਵਿੱਚ ਮਗਰੂਰ ਹੋ ਕੇ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਕਰ ਰਹੇ ਹਨ। ਇਹਨਾਂ ਦੁਆਰਾ ਵਿਛਾਏ ਮੱਕੜ ਜਾਲ ਵਿੱਚ ਫਸੇ ਕੁਝ ਲੋਕ ਅਗਿਆਨਤਾ ਵੱਸ ਅਤੇ ਨਿੱਜੀ ਲਾਭਾਂ ਖਾਤਰ ਆਪਣੀਆਂ ਧੀਆਂ-ਭੈਣਾਂ ਨੂੰ ਇਹਨਾਂ ਦੇ ਡੇਰਿਆਂ ਵਿੱਚ ਛੱਡ ਜਾਂਦੇ ਹਨ ਜਿਹੜੀਆਂ ਬਾਅਦ ਵਿੱਚ ਕੇਵਲ ਪਾਖੰਡੀ ਬਾਬਿਆਂ ਦੇ ਭੋਗ ਵਿਲਾਸ ਦਾ ਸਾਧਨ ਬਣ ਕੇ ਰਹਿ ਜਾਂਦੀਆਂ ਹਨ। ਜੇਕਰ ਉਹਨਾਂ ਵਿੱਚੋਂ ਕੋਈ ਔਰਤ ਆਪਣੇ ਸਰੀਰਕ, ਮਾਨਸਿਕ ਸ਼ੋਸ਼ਣ ਦਾ ਬਦਲਾ ਲੈਣ ਲਈ ਕੋਈ ਕਦਮ ਉਠਾਉਂਦੀ ਹੈ, ਜਾਂ ਤਾਂ ਉਸਨੂੰ ਮਾਰ ਕੇ ਖਪਾ ਦਿੱਤਾ ਜਾਂਦਾ ਹੈ ਜਾਂ ਉਸਨੂੰ ਡਰਾ ਧਮਕਾ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਕਹਾਣੀ ਵਿਚਲੀ ਮੁੱਖ ਪਾਤਰ ਪਿੱਤਰਤੰਤਰ ਅਤੇ ਧਰਮਤੰਤਰ ਹੱਥੋਂ ਸਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਣ ਉਪਰੰਤ ਭਾਵੇਂ ਬਦਲੇ ਦੀ ਭਾਵਨਾ ਨਾਲ ਤੜਪ ਉਠਦੀ ਹੈ ਪਰੰਤੂ ਉਹ ਡੇਰੇ ਦੀ ਸਿਆਸਤ ਨੂੰ ਸਮਝਦੀ ਹੋਈ ਸਿਸਟਮ ਨਾਲ ਸਿੱਧਾ ਟੱਕਰ ਲੈਣ ਦੀ ਬਜਾਇ ਅਸਿੱਧਾ ਢੰਗ ਅਪਣਾਉਂਦੀ ਹੈ। ਉਹ ਡੇਰੇ ਦਾ ਸਾਰਾ ਕਾਰਜ ਭਾਰ ਸੰਭਾਲਦੀ ਹੋਈ ਹੌਲੀ-ਹੌਲੀ 'ਸੈਹਬ ਜੀ' ਵਾਲੀ ਥਾਂ ਤੇ ਕਾਬਜ਼ ਹੋ ਜਾਂਦੀ ਹੈ। 'ਨਿੱਕੇ ਬੀਬੀ ਸੈਹਬਾਂ' ਵਜੋਂ ਮਸ਼ਹੂਰ ਹੋਈ ਮੁੱਖ ਪਾਤਰ ਹੁਣ ਸੈਹਬ ਜੀਅ ਵਾਂਗ ਵਿਚਰਦੀ ਅਤੇ ਗਾਲ੍ਹਾਂ ਕੱਢਦੀ ਹੈ। ਆਪਣੀ ਬਦਲੀ ਹੋਈ ਸਥਿਤੀ ਨੂੰ ਉਹ ਇਸ ਤਰ੍ਹਾਂ ਪ੍ਰਗਟਾਉਂਦੀ ਹੈ:

> ...ਪ੍ਰਵਚਨ ਸਿਰਫ਼ ਮੈਂ ਕਰਦੀ ਆਂ। ਲੋਕ ਮੇਰੇ ਪ੍ਰਵਚਨ ਨੂੰ ਓਨੀ ਹੀ ਸ਼ਰਧਾ ਨਾਲ ਸ੍ਰਵਣ ਕਰਦੇ ਨੇ, ਜਿੰਨੀ ਸ਼ਰਧਾ ਨਾਲ ਮੇਰੀਆਂ ਗਾਲ੍ਹਾਂ... ਸੱਚ ਦੱਸਾਂ, ਜਦੋਂ ਕਿਸੇ ਮੂੰਹ-ਜ਼ੋਰ ਮਰਦ ਨੂੰ ਮੂੰਹ ਭਰਕੇ ਗਾਲ੍ਹ ਕੱਢਦੀਆਂ, ਪੂਰੀ ਗੰਦੀ ਗਾਲ੍ਹ ਤਾਂ ਸੁਆਦ ਆ ਜਾਂਦੈ। ਲੱਗਦੈ

ਕਿ ਸਦੀਆਂ ਤੋਂ ਔਰਤ ਨੂੰ ਲੱਗੀਆਂ ਬੇੜੀਆਂ ਇਕ ਇਕ ਕਰਕੇ ਟੁੱਟ ਰਹੀਆਂ ਹੋਣ...।[60]

ਮੁੱਖ ਪਾਤਰ ਦੀ ਉਪਰੋਕਤ ਮਨੋਸਥਿਤੀ ਉਸ ਅੰਦਰਲੇ ਦਰਦ ਨੂੰ ਰੂਪਮਾਨ ਕਰਦੀ ਹੈ ਜਿਸ ਦਰਦ ਨੂੰ ਝੱਲਦਿਆਂ ਹੋਇਆਂ ਉਸਦੀ ਆਪਣੀ ਪ੍ਰਮਾਣਿਕ ਅਸਤਿਤਵੀ ਪਛਾਣ ਖ਼ਤਮ ਹੋ ਜਾਂਦੀ ਹੈ। ਪਿੱਤਰੀ ਸਮਾਜਿਕ ਢਾਂਚਾ ਜਿਉਂ ਹੀ ਉਸਦੀ 'ਨਿੱਕੇ ਬੀਬੀ ਸੈਹਬਾਂ' ਵਜੋਂ ਧਾਰਮਿਕ, ਸਮਾਜਿਕ ਪਛਾਣ ਸਥਾਪਿਤ ਕਰ ਦਿੰਦਾ ਹੈ, ਤਿਉਂ ਹੀ ਉਸ ਅੰਦਰਲੀ ਕੋਮਲ ਅਤੇ ਸੂਖ਼ਮਭਾਵੀ ਸੰਵੇਦਨਸ਼ੀਲ ਨਾਰੀ ਦਫਨ ਹੋ ਜਾਂਦੀ ਹੈ ਅਤੇ ਉਹ ਇਕ ਕਠੋਰ, ਸਖ਼ਤ ਅਤੇ ਉਤੇਜਿਤ ਔਰਤ ਬਣ ਕੇ ਸਾਹਮਣੇ ਆਉਂਦੀ ਹੈ। 'ਸੈਹਬ ਜੀ' ਵਾਲੀ ਪੁਜ਼ੀਸਨ ਹਾਸਿਲ ਕਰਦੀ ਹੋਈ ਉਹ ਆਪਣੀਆਂ ਭਾਵਨਾਵਾਂ ਦਾ 'ਰੇਪ' ਕਰਨ ਵਾਲੇ 'ਸੈਹਬ ਜੀ' ਅਤੇ ਉਸਦੇ ਚੇਲੇ-ਚਮਚਿਆਂ ਦੀਆਂ ਭਾਵਨਾਵਾਂ ਨੂੰ ਕੁਚਲਦੀ ਹੋਈ ਆਪਣੇ ਸ਼ੋਸ਼ਣ ਦਾ ਬਦਲ ਲੈਂਦੀ ਹੈ ਜਿਸਨੂੰ ਉਹ 'ਰੇਪ' ਦਾ ਨਾਂ ਦਿੰਦੀ ਹੈ ਬਲਕਿ ਇਸ ਦਮਨਕਾਰੀ ਰੋਲ ਨੂੰ ਨਿਭਾਉਂਦੀ ਹੋਈ ਸਭ ਕੁਝ ਨੂੰ ਇੰਜੁਆਏ ਵੀ ਕਰਦੀ ਹੈ। ਕਹਾਣੀ ਵਿੱਚ ਡੇਰੇ ਦੇ ਸਰਧਾਲੂ ਕਾਮਰੇਡ ਦਾ ਪੁੱਤਰ ਸੁਮੀਤ ਜਦੋਂ ਮੁੱਖ ਪਾਤਰ ਦੀ ਰੇਪ ਨੂੰ ਇੰਜੁਆਏ ਕਰਨ ਵਾਲੀ ਗੱਲ ਤੋਂ ਚਿੜ੍ਹਦਾ ਹੋਇਆ 'ਰੇਪ' ਦਾ ਸ਼ਿਕਾਰ ਹੋਈ ਮੁੱਖ ਪਾਤਰ ਦੀ ਸਥਿਤੀ ਨੂੰ ਆਪਣੇ ਮਰਦਾਵੇਂ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰਨ ਦਾ ਯਤਨ ਕਰਦਾ ਹੈ ਤਾਂ ਮੁੱਖ ਪਾਤਰ (ਨਿੱਕੇ ਬੀਬੀ ਸੈਹਬਾਂ) ਸਮੁੱਚੇ ਮਰਦਾਵੇਂ ਸਮਾਜ 'ਤੇ ਕਟਾਖ਼ਸ਼ ਕਰਦੀ ਹੋਈ ਸਿਸਟਮ ਪ੍ਰਤੀ ਆਪਣਾ ਗੁੱਸਾ ਤੇ ਵਿਦਰੋਹ ਪ੍ਰਗਟ ਕਰਦੀ ਕਹਿੰਦੀ ਹੈ :

ਮੈਂ ਕਦੋਂ ਕੈਂਹਨੀਆਂ ਸਾਲਿਆ ਕਿ ਜੀਹਦੇ ਨਾਲ 'ਰੇਪ' ਹੁੰਦੈ ਉਹ 'ਇੰਜੁਆਏ' ਕਰਦੈ, ਮੈਂ ਕੈਂਹਨੀਆਂ ਕਿ ਜਿਹੜਾ ਰੇਪ ਕਰਦੈ ਉਹ ਇੰਜੁਆਏ ਕਰਦੈ ...ਤੇ ਮੈਂ ਅੱਜਕੱਲ੍ਹ ਰੇਪ ਨੂੰ ਇੰਜੁਆਏ ਕਰਦੀ ਆਂ ...ਹੋਰ ਕਿੰਨਾ ਕੁੱਛ ਇੰਜੁਆਏ ਕਰਦੀ ਆਂ ਦੱਸਦੀਆਂ ਤੈਨੂੰ ਆ ਕੇ ...ਅੱਜ ਟੱਕਰਦੀਆਂ ਤੈਨੂੰ ਭੈਣ ਚੋ...।[61]

ਕਹਾਣੀ ਦੇ ਅੰਤ ਵਿੱਚ ਮੁੱਖ ਪਾਤਰ ਦੁਆਰਾ ਕਹੇ ਉਪਰੋਕਤ ਬੋਲ ਜਿੱਥੇ ਪੀੜਤ ਧਿਰ ਦੇ ਅੰਦਰੂਨੀ ਦੁੱਖ ਨੂੰ ਬਿਆਨ ਕਰਦੇ ਹਨ, ਉੱਥੇ ਸੱਤਾਸ਼ਾਲੀ ਅਤੇ ਤਾਕਤਵਰ ਵਰਗ ਵੱਲੋਂ ਨਿਮਨ ਅਤੇ ਸੱਤਾਹੀਣ ਵਰਗ ਉੱਤੇ ਢਾਹੇ ਜਾਂਦੇ ਜ਼ੁਲਮ ਅਤੇ ਸ਼ੋਸ਼ਣ 'ਤੇ ਵੀ ਵਿਅੰਗ ਕਰਦੇ ਹਨ। ਜਿਸ ਸੱਤਾ ਸ਼ਕਤੀ ਦੁਆਰਾ ਮੁੱਖ ਪਾਤਰ ਦੇ ਪ੍ਰਮਾਣਿਕ ਅਸਤਿਤਵ ਨੂੰ ਕੁਚਲਿਆ ਜਾਂਦਾ ਹੈ, ਉਸੇ ਸੱਤਾ ਸ਼ਕਤੀ ਨੂੰ ਹਾਸਿਲ ਕਰਕੇ ਮੁੱਖ ਪਾਤਰ ਆਪਣੇ ਨਾਲ ਹੋਏ ਅਨਿਆਂ ਅਤੇ ਜ਼ੁਲਮ ਦਾ ਬਦਲਾ ਲੈਂਦੀ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਿੱਤਰੀ ਸਮਾਜ ਵਿੱਚ ਉਹ ਮਰਦ ਦੇ ਵਿਰੋਧ ਵਿੱਚ ਖੜ੍ਹ ਕੇ ਜਿਸ ਭਾਸ਼ਾ (ਗਾਲ੍ਹਾਂ) ਦਾ ਪ੍ਰਯੋਗ ਕਰਦੀ ਹੈ ਉਹ ਭਾਸ਼ਾ

ਵੀ ਨਾਰੀ ਦੇ ਵਿਰੋਧ ਵਿੱਚ ਹੀ ਸਿਰਜੀ ਗਈ ਹੈ। ਉਹ ਮਰਦਾਵੇਂ ਸਮਾਜ ਪ੍ਰਤੀ ਆਪਣਾ ਵਿਰੋਧ ਦਰਜ ਕਰਾਉਣ ਲਈ ਜਿਹਨਾਂ ਗੰਦੀਆਂ ਗਾਲ੍ਹਾਂ ਨੂੰ ਜ਼ਰੀਆ ਬਣਾਉਂਦੀ ਹੈ, ਉਹ ਗਾਲ੍ਹਾਂ ਵੀ ਔਰਤ ਨੂੰ ਹੀ ਘਟਾ ਕੇ ਪੇਸ਼ ਕਰਦੀਆਂ ਹਨ। ਪਰ ਦੇਖਿਆ ਜਾਵੇ ਤਾਂ ਇਸਦਾ ਇਕ ਪਹਿਲੂ ਇਹ ਵੀ ਹੈ ਕਿ ਔਰਤ ਕੋਲ ਆਪਣੀ ਕੋਈ ਭਾਸ਼ਾ ਹੀ ਨਹੀਂ ਜਿਸ ਰਾਹੀਂ ਉਹ ਆਪਣਾ ਵਿਰੋਧ ਪ੍ਰਗਟ ਕਰ ਸਕੇ। ਭਾਵੇਂ ਕਿ ਮੁੱਖ ਪਾਤਰ (ਨਿੱਕੇ ਬੀਬੀ ਸੈਹਬਾਂ) ਚੇਤਨਤਾ ਦੀ ਘਾਟ ਕਾਰਨ ਆਪਣਾ ਵਿਦਰੋਹ ਪ੍ਰਗਟ ਕਰਨ ਲਈ ਮਰਦਾਵੀਂ ਭਾਸ਼ਾ ਦਾ ਇਸਤੇਮਾਲ ਕਰਦੀ ਹੈ ਪਰ ਨਾਰੀ ਮੁਹਾਵਰੇ ਵਾਲੀ ਭਾਸ਼ਾ ਦੀ ਅਣਹੋਂਦ ਕਾਰਨ ਉਸ ਕੋਲ ਜੋ ਮੌਜੂਦ ਭਾਸ਼ਾ ਹੈ ਉਸਨੂੰ ਵਰਤਣਾ ਉਸਦੀ ਮਜ਼ਬੂਰੀ ਵੀ ਹੈ ਅਤੇ ਲੋੜ ਹੈ। ਉੱਤਰ-ਸੰਰਚਨਾਵਾਦੀ ਨਾਰੀਵਾਦੀ ਚਿੰਤਕ ਇਸੇ ਲਈ ਤਾਂ ਨਾਰੀ ਨੂੰ ਆਪਣੀ ਭਾਸ਼ਾ ਇਜ਼ਾਦ ਕਰਨ ਤੇ ਜ਼ੋਰ ਦਿੰਦੀਆਂ ਹਨ ਤਾਂ ਜੋ ਉਹ ਆਪਣੀ ਨਾਰੀ ਭਾਸ਼ਾ ਰਾਹੀਂ ਆਪਣਾ ਵਿਰੋਧ ਪ੍ਰਗਟ ਕਰ ਸਕੇ ਅਤੇ ਆਪਣੇ ਪ੍ਰਮਾਣਿਕ ਅਸਤਿਤਵ ਨੂੰ ਪ੍ਰਗਟਾ ਸਕੇ।

ਜਤਿੰਦਰ ਸਿੰਘ ਹਾਂਸ ਕਹਾਣੀ 'ਨੰਗੇਜ' ਵਿੱਚ ਪਾਤਰ ਬੰਸੋ ਰਾਹੀਂ ਪਿੱਤਰੀ ਸਮਾਜਿਕ ਪ੍ਰਬੰਧ ਦੇ ਉਸ ਕੋਹਜੇ ਪੱਖ ਨੂੰ ਨੰਗਿਆ ਕਰਦਾ ਹੈ ਜਿੱਥੇ ਪਿੱਤਰਕੀ ਸਭਿਆਚਾਰਕ ਵਰਜਣਾਵਾਂ ਨੂੰ ਤੋੜਨ ਵਾਲੀ ਔਰਤ ਨੂੰ ਮਰਦਾਵਾਂ ਸਮਾਜ ਚਗਲ, ਬਦਚਲਣ, ਬਦਕਾਰ, ਵਿਭਚਾਰਣ ਆਦਿ ਸ਼ਬਦਾਂ ਨਾਲ ਸੰਬੋਧਿਤ ਕਰਦਾ ਹੋਇਆ ਉਸ ਪ੍ਰਤੀ ਨਕਾਰਾਤਮਕ ਨਜ਼ਰੀਆ ਧਾਰਨ ਕਰ ਲੈਂਦਾ ਹੈ, ਉੱਥੇ ਦੂਜੇ ਪਾਸੇ ਜੇਕਰ ਉਹ ਔਰਤ ਆਪਣੀ ਵਸਤੂ ਬਣੀ ਸਥਿਤੀ ਤੋਂ ਉੱਪਰ ਉੱਠਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਹੀ ਸਮਾਜ ਉਸ ਨੂੰ ਮੁੜ ਪਹਿਲਾਂ ਵਾਲੀ ਸਥਿਤੀ ਵਿੱਚ ਸੁੱਟਣ ਲਈ ਨਾ ਤਾਂ ਕੋਈ ਕਸਰ ਬਾਕੀ ਛੱਡਦਾ ਹੈ ਅਤੇ ਨਾ ਹੀ ਉਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਹੀ ਬਦਲਣ ਲਈ ਤਿਆਰ ਹੁੰਦਾ ਹੈ। ਕਹਾਣੀ ਦੀ ਪਾਤਰ ਬੰਸੋ ਦਲਿਤ ਪਰਿਵਾਰ ਨਾਲ ਸੰਬੰਧਿਤ ਅਜਿਹੀ ਔਰਤ ਹੈ ਜਿਸਨੂੰ ਉਸਦਾ ਪਿਤਾ ਬੇਹੱਦ ਗ਼ਰੀਬ ਪਰਿਵਾਰ ਦੇ ਸਿੱਧੜ ਕੈਲੇ ਨਾਲ ਇਸ ਲਈ ਵਿਆਹ ਦਿੰਦਾ ਹੈ ਕਿਉਂਕਿ ਪਾਤਰ ਬੰਸੋ ਨੇ ਕੁਆਰਿਆਂ ਹੀ ਵਰਜਿਤ ਸੰਬੰਧਾਂ ਰਾਹੀਂ ਗਰਭ ਧਾਰਨ ਕਰ ਲਿਆ ਸੀ। ਕੈਲੇ ਨਾਲ ਵਿਆਹੀ ਪਾਤਰ ਬੰਸੋ ਜਦੋਂ ਵਿਆਹ ਤੋਂ ਬਾਅਦ ਪੰਜਵੇਂ ਮਹੀਨੇ ਵਿੱਚ ਹੀ ਇਕ ਕੁੜੀ ਨੂੰ ਜਨਮ ਦਿੰਦੀ ਹੈ ਤਾਂ ਉਸਦੇ ਸਹੁਰੇ ਕਰਤਾਰੇ ਲਈ ਇਹ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ। ਪਰ ਆਰਥਿਕ ਤੰਗੀਆਂ-ਤੁਰਸ਼ੀਆਂ ਅਤੇ ਮਸਾਂ ਵਿਆਹੇ ਪੁੱਤ ਕੈਲੇ ਦਾ ਘਰ ਖ਼ਰਾਬ ਕਰਨ ਦੇ ਡਰੋਂ ਉਹ ਆਪਣਾ ਗੁੱਸਾ ਅੰਦਰ ਹੀ ਪੀ ਜਾਂਦਾ ਹੈ। ਜਿਹੜਾ ਕਰਤਾਰਾ ਪਹਿਲਾਂ ਸਾਰੇ ਪਿੰਡ ਦੀਆਂ ਔਰਤਾਂ 'ਚੋਂ ਸੁਨੱਖੀ ਆਪਣੀ ਨੂੰਹ ਬੰਸੋ ਦੀ ਤਾਰੀਫ਼ ਕਰਦਾ ਥੱਕਦਾ ਨਹੀਂ ਸੀ, ਹੁਣ ਉਸ ਲਈ ਉਹੀ ਨੂੰਹ ਕਮਜਾਤ ਤੇ ਕੰਜਰੀ ਬਣ ਗਈ ਸੀ। ਇਸੇ ਈਰਖਾ ਕਾਰਨ ਪਾਤਰ ਕਰਤਾਰਾ ਬੰਸੋ ਦੇ ਸ਼ਿਲੇ ਤੋਂ ਉੱਠਣ ਦੀ ਉਡੀਕ ਵੀ ਨਹੀਂ ਕਰਦਾ ਤੇ ਉਸਦੇ ਸਿਰ ਤੇ ਗੋਹੇ ਦੀ ਟੋਕਰੀ ਰਖਵਾ ਦਿੰਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਲੋਕਾਂ ਦੇ ਘਰਾਂ ਵਿੱਚ

ਕੰਮ ਕਰਦੀ ਦਲਤਿ ਪਰਿਵਾਰ ਦੀ ਖ਼ੂਬਸੂਰਤ ਨੂੰਹ ਬੰਸੋ ਨੂੰ ਪਿੰਡ ਦੇ ਮਰਦ ਆਪਣੀ ਕਾਮ ਹਵਸ ਨੂੰ ਮਿਟਾਉਣ ਲਈ ਜਿੱਥੇ ਸਮਾਜਿਕ ਓਹਲੇ ਵਿੱਚ ਉਸਨੂੰ ਵਸਤ ਵਾਂਗ ਵਰਤਦੇ ਹਨ, ਉੱਥੇ ਗਰੀਬੀ ਨਾਲ ਘੁੱਲਦੀ ਹੋਈ ਪਾਤਰ ਬੰਸੋ ਵੀ ਮਜ਼ਬੂਰੀ ਵੱਸ ਵੱਖ-ਵੱਖ ਮਰਦਾਂ ਨਾਲ ਵਿਵਰਜਿਤ ਸੰਬੰਧ ਬਣਾਉਂਦੀ ਹੈ। ਜਦੋਂ ਪਾਤਰ ਬੰਸੋ ਦਾ ਸਹੁਰਾ ਲੋਕਾਂ ਦੇ ਇਕੱਠ ਵਿੱਚ ਉਸ ’ਤੇ ਬਦਚਲਣ ਅਤੇ ਚਰਿੱਤਹੀਣਤਾ ਦਾ ਦੋਸ਼ ਲਾਉਂਦਾ ਹੋਇਆ ਉਸਨੂੰ ਜਾਨੋਂ ਮਾਰਨ ਲੱਗਦਾ ਹੈ ਤਾਂ ਪਾਤਰ ਬੰਸੋ ਸਮਾਜਿਕ ਇਕੱਠ ਦੇ ਸਾਹਮਣੇ ਪਿੱਤਰੀ ਸਮਾਜਿਕ ਪ੍ਰਬੰਧ ਦੇ ਦੋਹਰੇ ਮਾਪਦੰਡਾਂ ਅਤੇ ਮਰਦਾਂ ਦੇ ਦੋਗਲੇ ਕਿਰਦਾਰ ਦਾ ਪਾਜ ਉਘਾੜਦੀ ਹੋਈ ਇਕ ਦਲੇਰ ਤੇ ਮਜ਼ਬੂਤ ਔਰਤ ਬਣ ਕੇ ਉਭਰਦੀ ਹੈ :

> “ਹਾਂ ਮੈਂ ਲੰਡੀ-ਲੁੱਚੀ ਆਂ ਮੇਰੇ ਪਿਓ ਦਿਆ ਸਾਲਿਆ। ਮੈਂ ਤਾਂ ਲੁੱਚੀ ਆਂ। ਮੈਨੂੰ ਦੱਸ ਇੱਥੇ ਦੁੱਧ ਧੋਤਾ ਕੌਣ ਆ, ਤੂੰ ਏ ਨਾਲੇ...।” ਉਹ ਲੋਕਾਂ ਵੱਲ ਹੱਥ ਕਰਕੇ ਚੁੱਪ ਕਰਗੀ। ਜਿਹਨਾਂ ਦੀਆਂ ਦਾਹੜੀਆਂ ਵਿੱਚ ਤਿਣਕੇ ਸੀ ਅੱਖਾਂ ਚੁਰਾਉਣ ਲੱਗੇ।
>
> “ਆਬਦੇ ਮੁੰਡੇ ਨੂੰ ਪੁੱਛ ਉਹਨੂੰ ਰੱਜਵੀਂ ਰੋਟੀ ਮਿਲਦੀ ਆ ਜਾਂ ਨਹੀਂ, ਬਾਕੀ ਦੀਆਂ ਬਚਦੀਆਂ ਕਾਵਾਂ ਨੂੰ ਪਾਵਾਂ ਚਾਹੇ ਕੁੱਤਿਆਂ ਨੂੰ।”[62]

ਪਾਤਰ ਬੰਸੋ ਆਪਣੇ ਘਰ ਮੱਤਾਂ ਦੇਣ ਆਏ ਧਰਮ ਦੇ ਠੇਕੇਦਾਰ ਗਿਆਨੀ ਨੂੰ ਸਵਾਲ ਕਰਦੀ ਹੈ :

> “ਮੈਨੂੰ ਸਮਝਿਆ ਕਿਸੇ ਨੇ ਧੀ ਭੈਣ, ਸਾਰਾ ਪਿੰਡ ਆਉਂਦਾ ਏਥੇ ਮੱਥਾ ਰਗੜਨ, ਗੰਦਾ ਖਾਣ ...ਮੈਂ ਕਿਸੇ ਕੰਜਰ ਨੂੰ ਸੱਦਣ ਜਾਨੀ ਆਂ ...ਅੱਜ ਤੂੰ ਆ ਗਿਆ ਦਾਹੜੀ ਕੱਢ ਕੇ ...।”[63]

ਦਰਅਸਲ ਪਾਤਰ ਬੰਸੋ ਨੂੰ ਬਦਚਲਣ, ਬਦਕਾਰ ਬਣਾਉਣ ਵਾਲਾ ਉਹ ਪਿੱਤਰੀ ਸਮਾਜ ਹੀ ਹੈ ਜਿਸ ਵਿੱਚ ਉਹ ਰਹਿੰਦੀ ਹੈ। ਗ਼ਰੀਬ ਪਰਿਵਾਰ ਦੀ ਧੀ ਬੰਸੋ ਖ਼ੂਬਸੂਰਤੀ ਕਾਰਨ ਪਹਿਲਾਂ ਪੇਕੇ ਰਹਿੰਦਿਆਂ ਹਵਸੀ ਮਰਦਾਂ ਦੇ ਕਾਮ ਭੋਗ ਦਾ ਜਰੀਆ ਬਣਦੀ ਹੈ ਅਤੇ ਬਾਅਦ ਵਿੱਚ ਸਹੁਰੇ ਪਿੰਡ ਦੇ ਕੁਝ ਮਰਦ ਉਸਦੀ ਗ਼ਰੀਬੀ, ਮਜ਼ਬੂਰੀ ਦਾ ਫਾਇਦਾ ਚੁੱਕਦੇ ਹੋਏ ਆਪਣੀਆਂ ਕਾਮੁਕ ਲੋੜਾਂ ਲਈ ਵਰਤਦੇ ਹਨ। ਆਰਥਿਕ ਤੰਗੀਆਂ-ਤੁਰਸ਼ੀਆਂ ਵਿੱਚ ਘਿਰੀ ਪਾਤਰ ਬੰਸੋ ਵੀ ਆਪਣੀ ਦੇਹ ਦਾ ਇਸਤੇਮਾਲ ਕਰਦੀ ਹੈ ਪਰ ਸੋਝੀ ਆਉਣ ਉਪਰੰਤ ਉਹ ਆਪਣੀ ਵਸਤੂ ਬਣੀ ਹੋਂਦ ਤੋਂ ਉੱਪਰ ਉੱਠਣ ਦਾ ਸੁਚੇਤ ਯਤਨ ਕਰਦੀ ਹੋਈ ਅੰਮ੍ਰਿਤ ਛਕ ਕੇ ਸਿੰਘਣੀ ਬਣ ਜਾਂਦੀ ਹੈ। ਪ੍ਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਬੰਸੋ ਤੋਂ ਹਰਬੰਸ ਕੌਰ ਬਣਨ ਦੇ ਬਾਵਜੂਦ ਪਿੱਤਰੀ ਸਮਾਜ ਦੀਆਂ ਨਜ਼ਰਾਂ ਵਿੱਚ ਉਸਦਾ ਕਿਰਦਾਰ ਨੀਵਾਂ ਹੀ ਗਿਣਿਆ ਗਿਆ ਸੀ। ਪਾਤਰ ਨੇਤਰ ਸਿੰਹੁ ਜਿਹੜਾ ਕਿ ਆਪਣੀਆਂ

ਕਾਮੁਕ ਲੋੜਾਂ ਦੀ ਤ੍ਰਿਪਤੀ ਲਈ ਬੰਸੋ ਦੇ ਘਰ ਜਾਂਦਾ ਸੀ, ਉਹ ਬਾਅਦ ਵਿੱਚ ਗੁਰਦੁਆਰੇ ਸੇਵਾ ਕਰਨ ਆਈ ਹਰਬੰਸ ਕੌਰ ਪ੍ਰਤੀ ਘ੍ਰਿਣਾ ਅਤੇ ਗਿਲਾਨੀ ਦੇ ਭਾਵ ਵਿਅਕਤ ਕਰਦਾ ਆਖਦਾ ਹੈ :

> "ਕੁੱਤੀ ਤੀਵੀਂ ਦੇਗ ਆਲੀ ਕੜਾਹੀ 'ਤੇ ਚੜ੍ਹੀ ਬੈਠੀ, ਮੇਰੀ ਦੇਗ ਖਾਣ ਨੂੰ ਵੱਢੀ ਰੂਹ ਨਾ ਕਰੇ, ਬਾਹਰ ਆ ਕੇ ਕੁੱਤਿਆਂ ਨੂੰ ਪਾਈ।"[64]

ਕਹਾਣੀਕਾਰ ਪਾਤਰ ਨੇਤਰ ਸਿਹੁੰ ਰਾਹੀਂ ਪਿੱਤਰਕੀ ਸਮਾਜਿਕ ਪ੍ਰਬੰਧ ਦੇ ਉਸ ਕਰੂਰ ਸੱਚ ਨੂੰ ਸਾਹਮਣੇ ਲਿਆਉਂਦਾ ਹੈ ਜਿੱਥੇ ਇਕ ਪਾਸੇ ਸਭਿਆਚਾਰਕ ਮਰਿਆਦਾਵਾਂ ਨੂੰ ਤੋੜਨ ਵਾਲੀ ਔਰਤ ਨੂੰ ਹਮੇਸ਼ਾ ਘ੍ਰਿਣਾ ਦੀ ਪਾਤਰ ਬਣਾ ਕੇ ਦੁਰਕਾਰਿਆ ਜਾਂਦਾ ਹੈ ਅਤੇ ਉਸਨੂੰ ਸਮਾਜਿਕ ਪੱਧਰ 'ਤੇ ਹਾਸ਼ੀਏ ਤੇ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਉੱਥੇ ਦੂਜੇ ਪਾਸੇ ਉਸੇ ਸਮਾਜ ਦੀਆਂ ਮਰਿਆਦਾਵਾਂ ਨੂੰ ਤੋੜਨ ਵਾਲੇ ਮਰਦ ਉੱਪਰ ਨਾ ਤਾਂ ਚਰਿਤਰਹੀਣਤਾ ਦਾ ਦੋਸ਼ ਹੀ ਓਨੀ ਕਰੜਾਈ ਨਾਲ ਲਾਇਆ ਜਾਂਦਾ ਹੈ ਅਤੇ ਨਾ ਹੀ ਉਸਨੂੰ ਹਾਸ਼ੀਏ 'ਤੇ ਹੀ ਧੱਕਿਆ ਜਾਂਦਾ ਹੈ ਬਲਕਿ ਖ਼ੁਦ ਦੋਸ਼ੀ ਮਰਦ ਵੀ ਸਮਾਜ ਵਿੱਚ ਬਿਨਾਂ ਕਿਸੇ ਗੁਨਾਹ ਭਾਵਨਾ ਅਤੇ ਆਤਮ ਗਿਲਾਨੀ ਦੇ ਵਿਚਰਦਾ ਹੈ। ਕਹਾਣੀ ਵਿੱਚ ਪਾਤਰ ਨੇਤਰ ਸਿੰਘ ਵਾਂਗ ਪਾਤਰ ਗਿਆਨੀ ਜੀ ਦਾ ਵੀ ਦੋਗਲਾ ਕਿਰਦਾਰ ਅਤੇ ਦੰਭੀ ਮਾਨਸਿਕਤਾ ਉੱਭਰ ਕੇ ਸਾਹਮਣੇ ਆਉਂਦੇ ਹਨ। ਪਾਤਰ ਗਿਆਨੀ ਜੀ ਜਿਹੜਾ ਆਪਣੇ ਆਪ ਨੂੰ ਧਾਰਮਿਕ ਬਿਰਤੀ ਤੇ ਸੱਚੇ-ਸੁੱਚੇ ਕਿਰਦਾਰ ਦਾ ਮਾਲਕ ਸਮਝਦਾ ਹੈ, ਪਹਿਲਾਂ ਪਾਤਰ ਬੰਸੋ ਨੂੰ ਚਗਲ, ਕੁੱਤੀ ਤੀਵੀਂ, ਕਮਜ਼ਾਤ, ਵੇਸਵਾ ਆਦਿ ਕਹਿ ਕੇ ਦੁਰਕਾਰਦਾ ਹੋਇਆ ਉਸਨੂੰ ਧਰਮ ਦੇ ਪਵਿੱਤਰ ਰਸਤੇ 'ਤੇ ਚਲਣ ਦਾ ਉਪਦੇਸ਼ ਦਿੰਦਾ ਹੈ ਪਰ ਬਾਅਦ ਵਿੱਚ ਖ਼ੁਦ ਹੀ ਬੰਸੋ ਨੂੰ ਭੋਗਣ ਲਈ ਉਤਾਵਲਾ ਹੋ ਜਾਂਦਾ ਹੈ। ਆਪਣੀਆਂ ਕਾਮੁਕ ਇੱਛਾਵਾਂ ਨੂੰ ਧਰਮ ਦੇ ਮਖੌਟੇ ਅਧੀਨ ਦਬਾ ਕੇ ਰੱਖਣ ਵਾਲਾ ਪਾਤਰ ਗਿਆਨੀ ਜਦੋਂ ਬੰਸੋ ਨੂੰ ਅੰਮ੍ਰਿਤ ਵੇਲੇ ਗੁਰਦੁਆਰੇ ਦੇ ਨਲਕੇ 'ਤੇ ਨਹਾਉਂਦੀ ਵੇਖਦਾ ਹੈ ਤਾਂ ਉਸਦਾ ਆਪਾ ਵੱਸੋਂ ਬਾਹਰ ਹੋ ਜਾਂਦਾ। ਕਾਮ ਹਵਸ ਵਿੱਚ ਬੇਸੁਧ ਹੋਇਆ ਉਹ ਕਦੋਂ ਪਾਤਰ ਬੰਸੋ ਦੀ ਬਾਂਹ ਫੜ ਲੈਂਦਾ ਹੈ ਉਸਨੂੰ ਪਤਾ ਹੀ ਨਹੀਂ ਲੱਗਦਾ। ਪਾਤਰ ਬੰਸੋ ਕਾਮਰੂਪ ਬਣੇ ਗਿਆਨੀ ਤੋਂ ਜਿੱਥੇ ਆਪਣੀ ਇੱਜ਼ਤ ਦੀ ਰੱਖਿਆ ਕਰਦੀ ਹੈ, ਉੱਥੇ ਉਸਦੇ ਦੋਗਲੇ ਕਿਰਦਾਰ ਨੂੰ ਵੀ ਨੰਗਾ ਕਰਦੀ ਹੈ:

> "ਬੇਸ਼ਰਮਾ ਵਾਂਗ ਕੀ ਖੜ੍ਹਾ ਗਿਆਨੀ" ..."ਟੁੱਟ ਪੈਣਾ ਕੈਦੋਂ
> ...ਰੱਬ ਦੇ ਘਰ ਆ ਕੇ ਵੀ ...ਕੁੱਤਾ ਕਿਤੇ ਦਾ ...।"[65]

ਇਸ ਤਰ੍ਹਾਂ ਪਾਤਰ ਬੰਸੋ ਇੱਥੇ ਸਮਾਜ ਦੇ ਅਸਲ ਨੰਗੇਜ਼ ਤੋਂ ਪਰਦਾ ਚੁੱਕ ਕੇ ਨੰਗੇਜ਼ ਦੇ ਪ੍ਰਵਾਨਿਤ ਤੇ ਪ੍ਰਚਲਿਤ ਅਰਥਾਂ ਨੂੰ ਪਲਟਾਉਂਦੀ ਹੋਈ ਇਕ ਜਾਗਰੂਕ ਔਰਤ ਦਾ ਪ੍ਰਮਾਣ ਪੇਸ਼ ਕਰਦੀ ਹੈ।

ਉਪਰੋਕਤ ਕਹਾਣੀਆਂ ਦੇ ਵਿਸ਼ਲੇਸ਼ਣ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਸਮਕਾਲੀ ਭਾਰਤੀ ਪੰਜਾਬੀ ਕਹਾਣੀ ਨਾਰੀ ਦੇ ਨਿੱਜੀ ਦੁੱਖਾਂ, ਚਿੰਤਾਵਾਂ, ਸਮੱਸਿਆਵਾਂ, ਸੁਪਨਿਆਂ, ਇੱਛਾਵਾਂ ਅਤੇ ਅਕਾਂਖਿਆਵਾਂ ਨੂੰ ਹੀ ਚਿਤਰਨ ਤੱਕ ਮਹਿਦੂਦ ਨਹੀਂ ਰਹਿੰਦੀ ਸਗੋਂ ਸਮੁੱਚੀ ਨਾਰੀ ਹੋਂਦ ਨੂੰ ਜਟਿਲ ਪਿੱਤਰਕੀ ਸਮਾਜ-

ਸਭਿਆਚਾਰਕ ਪ੍ਰਬੰਧ ਦੇ ਵਿਸ਼ਾਲ ਪਸਾਰੇ ਵਿੱਚ ਰੱਖ ਕੇ ਸਮਝਣ ਲਈ ਯਤਨਸ਼ੀਲ ਹੈ। ਇਹ ਕਹਾਣੀ ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਅਤੇ ਪਿੱਤਰਕੀ ਮੁੱਲਾਂ ਨੂੰ ਪ੍ਰਣਾਈ ਭਾਰਤੀ ਪੰਜਾਬੀ ਨਾਰੀ ਤੋਂ ਲੈ ਕੇ ਆਪਣੀ ਵਿਕਅਕਤੀਗਤ ਹੋਂਦ ਤੇ ਪਛਾਣ ਦੀ ਸਥਾਪਤੀ, ਆਜ਼ਾਦੀ ਅਤੇ ਮਾਨਵੀ ਅਧਿਕਾਰ ਹਾਸਲ ਕਰਨ ਲਈ ਜਦੋ-ਜਹਿਦ ਕਰ ਰਹੀ ਚੇਤੰਨ ਔਰਤ ਦੀ ਤਸਵੀਰ ਪੇਸ਼ ਕਰ ਰਹੀ ਹੈ। ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਪੜ੍ਹੀ-ਲਿਖੀ ਅਤੇ ਆਪਣੀ ਸਥਿਤੀ ਪ੍ਰਤੀ ਜਾਗ੍ਰਿਤ ਹੋ ਰਹੀ ਨਾਰੀ ਪ੍ਰੰਪਰਕ ਭਾਰਤੀ ਔਰਤ ਵਾਂਗ ਸਦੀਆਂ ਤੋਂ ਚਲੀਆਂ ਆ ਰਹੀਆਂ ਔਰਤ ਵਿਰੋਧੀ ਸਥਾਪਿਤ ਮਿੱਥਕ ਧਾਰਣਾਵਾਂ ਅਤੇ ਪਿੱਤਰਕੀ ਪ੍ਰੰਪਰਾਵਾਂ ਨੂੰ ਜਿਉਂ ਦਾ ਤਿਉਂ ਸਵੀਕਾਰ ਨਹੀਂ ਕਰਦੀ ਸਗੋਂ ਇਹਨਾਂ ਪੂਰਵ ਨਿਰਧਾਰਿਤ ਪਿੱਤਰੀ ਧਾਰਨਾਵਾਂ, ਪ੍ਰੰਪਰਾਵਾਂ, ਰੀਤਾਂ ਅਤੇ ਪ੍ਰਵਚਨਾਂ ਨੂੰ ਆਪਣੀ ਵਿਸ਼ੇਸ਼ ਨਾਰੀ ਦ੍ਰਿਸ਼ਟੀ ਤੋਂ ਮੁਲਾਂਕਣ ਕਰਦੀ ਹੋਈ ਇਹਨਾਂ ਅੰਦਰ ਪਸਰੀ ਪਿੱਤਰਕੀ ਵਿਚਾਰਧਾਰਾ ਅਤੇ ਪਿੱਤਰੀ ਰਾਜਨੀਤੀ ਨੂੰ ਪਛਾਣਦੀ ਅਤੇ ਸੁਚੇਤ ਤੌਰ ’ਤੇ ਅਸਵੀਕਾਰ ਕਰਦੀ ਹੈ। ਭਾਵੇਂ ਕਈ ਕਹਾਣੀਆਂ ਵਿੱਚ ਆਪਣੀ ਸੁਤੰਤਰ ਹੋਂਦ ਅਤੇ ਨਾਰੀ ਅਧਿਕਾਰਾਂ ਪ੍ਰਤੀ ਚੇਤਨਸ਼ੀਲ ਨਾਰੀ ਪਿੱਤਰਕੀ ਸਮਾਜਿਕ ਪ੍ਰਬੰਧ ਸਾਹਮਣੇ ਝੁਕਣ ਲਈ ਮਜ਼ਬੂਰ ਹੁੰਦੀ ਦਿਖਾਈ ਦਿੰਦੀ ਹੈ ਪਰ ਇਸਦੇ ਬਾਵਜੂਦ ਉਹ ਆਪਣੇ ਵਿਰੋਧੀ ਪ੍ਰਸਥਿਤੀਆਂ ਦਾ ਸਾਹਮਣਾ ਕਰਦੀ ਹੋਈ ਪਿੱਤਰਸੱਤਾ ਨੂੰ ਵੰਗਾਰਨ ਦੀ ਸ਼ਕਤੀ ਰੱਖਦੀ ਹੈ।

ਸਮਕਾਲੀ ਪੰਜਾਬੀ ਕਹਾਣੀ ਵਿੱਚ ਨਾਰੀ ਦਾ ਡਰਿਆ, ਸਹਿਮਿਆ, ਦੱਬੂ, ਸਹਿੰਦੜ, ਸਮਝੌਤਾਵਾਦੀ ਆਦਰਸ਼ ਭਾਰਤੀ ਮਾਂ, ਧੀ ਅਤੇ ਪਤਨੀ ਦਾ ਬਿੰਬ ਤਿੜਕਦਾ ਨਜ਼ਰ ਆਉਂਦਾ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਨਾਰੀ ਪਾਤਰਾਂ ਲਈ ਘਰ, ਪਰਿਵਾਰ, ਵਿਆਹ, ਪਤੀ ਅਤੇ ਸਮਾਜਿਕ ਰਿਸ਼ਤਿਆਂ ਦੇ ਮਾਇਨੇ ਬਦਲ ਰਹੇ ਹਨ। ਔਰਤ ਦੀ ਇਸ ਬਦਲੀ ਹੋਈ ਮਾਨਸਿਕਤਾ ਅਤੇ ਨਜ਼ਰੀਏ ਨੂੰ ਸਮਕਾਲੀ ਪੰਜਾਬੀ ਕਹਾਣੀ ਬਦਲੀਆਂ ਇਤਿਹਾਸਕ ਅਤੇ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਰਾਹੀਂ ਉਭਾਰਨ ਦਾ ਯਤਨ ਕਰਦੀ ਹੈ। ਇਹ ਕਹਾਣੀ ਨਾਰੀ ਦੀਆਂ ਅਤ੍ਰਿਪਤ ਪ੍ਰਾਕ੍ਰਿਤਕ ਇੱਛਾਵਾਂ ਅਤੇ ਸੰਸਕ੍ਰਿਤਕ ਦਬਾਵਾਂ ਵਿਚਲੇ ਦਵੰਦ ਦੇ ਫਲਸਰੂਪ ਉਪਜੇ ਨਾਰੀ ਦੇ ਮਨੋਸੰਕਟ ਨੂੰ ਬੜੀ ਸੂਖ਼ਮਤਾ ਅਤੇ ਗਹਿਰਾਈ ਨਾਲ ਪ੍ਰਗਟਾਉਂਦੀ ਹੈ। ਇਹਨਾਂ ਕਹਾਣੀਆਂ ਵਿਚਲੀ ਔਰਤ ਪਾਤਰ ਮਹਿਜ ਭੋਗ ਦੀ ਵਸਤੂ ਬਣ ਕੇ ਨਹੀਂ ਬਲਕਿ ਆਪਣੀ ਦੇਹ ਦੀਆਂ ਲੋੜਾਂ ਪ੍ਰਤੀ ਚੇਤੰਨ ਮਨੁੱਖੀ ਹੋਂਦ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਜ਼ਿੰਦਗੀ ਨੂੰ ਭਰਪੂਰਤਾ ਸਹਿਤ ਜਿਊਣ ਦੀ ਚਾਹਤ ਰੱਖਦੀਆਂ ਇਹ ਨਾਰੀ ਪਾਤਰਾਂ ਸਾਮੰਤੀ ਕੀਮਤ ਪ੍ਰਬੰਧ, ਪਿੱਤਰਕੀ ਸਮਾਜ-ਸਭਿਆਚਾਰਕ ਮਰਿਆਦਾਵਾਂ ਅਤੇ ਵਰਜਿਤ ਦਾਇਰਿਆਂ ਨੂੰ ਉਲੰਘਦੀਆਂ ਹੋਈਆਂ ਮਨਇੱਛਿਤ ਰਿਸ਼ਤੇ ਸਿਰਜਣ ਨੂੰ ਤਰਜੀਹ ਦਿੰਦੀਆਂ ਹਨ। ਪਤੀ ਦੀ ਗੈਰ ਮੌਜੂਦਗੀ ਜਾਂ ਉਸ ਦੀ ਅਣਹੋਂਦ ਵਿੱਚ ਕਾਮ ਸੁੱਖ ਦੀ ਪ੍ਰਾਪਤੀ ਲਈ

ਸਹਿਕਦੀਆਂ ਇਹ ਔਰਤ ਪਾਤਰਾਂ ਆਪਣੀਆਂ ਲਿੰਗਕ ਇੱਛਾਵਾਂ ਨੂੰ ਮਾਰ ਕੇ ਜਿਊਣ ਵਿੱਚ ਵਿਸ਼ਵਾਸ ਨਹੀਂ ਰੱਖਦੀਆਂ ਬਲਕਿ ਅਤ੍ਰਿਪਤ ਅਕਾਂਖਿਆਵਾਂ ਦੀ ਪੂਰਤੀ ਲਈ ਅਵੈਧ ਸੰਬੰਧ ਸਿਰਜਦੀਆਂ ਹੋਈਆਂ ਜ਼ਿੰਦਗੀ ਜਿਊਣ ਦਾ ਢੰਗ ਤਲਾਸ਼ਦੀਆਂ ਹਨ ਜਿਸਦੇ ਫਸਸਰੂਪ ਉਹ ਭਾਵੇਂ ਕਈ ਵਾਰ ਆਤਮ-ਗੁਨਾਹ ਦੀ ਭਾਵਨਾ ਦਾ ਸ਼ਿਕਾਰ ਵੀ ਹੋ ਜਾਂਦੀਆਂ ਹਨ। ਸਮੁੱਚੇ ਰੂਪ ਵਿੱਚ ਸਮਕਾਲੀ ਭਾਰਤੀ ਪੰਜਾਬੀ ਕਹਾਣੀ ਨਾਰੀ ਦੀ ਵੱਖਰੀ ਪਛਾਣ ਦੀ ਸਥਾਪਤੀ ਅਤੇ ਉਸਦੀ ਸੁਤੰਤਰ ਮਾਨਵੀਂ ਹੋਂਦ ਵਜੋਂ ਸਵੀਕ੍ਰਿਤੀ ਲਈ ਨਿਰੰਤਰ ਕਾਰਜਸ਼ੀਲ ਹੈ।

**II. ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ**

ਪਰਵਾਸੀ ਪੰਜਾਬੀ ਸਾਹਿਤ ਦੇ ਅੰਤਰਗਤ ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਪਰਵਾਸੀ ਪੰਜਾਬੀ ਕਹਾਣੀਕਾਰਾਂ ਨੇ ਜਿੱਥੇ ਸਮੇਂ-ਸਮੇਂ ਤੇ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਜਿਵੇਂ ਪਰਵਾਸੀ ਚੇਤਨਾ, ਭੂ ਹੇਰਵਾ, ਪੀੜ੍ਹੀ-ਪਾੜ੍ਹਾ, ਅੰਤਰ-ਸਭਿਆਚਾਰਕ ਦਵੰਦ, ਨਸਲੀ ਅਤੇ ਭਾਸ਼ਾਈ ਮਸਲਿਆਂ ਆਦਿ ਨੂੰ ਪਰਵਾਸੀ ਵਰਤਾਰੇ ਦੇ ਸੰਦਰਭ ਵਿੱਚ ਰੱਖ ਕੇ ਪੇਸ਼ ਕੀਤਾ ਹੈ, ਉਥੇ ਪਰਵਾਸੀ ਪੰਜਾਬੀ ਨਾਰੀ ਦੀ ਹੋਂਦਮੂਲਕ ਸਥਿਤੀ, ਨਾਰੀ ਸੰਵੇਦਨਾ, ਨਾਰੀ ਦੁੱਖਾਂ, ਤਕਲੀਫ਼ਾਂ ਅਤੇ ਮਨੋਸੰਕਟਾਂ ਨੂੰ ਦੋ ਵਿਭਿੰਨ ਸਭਿਆਚਾਰਾਂ ਦੇ ਜਟਿਲ ਯਥਾਰਥ ਅਤੇ ਗਲੋਬਲੀ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਅਗਰਭੂਮਿਤ ਕੀਤਾ ਹੈ। ਪਰਵਾਸੀ ਨਾਰੀ ਕਹਾਣੀਕਾਰਾਂ ਨੇ ਵਿਸ਼ੇਸ਼ ਰੂਪ ਵਿੱਚ ਪੂਰਬੀ ਅਤੇ ਪੱਛਮੀ ਸਮਾਜ-ਸਭਿਆਚਾਰ ਵਿੱਚੋਂ ਗ੍ਰਹਿਣ ਕੀਤੇ ਦੋਹਰੇ ਅਨੁਭਵ ਰਾਹੀਂ ਪਰਵਾਸੀ ਪੰਜਾਬੀ ਨਾਰੀ ਦੀਆਂ ਅਸਤਿਤਵੀ ਸਮੱਸਿਆਵਾਂ, ਉਸਦੇ ਅੰਤਰੀਵੀ ਸੱਚ ਅਤੇ ਬਦਲੀਆਂ ਪ੍ਰਸਥਿਤੀਆਂ ਦੇ ਅੰਤਰਗਤ ਪਰਵਾਸੀ ਨਾਰੀ ਦੀ ਬਦਲ ਰਹੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ :

> ਔਰਤ ਕਹਾਣੀਕਾਰਾਂ ਦੇ ਨਵੇਂ ਪੂਰ ਜਿਨ੍ਹਾਂ ਵਿੱਚ ਬਲਬੀਰ ਕੌਰ ਸੰਘੇੜਾ, ਸੁਰਜੀਤ ਕਲਸੀ, ਪਰਵੇਜ਼ ਸੰਧੂ, ਰਾਣੀ ਨਗੇਂਦਰ, ਸ਼ਸ਼ੀ ਸਮੁੰਦਰਾ, ਵੀਨਾ ਵਰਮਾ ਆਦਿ ਸ਼ਾਮਿਲ ਹਨ, ਨੇ ਪਰਵਾਸੀ ਪੰਜਾਬੀ ਔਰਤ ਦੇ ਮਾਧਿਅਮ ਰਾਹੀਂ ਉਸ ਨਾਰੀ ਅਵਚੇਤਨ ਨੂੰ ਉਜਾਗਰ ਕੀਤਾ ਹੈ, ਜਿਹੜਾ ਭਾਰਤ ਵਰਗੇ ਮਰਦ ਪ੍ਰਧਾਨ ਸਮਾਜ ਵਿੱਚ ਕਦੇ ਵੀ ਸਪੱਸ਼ਟ ਰੂਪ 'ਚ ਨਹੀਂ ਸੀ ਹੋ ਸਕਿਆ।[66]

ਸਦੀਆਂ ਤੋਂ ਹਾਸ਼ੀਏ 'ਤੇ ਧੱਕੀ ਹੋਈ ਅਤੇ ਪਿੱਤਰਸੱਤਾਤਮਕ ਪ੍ਰਬੰਧ ਦੀਆਂ ਜੰਜ਼ੀਰਾਂ ਵਿੱਚ ਜਕੜੀ ਹੋਈ ਪੰਜਾਬੀ ਔਰਤ ਜਦੋਂ ਪੱਛਮੀ ਸਭਿਆਚਾਰ ਵਿਚਲੀ ਵਿਅਕਤੀਗਤ ਆਜ਼ਾਦੀ, ਖੁੱਲ੍ਹ, ਵੱਖਰੇ ਜੀਵਨ ਮੁੱਲਾਂ

ਅਤੇ ਉਦਾਰਵਾਦੀ ਕਦਰਾਂ-ਕੀਮਤਾਂ ਦੇ ਸਨਮੁੱਖ ਹੁੰਦੀ ਹੈ ਤਾਂ ਉਸਦੀ ਸੋਚ ਅਤੇ ਜੀਵਨ ਵਿਹਾਰ ਵਿੱਚ ਵੀ ਤਬਦੀਲੀ ਆਉਂਦੀ ਹੈ। ਆਰਥਿਕ ਤੌਰ ’ਤੇ ਸਵੈ-ਨਿਰਭਰਤਾ ਦੇ ਅਹਿਸਾਸ ਅਤੇ ਪੱਛਮੀ ਮੁਲਕਾਂ ਵਿੱਚੋਂ ਹਾਸਿਲ ਹੋਈ ਨਾਰੀ ਅਧਿਕਾਰਾਂ ਪ੍ਰਤੀ ਚੇਤਨਤਾ ਦੇ ਫਲਸਰੂਪ ਉਸਨੇ ਪੰਜਾਬੀ ਮਰਦ ਦੇ ਸਾਮੰਤੀ ਵਿਹਾਰ ਅਤੇ ਪਿੱਤਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੱਤੀ ਹੈ। ਸਮਕਾਲੀ ਪਰਵਾਸੀ ਪੰਜਾਬੀ ਕਹਾਣੀਕਾਰਾਂ ਨੇ ਪੰਜਾਬੀ ਨਾਰੀ ਦੀ ਇਸ ਬਦਲ ਰਹੀ ਸਥਿਤੀ ਅਤੇ ਉਸਦੇ ਵਿਅਕਤਿਤਵ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ।

ਬਲਬੀਰ ਕੌਰ ਸੰਘੇੜਾ ਦੀ ਕਹਾਣੀ ‘ਗਲਤ ਦਰਵਾਜ਼ਾ’ ਜਿੱਥੇ ਵਿਦੇਸ਼ੀ ਮੁਲਕ ਵਿੱਚ ਆਪਣੇ ਅਤਿ ਨਜ਼ਦੀਕੀ ਰਿਸ਼ਤਿਆਂ ਹੱਥੋਂ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਪਰਵਾਸੀ ਪੰਜਾਬੀ ਨਾਰੀ ਦੇ ਸੰਘਰਸ਼ ਨੂੰ ਬਿਆਨ ਕਰਦੀ ਹੈ, ਉੱਥੇ ਪਰਵਾਸੀ ਧਰਤੀ ਉੱਤੇ ਆਪਣੀ ਸੁਤੰਤਰ ਹੋਂਦ ਦੀ ਸਥਾਪਤੀ ਲਈ ਮਰਦ ਦੇ ਪੈਤਰਿਕ ਵਿਹਾਰ ਅਤੇ ਪਿੱਤਰੀ ਮੁੱਲਾਂ ਸਾਹਮਣੇ ਵੰਗਾਰ ਬਣ ਕੇ ਖੜ੍ਹਨ ਵਾਲੀ ਚੇਤੰਨ ਔਰਤ ਦੀ ਸਥਿਤੀ ਨੂੰ ਵੀ ਪੇਸ਼ ਕਰਦੀ ਹੈ। ਕਹਾਣੀ ਮੁੱਖ ਪਾਤਰ ਗੁਰਜੋਤ ਦੁਆਲੇ ਘੁੰਮਦੀ ਹੈ ਜਿਸਦੇ ਮਾਪੇ ਕੈਨੇਡਾ ਸੈਟਲ ਹੋਣ ਦੇ ਲਾਲਚ ਵੱਸ ਆਪਣੀ ਧੀ ਦਾ ਰਿਸ਼ਤਾ ਬਿਨਾਂ ਉਸਦੀ ਸਲਾਹ ਅਤੇ ਮਰਜ਼ੀ ਤੋਂ ਮਾਸੀ-ਮਾਸੜ ਦੇ ਕਹਿਣ ’ਤੇ ਕੈਨੇਡੀਅਨ ਮੁੰਡੇ ਨਾਲ ਕਰ ਦਿੰਦੇ ਹਨ। ਪਰ ਸਥਿਤੀ ਉਸ ਸਮੇਂ ਵਿਸਫੋਟਕ ਬਣ ਜਾਂਦੀ ਹੈ ਜਦੋਂ ਕੈਨੇਡਾ ਪਹੁੰਚੀ ਪਾਤਰ ਗੁਰਜੋਤ ਨਾਲ ਜਿੱਥੇ ਉਸਦਾ ਮੰਗੇਤਰ ਉਸ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੰਦਾ ਹੈ, ਉੱਥੇ ਉਸਦੇ ਮਾਸੀ-ਮਾਸੜ ਵੀ ਉਸ ਕੋਲੋਂ ਮੂੰਹ ਮੋੜ ਲੈਂਦੇ ਹਨ। ਅਣਜਾਣੀ ਧਰਤੀ, ਅਣਜਾਣੇ ਲੋਕਾਂ ਅਤੇ ਅਣਜਾਣੇ ਸਭਿਆਚਾਰ ਵਿੱਚ ਇਕੱਲਤਾ ਅਤੇ ਬੇਗਾਨਗੀ ਦਾ ਸੰਤਾਪ ਹੰਢਾਉਂਦੀ ਪਾਤਰ ਗੁਰਜੋਤ ਦੀ ਜ਼ਿੰਦਗੀ ਵਿੱਚ ਅਜਿਹੇ ਸਮੇਂ ਪਾਤਰ ਜਸਦੀਪ ਦੀ ਆਮਦ ਹੁੰਦੀ ਹੈ। ਫੈਕਟਰੀ ਵਿੱਚ ਇਕੱਠੇ ਕੰਮ ਕਰਦਿਆਂ ਪਾਤਰ ਗੁਰਜੋਤ ਅਤੇ ਜਸਦੀਪ ਦੀ ਆਪਸੀ ਜਜ਼ਬਾਤੀ ਸਾਂਝ ਇੰਨੀ ਗੂੜੀ ਹੋ ਜਾਂਦੀ ਹੈ ਕਿ ਉਹ ਆਪਣਾ ਸਮੁੱਚਾ ਆਪਾ ਜਸਦੀਪ ਨੂੰ ਸਮਰਪਣ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਪਰ ਪਾਤਰ ਗੁਰਜੋਤ ਉਸ ਸਮੇਂ ਦੁਖਾਂਤਕ ਸਥਿਤੀ ਵਿੱਚ ਘਿਰ ਜਾਂਦੀ ਹੈ ਜਦੋਂ ਜ਼ਿੰਦਗੀ ਭਰ ਸਾਥ ਨਿਭਣ ਦਾ ਝੂਠਾ ਵਾਅਦਾ ਕਰਨ ਵਾਲਾ ਉਸਦਾ ਪ੍ਰੇਮੀ ਜਸਦੀਪ ਵੀ ਉਸ ਨਾਲੋਂ ਹਮੇਸ਼ਾਂ ਲਈ ਨਾਤਾ ਤੋੜ ਕੇ ਆਪਣੀ ਭਾਰਤ ਤੋਂ ਆਈ ਪਤਨੀ ਸ਼ੀਤਲ ਨਾਲ ਜੀਵਨ ਜਿਊਣ ਵਿੱਚ ਮਸ਼ਰੂਫ਼ ਹੋ ਜਾਂਦਾ ਹੈ। ਪਾਤਰ ਗੁਰਜੋਤ ਜਿੱਥੇ ਪ੍ਰੇਮੀ ਜਸਦੀਪ ਨਾਲ ਇਕ ਪ੍ਰਤੀਬੱਧਤਾ ਵਾਲਾ ਰਿਸ਼ਤਾ ਬਣਾਉਂਦੀ ਹੈ, ਉੱਥੇ ਪਾਤਰ ਜਸਦੀਪ ਪਤਨੀ ਦੀ ਗ਼ੈਰਮੌਜੂਦਗੀ ਵਿੱਚ ਗੁਰਜੋਤ ਨਾਲ ਵਕਤੀ ਰਿਸ਼ਤਾ ਬਣਾਉਂਦਾ ਹੋਇਆ ਉਸਨੂੰ ਆਪਣੀ ਕਾਮ ਪੂਰਤੀ ਦੇ ਸਾਧਨ ਵਜੋਂ ਵਰਤਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਾਤਰ ਗੁਰਜੋਤ ਨੂੰ ਇਸ ਰਿਸ਼ਤੇ ਦੇ ਬਦਲੇ ਵਿੱਚ ਦੂਸਰੀ ਔਰਤ,

ਬਾਜ਼ਾਰੂ ਔਰਤ ਅਤੇ ਫਾਲਤੂ ਔਰਤ ਹੋਣ ਦਾ ਕਲੰਕਿਤ ਅਹਿਸਾਸ ਹੰਢਾਉਣਾ ਪੈਂਦਾ ਹੈ। ਪਾਤਰ ਜਸਦੀਪ ਦੀ ਪਤਨੀ ਸ਼ੀਤਲ ਦੇ ਬੋਲ ਮੁੱਖ ਪਾਤਰ ਗੁਰਜੋਤ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦੇ ਹਨ :

> "ਤੂੰ ਤਾਂ ਉਹ ਦੂਸਰੀ ਔਰਤ ਏਂ ਜੋ ਮਰਦ ਬਜ਼ਾਰਾਂ ਵਿੱਚ ਖ਼ਰੀਦਦਾ ਫਿਰਦੈ। ਤੈਨੂੰ ਪਤੇ ਹੀ ਹੈ ਉਸਨੂੰ ਕੀ ਕਹਿੰਦੇ ਨੇ ਲੋਕ ...ਰੰਡੀ ਹੁੰਦੀ ਐ ਉਹ ...ਸਮਝੀ।"[67]

ਦਰਅਸਲ ਪਾਤਰ ਸ਼ੀਤਲ ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਅਜਿਹੀ ਆਦਰਸ਼ ਭਾਰਤੀ ਪੰਜਾਬੀ ਪਤਨੀ ਹੈ ਜਿਹੜੀ ਸਭ-ਕੁਝ ਜਾਣਦਿਆਂ ਹੋਇਆਂ ਵੀ ਆਪਣੇ ਪਤੀ ਦੀ ਵਿਰੋਧਤਾ ਕਰਨ ਦੀ ਬਜਾਇ ਦੂਸਰੀ ਔਰਤ ਦੇ ਖਿਲਾਫ਼ ਭੁਗਤਦੀ ਹੈ। ਪਤੀ ਉੱਤੇ ਚਰਿਤਰਕ ਦੋਸ਼ ਲਾਉਣ ਦੇ ਫਲਸਰੂਪ ਨਿਕਲਣ ਵਾਲੇ ਸਿੱਟਿਆਂ ਤਲਾਕ ਜਾਂ ਪਤੀ ਵੱਲੋਂ ਘਰੋਂ ਕੱਢੇ ਜਾਣ ਤੋਂ ਡਰਦੀ ਹੋਈ ਉਹ ਸਾਰਾ ਦੋਸ਼ ਗੁਰਜੋਤ ਦੇ ਸਿਰ ਮੜ੍ਹ ਕੇ ਪਤਨੀ ਵਜੋਂ ਆਪਣੀ ਥਾਂ ਸੁਰੱਖਿਅਤ ਰੱਖਣਾ ਚਾਹੁੰਦੀ ਹੈ। ਡਾ. ਹਰਚੰਦ ਸਿੰਘ ਬੇਦੀ ਪੂਰਬੀ ਸਮਾਜ-ਸਭਿਆਚਾਰ ਵਿੱਚ ਪ੍ਰਵਾਨ ਚੜ੍ਹੀ ਔਰਤ ਦੀ ਇਸ ਸਮਝੌਤਾਵਾਦੀ ਮਾਨਸਿਕਤਾ ਸੰਬੰਧੀ ਲਿਖਦਾ ਹੈ :

> ਪੰਜਾਬੀ ਸਭਿਆਚਾਰ ਵਿੱਚ ਔਰਤ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਵਿਆਹੀ ਔਰਤ ਦਾ ਮੁੱਲ ਉਸਦੇ ਪਤੀ ਤੇ ਪਰਿਵਾਰ ਨਾਲ ਹੈ। ਪਤੀ ਵੱਲੋਂ ਛੱਡੀ ਔਰਤ ਦਾ ਕੋਈ ਮੁੱਲ ਨਹੀਂ। ...ਇਹ ਅਸੁਰੱਖਿਆ ਦੀ ਭਾਵਨਾ ਉਸ ਨੂੰ ਨਿਰੰਤਰ ਸੰਕਟ ਤੇ ਸੰਤ੍ਰਾਸ ਨਾਲ ਜੋੜ ਕੇ ਰੱਖਦੀ ਹੈ। ਏਸੇ ਲਈ ਔਰਤ ਹਰ ਉਸ ਦੂਸਰੀ ਔਰਤ ਦਾ ਵਿਰੋਧ ਕਰਦੀ ਹੈ ਜੋ ਉਸਦੇ ਪਤੀ ਲਈ ਕਸ਼ਿਸ਼ ਦੀ ਸਪੇਸ ਪੈਦਾ ਕਰਦੀ ਹੋਵੇ।[68]

ਦੂਜੇ ਪਾਸੇ ਮੁੱਖ ਪਾਤਰ ਗੁਰਜੋਤ ਵੀ ਪੈਤਰਿਕ ਮਾਨਸਿਕਤਾ ਅਤੇ ਪੂਰਬੀ ਸਭਿਆਚਾਰਕ ਕੀਮਤ ਪ੍ਰਬੰਧ ਵਿੱਚੋਂ ਆਪਣੇ ਅਸਤਿਤਵ ਨੂੰ ਘਟਾ ਕੇ ਦੇਖਣ ਲੱਗਦੀ ਹੈ :

> ਉਹ ਇਕ ਦੂਸਰੀ ਔਰਤ ਹੀ ਸੀ, ਹੋਰ ਕੁਝ ਨਹੀਂ। ਉਹ ਦੂਸਰੀ ਔਰਤ ਜਿਸਨੂੰ ਘਰ ਦਾ ਸ਼ਿੰਗਾਰ ਨਹੀਂ ਬਣਾਇਆ ਜਾਂਦਾ। ਸਿਰਫ਼ ਬਿਸਤਰ ਵਿੱਚ, ਸਾਹਾਂ ਦੀ ਦਿਵਾਨਗੀ ਵਿੱਚ, ਕਸਮਾਂ ਨਾਲ ਹੀ ਭਰਮਾਇਆ ਜਾਂਦਾ ਹੈ।[69]

ਮੁੱਖ ਪਾਤਰ ਗੁਰਜੋਤ ਦੀ ਸਥਿਤੀ ਉਸ ਸਮੇਂ ਹੋਰ ਵੀ ਕਰੁਣਾਜਨਕ ਬਣ ਜਾਂਦੀ ਹੈ ਜਦੋਂ ਵਿਆਹ ਤੋਂ ਬਾਅਦ ਉਸਦਾ ਪਤੀ ਵੀ ਉਸਨੂੰ ਚਗਲ ਅਤੇ ਦੂਸਰਿਆਂ ਦੀ ਛੱਡੀ ਹੋਈ ਜੂਠ ਸਮਝਦਾ ਹੋਇਆ ਉਸ ਉੱਤੇ ਸਰੀਰਕ

ਤਸ਼ੱਦਦ ਕਰਦਾ ਹੈ। ਦੋਹਰੇ-ਤੀਹਰੇ ਸ਼ੋਸ਼ਣ ਦੀ ਸ਼ਿਕਾਰ ਹੋਣ ਉਪਰੰਤ ਮਾਨਸਿਕ ਤਣਾਉ ਵਿੱਚੋਂ ਲੰਘ ਰਹੀ ਪਾਤਰ ਗੁਰਜੋਤ ਦੀ ਸਥਿਤੀ ਅਤੇ ਪਿੱਤਰਕੀ ਸੋਚ ਵਿੱਚ ਉਸ ਸਮੇਂ ਪਰਿਵਰਤਨ ਆਉਂਦਾ ਹੈ ਜਦੋਂ ਉਸਦੇ ਨਾਲ ਹੀ ਫੈਕਟਰੀ ਵਿੱਚ ਕੰਮ ਕਰਦੀ ਅੰਗਰੇਜ਼ ਸਾਥਣ ਸ਼ੈਲੀ ਉਸਨੂੰ ਪਿਤਰਸੱਤਾਤਮਕ ਮੁੱਲਾਂ ਵਿੱਚੋਂ ਨਿਕਲ ਕੇ ਆਪਣੇ ਸਵੈ ਬਾਰੇ ਜਾਗਰੂਕ ਕਰਦੀ ਹੋਈ ਖ਼ੁਦ ਲਈ ਜਿਊਣ ਦਾ ਰਾਹ ਦਿਖਾਉਂਦੀ ਹੈ। ਪਾਤਰ ਸ਼ੈਲੀ ਰਾਹੀਂ ਚੇਤੰਨ ਹੋਣ ਤੋਂ ਬਾਅਦ ਪਾਤਰ ਗੁਰਜੋਤ ਨੂੰ ਨਾ ਪ੍ਰੇਮੀ ਦੀ ਲੋੜ ਰਹਿੰਦੀ ਹੈ ਅਤੇ ਨਾ ਹੀ ਪਤੀ ਦੀ ਅਧੀਨਗੀ ਝੱਲਣ ਦੀ। ਪਿੱਤਰਕੀ ਮੁੱਲਾਂ ਨੂੰ ਚੁਣੌਤੀ ਦਿੰਦੀ ਹੋਈ ਉਹ ਹੁਣ ਖ਼ੁਦ ਲਈ ਜਿਊਣ ਦਾ ਫੈਸਲਾ ਕਰਦੀ ਹੈ :

> ਬੱਸ ਇਥੋਂ ਹੀ ਉਸਦੀ ਜ਼ਿੰਦਗੀ ਦਾ ਦੂਸਰਾ ਸਫ਼ਰ ਸ਼ੁਰੂ ਹੋਇਆ ਸੀ। ...ਉਹ ਜੀਣਾ ਚਾਹੁੰਦੀ ਸੀ, ਆਪਣੀ ਹੋਂਦ ਸਿਰ ...ਹੁਣ ਇਸ ਜੀਵਨ ਵਿੱਚ ਉਸਨੂੰ ਕੋਈ ਡਰ ਨਹੀਂ ਸੀ ...ਉਹ ਪੂਰੀ ਦੀ ਪੂਰੀ ਔਰਤ ਆਪਣੀ ਹੋਂਦ ਵਿੱਚ ਭਰਪੂਰ ਸੀ।[70]

ਕੋਈ ਪੱਚੀ ਵਰ੍ਹਿਆਂ ਬਾਅਦ ਜਦੋਂ ਪ੍ਰੇਮੀ ਜਸਦੀਪ ਦੁਬਾਰਾ ਉਸਦੇ ਦਰਵਾਜ਼ੇ ’ਤੇ ਦਸਤਕ ਦਿੰਦਾ ਹੈ ਤਾਂ ਗੁਰਜੋਤ ਉਸਨੂੰ ਪਹਿਚਾਨਣ ਤੋਂ ਇਨਕਾਰ ਕਰਦੀ ਹੋਈ ‘ਗਲਤ ਦਰਵਾਜ਼ਾ’ ਕਹਿ ਕੇ ਆਪਣੇ ਘਰ ਦਾ ਗੇਟ ਬੰਦ ਕਰ ਲੈਂਦੀ ਹੈ। ਇਸ ਪ੍ਰਕਾਰ ਕਹਾਣੀ ਦੇ ਅੰਤ ਤੱਕ ਪਾਤਰ ਗੁਰਜੋਤ ਇਕ ਜਾਗਰੂਕ ਨਾਰੀ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਹੜੀ ਆਪਣੀ ਸੁਤੰਤਰ ਮਾਨਵੀ ਹੋਂਦ ਨੂੰ ਪਛਾਣਦੀ ਹੋਈ ਆਪਣੇ ਸਵੈ ਨੂੰ ਸਥਾਪਿਤ ਕਰਦੀ ਹੈ।

ਵੀਨਾ ਵਰਮਾ ਰਚਿਤ ਕਹਾਣੀ ‘ਖਾਲੀ ਪਲਾਟ’ ਦੀ ਮੁੱਖ ਪਾਤਰ ਜੱਸੀ ਵੀ ਆਪਣੇ ਮਾਪਿਆਂ ਦੀ ਸਹਿਮਤੀ ਨਾਲ ਇੰਗਲੈਂਡ ਵਸਦੇ ਹਰਿੰਦਰ ਦੇ ਮਾਪਿਆਂ ਦੇ ਸੱਦੇ ’ਤੇ ਉਸ ਨਾਲ ਵਿਆਹ ਕਰਾਉਣ ਲਈ ਉੱਥੇ ਜਾਂਦੀ ਹੈ। ਹਰਿੰਦਰ ਨਾਲ ਵਿਆਹ ਸੰਬੰਧਾਂ ਵਿੱਚ ਬੱਝਣ ਤੋਂ ਪਹਿਲਾਂ ਹੀ ਉਹ ਹਰਿੰਦਰ ਦੇ ਪ੍ਰੇਮ ਵਹਿਣ ਵਿੱਚ ਵਹਿ ਕੇ ਜਿੱਥੇ ਉਸ ਨਾਲ ਜਜ਼ਬਾਤੀ ਸਾਂਝ ਸਥਾਪਤ ਕਰ ਲੈਂਦੀ ਹੈ, ਉੱਥੇ ਉਸ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਵੀ ਕਤਰਾਉਂਦੀ ਨਹੀਂ। ਪ੍ਰੰਤੂ ਮੁੱਖ ਪਾਤਰ ਜੱਸੀ ਉਸ ਸਮੇਂ ਮਾਨਸਿਕ ਸੰਕਟ ਵਿੱਚ ਘਿਰ ਜਾਂਦੀ ਹੈ ਜਦੋਂ ਹਰਿੰਦਰ ਉਸ ਨਾਲ ਵਿਆਹ ਕਰਾਉਣ ਤੋਂ ਮੁਨਕਰ ਹੋ ਜਾਂਦਾ ਹੈ :

> “ਗੱਲ ਸੁਣ ਕੁੜੀਏ। ਮੇਰਾ ਤੇਰੇ ਨਾਲ ਕੀ, ਦੁਨੀਆ ਦੀ ਕਿਸੇ ਕੁੜੀ ਨਾਲ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ ਹੈ। ਮੈਂ ਤਾਂ ਤੁਰ ਫਿਰ ਕੇ ਮੇਲਾ ਦੇਖਣ ਵਾਲਾ ਬੰਦਾ ਹਾਂ।”[71]

ਦਰਅਸਲ ਪਾਤਰ ਹਰਿੰਦਰ ਵਿਦੇਸ਼ਾਂ ਵਿੱਚ ਵੱਸਦੀ ਪੰਜਾਬੀਆਂ ਦੀ ਉਸ ਪੀੜ੍ਹੀ ਵਿੱਚੋਂ ਹੈ ਜਿਹੜੀ ਪੂਰੀ ਤਰ੍ਹਾਂ ਪੱਛਮੀ ਸੰਸਕ੍ਰਿਤੀ ਵਿੱਚ ਘੁਲ-ਮਿਲ ਚੁੱਕੀ ਹੈ। ਹਰਿੰਦਰ ਲਈ ਪੱਛਮੀ ਸਭਿਆਚਾਰ ਵੱਲੋਂ ਮਿਲੀ ਆਜ਼ਾਦੀ ਅਤੇ ਖੁੱਲ੍ਹ ਨੂੰ ਮਾਣਨਾ ਜ਼ਿਆਦਾ ਮਹੱਤਵ ਰੱਖਦਾ ਹੈ। ਵਿਆਹ ਕਰਾਉਣਾ, ਬੱਚੇ ਪੈਦਾ ਕਰਨਾ ਜਾਂ ਕੇਵਲ ਘਰ ਪਰਿਵਾਰ ਨਾਲ ਜੁੜ ਕੇ ਰਹਿਣਾ ਉਸਦੀ ਸੋਚ ਵਿੱਚ ਸ਼ਾਮਿਲ ਨਹੀਂ। ਅਜਿਹੀ ਮਾਨਸਿਕਤਾ ਕਾਰਨ ਉਸ ਲਈ ਔਰਤ ਦਾ ਸਾਥ ਕੇਵਲ ਆਪਣੇ ਆਨੰਦ ਮਾਣਨ ਤੱਕ ਹੀ ਸੀਮਤ ਹੈ। ਪਰ ਦੂਜੇ ਪਾਸੇ ਪੂਰਬੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਣਾਈ ਪਾਤਰ ਜੱਸੀ ਲਈ ਵਿਆਹ ਅਤੇ ਘਰ, ਪਰਿਵਾਰ ਜਿਹੀਆਂ ਪਿੱਤਰੀ ਸੰਸਥਾਵਾਂ ਦਾ ਵਿਸ਼ੇਸ਼ ਮਹੱਤਵ ਅਤੇ ਅਰਥ ਹੈ। ਉਸ ਦੀ ਸੋਚ ਨਾ ਕੇਵਲ ਪਾਤਰ ਹਰਿੰਦਰ ਤੋਂ ਵੱਖਰੀ ਹੈ ਬਲਕਿ ਇਸ ਤੋਂ ਪੂਰੀ ਤਰ੍ਹਾਂ ਉਲਟ ਹੈ। ਪਾਤਰ ਹਰਿੰਦਰ ਜਿੱਥੇ ਜੱਸੀ ਨਾਲ ਬਣਾਏ ਜਿਨਸੀ ਸੰਬੰਧਾਂ ਨੂੰ ਸਾਧਾਰਨ ਜਾਂ ਆਮ ਜਿਹੀ ਗੱਲ ਸਮਝਦਾ ਹੈ, ਉੱਥੇ ਜੱਸੀ ਲਈ ਇਹ ਸੰਬੰਧ ਖ਼ੁਦ ਵੱਲੋਂ ਕੀਤਾ ਗਿਆ ਪਾਪ ਜਾਂ ਗੁਨਾਹ ਹੈ। ਉਹ ਹਰਿੰਦਰ ਨੂੰ ਆਪਣਾ ਹੋਣ ਵਾਲਾ ਪਤੀ ਸਮਝ ਕੇ ਹੀ ਆਪਣਾ ਆਪਾ ਉਸਨੂੰ ਸੌਂਪਦੀ ਹੈ। ਵਿਆਹ ਦੇ ਝਾਂਸੇ ਵਿੱਚ ਆ ਕੇ ਹਰਿੰਦਰ ਨਾਲ ਬਣਾਏ ਸੰਬੰਧ ਉਸਨੂੰ ਆਪਣੀਆਂ ਹੀ ਨਜ਼ਰਾਂ ਵਿੱਚ ਦੋਸ਼ੀ ਬਣਾ ਦਿੰਦੇ ਹਨ। ਆਤਮ ਗਿਲਾਨੀ ਨਾਲ ਭਰੀ ਉਹ ਹਰਿੰਦਰ ਦੇ ਤਰਲੇ ਕੱਢਦੀ ਹੋਈ ਆਖਦੀ ਹੈ :

> "ਰੱਬ ਦੇ ਵਾਸਤੇ ਇੱਦਾਂ ਨਾ ਕਰੋ ਹਰੀ। ਮੈਂ ਤੁਹਾਨੂੰ ਆਪਣਾ ਆਦਮੀ ਸਮਝ ਕੇ ਆਪਣਾ ਆਪਾ ਸੌਂਪਿਆ ਸੀ। ਤੁਸੀਂ ਕੋਈ ਗ਼ੈਰ ਨਹੀਂ ਸੀ ਮੇਰੇ ਲਈ। ਆਪਣਾ ਵਿਆਹ ਹੋਣ ਵਾਲਾ ਸੀ... ਮੈਂ ਆਪਣੀਆਂ ਹੀ ਨਿਗਾਹਾਂ 'ਚੋਂ ਗਿਰ ਜਾਵਾਂਗੀ। ਜਿਸ ਨੂੰ ਇਕ ਵਾਰੀ ਇੱਜ਼ਤ ਦੇ ਦਿਤੀ ...ਹੁਣ ਕਿਥੇ ਜਾਵਾਂਗੀ...।"[72]

ਪਾਤਰ ਜੱਸੀ ਪਿੱਛੇ ਉਸਦਾ ਪੂਰਬੀ ਪਿਛੋਕੜ ਅਤੇ ਪੂਰਬੀ ਸੰਸਕਾਰ ਖੜ੍ਹੇ ਹਨ ਜਿਹਨਾਂ ਕਾਰਨ ਉਹ ਆਤਮਹੀਣਤਾ ਦੀ ਸ਼ਿਕਾਰ ਹੋ ਜਾਂਦੀ ਹੈ। ਭਾਰਤੀ/ਪੰਜਾਬੀ ਸੰਸਕ੍ਰਿਤੀ ਵਿੱਚ ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧਾਂ ਦੀ ਮਨਾਹੀ ਹੈ ਖਾਸ ਕਰਕੇ ਔਰਤ ਦੀ ਦੇਹ ਸੁੱਚਤਾ ਨੂੰ ਜਰੂਰੀ ਮੰਨਿਆ ਜਾਂਦਾ ਹੈ। ਜੇਕਰ ਔਰਤ ਬਿਨਾਂ ਵਿਆਹ ਦੇ ਜਿਸਮਾਨੀ ਸੰਬੰਧ ਬਣਾਉਂਦੀ ਹੈ ਤਾਂ ਉਹ ਪਿੱਤਰਕੀ ਪ੍ਰਬੰਧ ਵੱਲੋਂ ਤ੍ਰਿਸਕਾਰ ਦੀ ਪਾਤਰ ਬਣਦੀ ਹੈ। ਹਰਿੰਦਰ ਵੱਲੋਂ ਦੁਰਕਾਰੇ ਜਾਣ ਤੋਂ ਬਾਅਦ ਪਾਤਰ ਜੱਸੀ ਜਦੋਂ ਹਰਿੰਦਰ ਦੇ ਪਿਤਾ ਉਜਾਗਰ ਸਿੰਘ ਨੂੰ ਆਪਣੀ ਹੱਡਬੀਤੀ ਸੁਣਾਉਂਦੀ ਹੋਈ ਮੱਦਦ ਦੀ ਗੁਹਾਰ ਲਾਉਂਦੀ ਹੈ ਤਾਂ ਅੱਧਖੜ ਉਮਰ ਦਾ ਉਜਾਗਰ ਸਿੰਘ ਆਪਣੇ ਘਰ ਸਹਾਰਾ ਦੇਣ ਬਦਲੇ ਉਸ ਕੋਲੋਂ ਆਪਣੀਆਂ ਸਰੀਰਕ ਲੋੜਾਂ ਦੀ ਤ੍ਰਿਪਤੀ ਦੀ ਆਸ ਰੱਖਦਾ

ਹੈ। ਹਰਿੰਦਰ ਦੇ ਘਰੋਂ ਨਿਕਲ ਕੇ ਆਪਣੀ ਇੱਜ਼ਤ ਬਚਾਉਂਦੀ ਜਦੋਂ ਜੱਸੀ ਨੂੰ ਆਪਣੀ ਸਹੇਲੀ ਦੇ ਘਰ ਪਨਾਹ ਮਿਲਦੀ ਹੈ ਤਾਂ ਇੱਥੇ ਵੀ ਸਹੇਲੀ ਦਾ ਪਤੀ ਜਗਰੂਪ ਮੱਦਦ ਬਦਲੇ ਉਸ ਪਾਸੋਂ ਆਪਣੀ ਇੱਛਾ ਅਨੁਸਾਰ ਫੀਸ ਵਸੂਲਣੀ ਚਾਹੁੰਦਾ ਹੈ। ਪਰਵਾਸ ਦੀਆਂ ਮੁਸ਼ਕਿਲਾਂ ਨਾਲ ਜੂਝਦੀ ਅਤੇ ਆਪਣੇ ਹੀ ਭਾਈਚਾਰੇ ਦੇ ਮਰਦਾਂ ਦੀ ਹੈਵਾਨੀਅਤ ਅਤੇ ਕਾਮੁਕ ਨਜ਼ਰਾਂ ਦੀ ਸ਼ਿਕਾਰ ਜੱਸੀ ਨੂੰ ਸਮੁੱਚੀ ਮਰਦ ਜਾਤ ਨਾਲ ਹੀ ਨਫ਼ਰਤ ਹੋ ਜਾਂਦੀ ਹੈ। ਪਰਵਾਸ ਦੀਆਂ ਪ੍ਰਸਥਿਤੀਆਂ ਵਿੱਚ ਘਿਰੀ ਪਾਤਰ ਜੱਸੀ ਜਦੋਂ ਔਰਤ ਦੀ ਸਥਿਤੀ ਦਾ ਸਮੁੱਚੇ ਗਲੋਬਲੀ ਪ੍ਰਸੰਗ ਵਿੱਚ ਰੱਖ ਕੇ ਵਿਸ਼ਲੇਸ਼ਣ ਕਰਦੀ ਹੈ ਤਾਂ ਉਸਨੂੰ ਪਿਤਰਸੱਤਾਤਮਕ ਸਮਾਜ ਦੀ ਸਿਆਸਤ ਸਮਝ ਲੱਗਦੀ ਹੈ। ਉਹ ਸੋਚਦੀ ਹੈ :

> ਔਰਤ ਦੀ ਵੀ ਕੀ ਜ਼ਿੰਦਗੀ ਹੈ, ਇੰਗਲੈਂਡ ਹੋਵੇ ਭਾਵੇਂ ਇੰਡੀਆ, ਮਰਦ ਲਈ ਉਹ ਸਿਰਫ਼ ਭੋਗ ਦੀ ਚੀਜ਼ ਹੈ, ਵਰਤਣ ਦੀ। ...ਕੋਈ ਉਸ ਨੂੰ ਸਮਝਣ ਦਾ ਯਤਨ ਨਹੀਂ ਕਰਦਾ ਕਿ ਉਸਦੇ ਵੀ ਕੋਈ ਅਰਥ ਹਨ। ਉਸ ਨੂੰ ਵੀ ਜੀਣ ਦੇ ਹੱਕ ਹਨ।[73]

ਪਾਤਰ ਜੱਸੀ ਜਿਹੜੀ ਹੁਣ ਤੱਕ ਕਿਸੇ ਨਾ ਕਿਸੇ ਮਰਦ ਦੇ ਸਹਾਰੇ ਦੀ ਤਵੱਕੋਅਤ ਕਰਦੀ ਹੋਈ ਆਪਣੀਆਂ ਗੁੰਝਲਦਾਰ ਸਥਿਤੀਆਂ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰ ਰਹੀ ਸੀ ਹੁਣ ਉਹ ਨਾਰੀ ਚੇਤਨਤਾ ਸਦਕਾ ਆਪਣਾ ਸਹਾਰਾ ਖ਼ੁਦ ਬਣਨ ਦਾ ਨਿਸ਼ਚਾ ਕਰਦੀ ਹੈ। ਸੋਸ਼ਲ ਸਰਵਿਸਜ਼ ਦੀ ਨੌਕਰੀ ਦਰਮਿਆਨ ਆਰਥਿਕ ਰੂਪ ਵਿੱਚ ਸਾਧਨ ਸੰਪੰਨ ਹੋਣ ਦਾ ਅਹਿਸਾਸ ਉਸਨੂੰ ਆਤਮ-ਵਿਸ਼ਵਾਸ ਨਾਲ ਭਰ ਦਿੰਦਾ ਹੈ। ਹੁਣ ਉਹ ਨਾ ਤਾਂ ਕਿਸੇ ਮਰਦ ਦੀ ਮੁਥਾਜੀ ਝੱਲਣ ਲਈ ਮਜ਼ਬੂਰ ਸੀ ਅਤੇ ਨਾ ਹੀ ਆਪਣੇ ਸਵੈ ਨੂੰ ਦੁਜੈਲੀ ਸਥਿਤੀ ਵਿੱਚ ਦੇਖਣਾ ਚਾਹੁੰਦੀ ਸੀ, ਇਸ ਲਈ ਉਹ ਵਿਆਹ ਸੰਸਥਾ ਜਾਂ ਘਰ, ਪਰਿਵਾਰ ਜਿਹੀਆਂ ਸਮਾਜਿਕ ਸੰਸਥਾਵਾਂ ਨੂੰ ਤਿਲਾਂਜਲੀ ਦੇ ਦਿੰਦੀ ਹੈ। ਉਹ ਆਪਣੇ ਨਾਲ ਸ਼ੋਸ਼ਲ ਸਰਵਿਸਜ਼ ਵਿੱਚ ਕੰਮ ਕਰਦੇ ਪਾਤਰ ਕੰਵਲ, ਜਿਹੜਾ ਕਿ ਉਸ ਨਾਲ ਵਿਆਹ ਕਰਵਾਉਣ ਦਾ ਇਛੁੱਕ ਹੈ, ਦੀ ਪੈਤਰਿਕ ਮਾਨਸਿਕਤਾ ਨੂੰ ਪਛਾਣਦੀ ਹੋਈ ਕਹਿੰਦੀ :

> "ਮੈਂ ਸਮਝਦੀ ਹਾਂ ਔਰਤ ਦੇ ਅਰਥ ਤੇ ਘਰ ਦੇ ਅਰਥ, ਔਰਤ ਹਾਂ ਮੈਂ। ...ਹੁਣ ਮੈਂ ਕਿਸੇ ਦੇ ਅਧੀਨ ਨਹੀਂ ਰਹਿ ਸਕਦੀ ਤੇ ਵਿਆਹ ਬਹੁਤ ਵੱਡਾ ਸਮਝੌਤਾ ਹੈ ਜਿਸਦੇ ਵਿੱਚ ਤੁਸੀ ਕਈ ਕਾਨੂੰਨਾਂ ਦੇ ਅਧੀਨ ਚੱਲਦੇ ਹੋ।"[74]

ਪਾਤਰ ਕੰਵਲ ਦੇ ਲੱਖ ਯਤਨ ਕਰਨ ਦੇ ਬਾਵਜੂਦ ਜਦੋਂ ਜੱਸੀ ਉਸ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੰਦੀ ਹੈ ਤਾਂ ਉਸਦੀ ਮਰਦਾਵੀਂ ਹਉਂ ਨੂੰ ਸੱਟ ਵੱਜਦੀ ਹੈ। ਜੱਸੀ ਦੁਆਰਾ ਆਪਣਾ ਵਿਆਹ ਪ੍ਰਸਤਾਵ ਠੁਕਰਾਏ ਜਾਣ ਉਪਰੰਤ ਪਾਤਰ ਕੰਵਲ ਜਦੋਂ ਜੱਸੀ ਨੂੰ ਮੰਦਾ ਚੰਗਾ ਬੋਲਦਾ ਹੋਇਆ ਉਸਦੇ ਚਰਿੱਤਰ 'ਤੇ

ਉਂਗਲੀ ਉਠਾਉਂਦਾ ਹੈ ਤਾਂ ਪਾਤਰ ਜੱਸੀ ਉਸਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੋਈ ਮੂੰਹ ਤੋੜਵਾਂ ਜਵਾਬ ਦਿੰਦੀ ਹੈ :

> "ਸਭ ਤੋਂ ਵੱਡੀ ਗ਼ੁਲਾਮੀ ਆਰਥਿਕ ਗ਼ੁਲਾਮੀ ਹੈ ਕੰਵਲ, ਜਦੋਂ ਤੁਸੀਂ ਕਿਸੇ ਅੱਗੇ ਹੱਥ ਅੱਡਦੇ ਹੋ। ਇਸੇ ਬਿਨਾ 'ਤੇ ਮਰਦ ਔਰਤ 'ਤੇ ਸਦੀਆਂ ਤੋਂ ਰੂਲ ਕਰਦਾ ਆ ਰਿਹਾ ਹੈ ਤੇ ਮੇਰਾ ਖਿਆਲ ਨਹੀਂ ਮੈਂ ਇਸ ਪੱਖੋਂ ਗ਼ੁਲਾਮ ਹਾਂ। ਜਾਂ ਫੇਰ ਸੋਚ ਦੀ ਗ਼ੁਲਾਮੀ ਹੁੰਦੀ ਹੈ।"[75]

ਇਸ ਤਰ੍ਹਾਂ ਮੁੱਖ ਪਾਤਰ ਜੱਸੀ ਆਰਥਿਕ ਗ਼ੁਲਾਮੀ ਅਤੇ ਸੋਚ ਦੀ ਗ਼ੁਲਾਮੀ ਤੋਂ ਮੁਕਤ ਹੋ ਕੇ ਆਪਣੀ ਸੁਤੰਤਰ ਅਸਤਿਤਵੀ ਪਛਾਣ ਨੂੰ ਸਥਾਪਿਤ ਕਰਦੀ ਹੋਈ ਇਕ ਮਜ਼ਬੂਤ, ਦਲੇਰ ਅਤੇ ਚੇਤੰਨ ਔਰਤ ਵਜੋਂ ਜ਼ਿੰਦਗੀ ਜਿਉਣ ਲਈ ਅੱਗੇ ਵੱਧਦੀ ਹੈ।

ਵੀਨਾ ਵਰਮਾ ਦੀ ਕਹਾਣੀ 'ਤੂੰ ਕੌਣ ਹੈ?' ਅਜਿਹੀ ਪਰਵਾਸੀ ਪੰਜਾਬੀ ਔਰਤ ਦੀ ਸਥਿਤੀ ਨੂੰ ਬਿਆਨ ਕਰਦੀ ਹੈ ਜਿਹੜੀ ਜਗੀਰੂ ਸੋਚ ਵਾਲੇ ਪੰਜਾਬੀ ਪਤੀ ਹੱਥੋਂ ਸਰੀਰਕ, ਮਾਨਸਿਕ ਰੂਪ ਵਿੱਚ ਸ਼ੋਸ਼ਣ ਦਾ ਸ਼ਿਕਾਰ ਹੋਣ ਉਪਰੰਤ ਪਿੱਤਰਕੀ ਸਭਿਆਚਾਰਕ ਮੁੱਲਾਂ ਨੂੰ ਚੁਣੌਤੀ ਦਿੰਦੀ ਹੋਈ ਆਪਣੀ ਮਨਇੱਛਿਤ ਜ਼ਿੰਦਗੀ ਜਿਊਂਦੀ ਹੈ। ਕਹਾਣੀ ਦੀ ਮੁੱਖ ਪਾਤਰ ਕਿਰਨ ਦਾ ਵਿਆਹ ਪੰਜਾਬੋਂ ਆਏ ਵਿਨੋਦ ਨਾਲ ਇਸ ਲਈ ਹੁੰਦਾ ਹੈ ਕਿਉਂਕਿ ਕਿਰਨ ਇੰਗਲੈਂਡ ਦੀ ਪੱਕੀ ਵਸਨੀਕ ਹੈ। ਪ੍ਰੰਤੂ ਸਥਿਤੀ ਦਾ ਦੁਖਾਂਤ ਇਹ ਹੈ ਕਿ ਕਿਰਨ ਦਾ ਪਤੀ ਵਿਨੋਦ ਉਸਨੂੰ ਗਰਭਵਤੀ ਅਵਸਥਾ ਵਿੱਚ ਛੱਡ ਕੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ। ਵਿਆਹ ਟੁੱਟਣ ਦੇ ਨਾਲ ਹੀ ਜਿੱਥੇ ਮੁੱਖ ਪਾਤਰ ਕਿਰਨ ਦੀਆਂ ਪਤੀ ਅਤੇ ਘਰ, ਪਰਿਵਾਰ ਜਿਹੀਆਂ ਸਭਿਆਚਾਰਕ ਸੰਰਚਨਾਵਾਂ ਨਾਲ ਜੁੜੀਆਂ ਪ੍ਰੰਪਰਕ ਧਾਰਣਾਵਾਂ ਟੁੱਟ ਜਾਂਦੀਆਂ ਹਨ, ਉੱਥੇ ਨਾਲ ਹੀ ਉਹ ਉਹਨਾਂ ਪੂਰਬੀ ਸਭਿਆਚਾਰਕ ਕਦਰਾਂ-ਕੀਮਤਾਂ ਨਾਲੋਂ ਵੀ ਦੂਰ ਹੋ ਜਾਂਦੀ ਹੈ ਜੋ ਉਸਨੂੰ ਇਕ ਦਾਇਰੇ ਵਿੱਚ ਵਿਚਰਣ ਲਈ ਮਜ਼ਬੂਰ ਕਰਦੀਆਂ ਹਨ। ਪੱਛਮੀ ਸਭਿਆਚਾਰ ਜਿਹੜਾ ਕਿ ਨਾਰੀ ਸੁਤੰਤਰਤਾ ਅਤੇ ਨਾਰੀ ਅਧਿਕਾਰਾਂ ਪ੍ਰਤੀ ਵਧੇਰੇ ਸੁਚੇਤ ਮੰਨਿਆ ਜਾਂਦਾ ਹੈ, ਦਾ ਹਿੱਸਾ ਬਣ ਚੁੱਕੀ ਮੁੱਖ ਪਾਤਰ ਕਿਰਨ ਭਾਵੇਂ ਆਪਣੀ ਦੁਖਾਂਤਕ ਸਥਿਤੀ ਵਿੱਚੋਂ ਛੇਤੀ ਹੀ ਬਾਹਰ ਨਿਕਲ ਆਉਂਦੀ ਹੈ ਪਰ ਨਾਲ ਹੀ ਉਹ ਘਰ, ਪਰਿਵਾਰ, ਵਿਆਹ ਅਤੇ ਪਤੀ ਜਿਹੀਆਂ ਸਮਾਜਿਕ ਇਕਾਈਆਂ ਨੂੰ ਨਾਰੀ ਦਮਨ ਵਜੋਂ ਦੇਖਦੀ ਹੋਈ ਇਕੱਲਿਆਂ ਜੀਵਨ ਗੁਜ਼ਾਰਨ ਅਤੇ ਆਪਣੇ ਬੇਟੇ ਨੂੰ ਪਾਲਣ ਦਾ ਫੈਸਲਾ ਕਰਦੀ ਹੈ। ਆਰਥਿਕ ਰੂਪ ਵਿੱਚ ਆਜ਼ਾਦ ਅਤੇ ਆਤਮ-ਵਿਸ਼ਵਾਸ ਨਾਲ ਭਰੀ ਮੁੱਖ ਪਾਤਰ ਕਿਰਨ ਜ਼ਿੰਦਗੀ ਨੂੰ ਭਰਪੂਰਤਾ ਸਹਿਤ ਮਾਨਣ ਦੀ ਇੱਛਾ ਕਾਰਨ ਭਾਵੇਂ ਆਪਣੇ ਘਰ ਕਿਰਾਏ 'ਤੇ ਰਹਿਣ ਆਏ ਪੰਜਾਬੀ

ਮਰਦ ਪਾਤਰ ਸੁਖਪਾਲ ਦੇ ਨਜ਼ਦੀਕ ਆ ਜਾਂਦੀ ਹੈ ਪਰ ਉਹ ਸੁਖਪਾਲ ਨੂੰ ਆਪਣੀ ਜ਼ਿੰਦਗੀ ਦਾ ਸਥਾਈ ਰੂਪ ਵਿੱਚ ਹਿੱਸਾ ਬਣਨ ਦਾ ਅਧਿਕਾਰ ਨਹੀਂ ਦਿੰਦੀ। ਉਹ ਸੁਖਪਾਲ ਨਾਲ ਬੰਧਨ ਮੁਕਤ ਰਿਸ਼ਤਾ ਰੱਖਣਾ ਚਾਹੁੰਦੀ ਹੈ ਪ੍ਰੰਤੂ ਸਥਿਤੀ ਉਸ ਸਮੇਂ ਤਣਾਉਪੂਰਨ ਬਣ ਜਾਂਦੀ ਹੈ ਜਦੋਂ ਸੁਖਪਾਲ ਭਾਰਤੀ ਪਤੀ ਵਾਂਗ ਆਪਣੀ ਮਰਦਾਵੀਂ ਧੌਂਸ ਕਿਰਨ ਉੱਤੇ ਜਮਾਉਣ ਦੀ ਕੋਸ਼ਿਸ਼ ਕਰਦਾ ਹੈ। ਸੁਖਪਾਲ ਦਾ ਅਜਿਹਾ ਸਾਮੰਤੀ ਵਿਵਹਾਰ ਬਰਦਾਸ਼ਤ ਕਰਨ ਤੋਂ ਇਨਕਾਰੀ ਹੁੰਦੀ ਹੋਈ ਕਿਰਨ ਉਸ ਸਮੇਂ ਵਿਦਰੋਹੀ ਰੂਪ ਧਾਰਨ ਕਰ ਜਾਂਦੀ ਹੈ ਜਦੋਂ ਉਹ ਕਿਰਨ ਦੇ ਘਰ ਵਿੱਚ ਰਹਿ ਕੇ ਉਸਨੂੰ ਹੀ ਬਾਹਰ ਨਿਕਲ ਜਾਣ ਦਾ ਹੁਕਮ ਦਿੰਦਾ ਹੈ। ਗੁੱਸੇ ਨਾਲ ਭਰੀ ਕਿਰਨ ਸੁਖਪਾਲ ਦੀ ਔਰਤ ਨੂੰ ਕਬਜ਼ੇ ਹੇਠ ਰੱਖਣ ਵਾਲੀ ਅਜਿਹੀ ਜਗੀਰੂ ਪ੍ਰਵਿਰਤੀ ਦਾ ਮੂੰਹ ਤੋੜਵਾਂ ਜਵਾਬ ਦਿੰਦੀ ਹੈ :

> ਡੌਂਟ ਟਾਕ ਰੱਬਿਸ਼ ਐਂਡ ਬਿਹੇਵ ਲਾਈਕ ਏ ਬਲੱਡੀ ਏਸ਼ੀਅਨ ਹਸਬੈਂਡ ...ਗਟੌਂਟ ਮੈਂ ਨ੍ਹੀ ਹੁੰਦੀ ਤੂੰ ਹੋਵੇਂਗਾ। ਉਹ ਜ਼ਮਾਨੇ ਗਏ ਜਦੋਂ ਤੁਸੀਂ ਸਾਨੂੰ ਗਟੌਂਟ ਕਰਦੇ ਹੁੰਦੇ ਸੀ। ਹੁਣ ਅਸੀਂ ਤੁਹਾਨੂੰ ਗਟੌਂਟ ਕਰਾਂਗੀਆਂ।[76]

ਮੁੱਖ ਪਾਤਰ ਕਿਰਨ ਇੱਥੇ ਪੱਛਮੀ ਸਭਿਆਚਾਰ ਵਿੱਚ ਵਿਚਰ ਰਹੀ ਅਜਿਹੀ ਚੇਤੰਨ ਪਰਵਾਸੀ ਪੰਜਾਬੀ ਔਰਤ ਵਜੋਂ ਸਾਹਮਣੇ ਆਉਂਦੀ ਹੈ ਜਿਹੜੀ ਵਿਸ਼ਵ ਪੱਧਰ ਉੱਤੇ ਔਰਤ ਦੀ ਬਦਲ ਰਹੀ ਸਮਾਜਿਕ, ਆਰਥਿਕ ਅਤੇ ਮਾਨਸਿਕ ਸਥਿਤੀ ਬਾਰੇ ਗਿਆਨ ਰੱਖਦੀ ਹੈ। ਬਦਲੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਉਹ ਸਾਮੰਤੀ ਸੋਚ ਵਾਲੇ ਭਾਰਤੀ ਪੰਜਾਬੀ ਮਰਦ ਨੂੰ ਵੀ ਆਪਣੀ ਪਿੱਤਰੀ ਮਾਨਸਿਕਤਾ ਅਤੇ ਵਿਵਹਾਰ ਬਦਲਣ ਲਈ ਸੁਚੇਤ ਕਰਦੀ ਹੈ। ਉਹ ਮਰਦ ਪਾਤਰ ਦੀ ਔਰਤ ਨੂੰ ਸਿਰਫ਼ ਭੋਗ ਦੀ ਵਸਤੂ ਸਮਝੇ ਜਾਣ ਵਾਲੀ ਸੰਕੀਰਣ ਸੋਚ 'ਤੇ ਕਟਾਖ਼ਸ਼ ਕਰਦੀ ਹੋਈ ਜਿਨਸੀ ਸੰਬੰਧਾਂ ਦੇ ਤਰਕ ਨੂੰ ਵੀ ਉਲਟਾਉਂਦੀ ਨਜ਼ਰ ਆਉਂਦੀ ਹੈ। ਉਹ ਮਰਦ ਪਾਤਰ ਨੂੰ ਜਿੱਥੇ ਆਪਣੀ ਸੁਤੰਤਰ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ, ਉੱਥੇ ਉਸਦੇ ਸਾਹਮਣੇ ਬੜੀ ਬੇਬਾਕੀ ਨਾਲ ਆਪਣੀ ਮਾਨਵੀ ਇੱਛਾ ਦਾ ਪ੍ਰਗਟਾਵਾ ਕਹਿੰਦੀ ਹੈ :

> ਜੇ ਤੂੰ ਮੈਨੂੰ ਭੋਗ ਰਿਹਾ ਹੈ ਤਾਂ ਮੈਂ ਵੀ ਤੈਨੂੰ ਭੋਗ ਰਹੀ ਹਾਂ। ...ਜ਼ਬਰਦਸਤੀ ਨਹੀਂ ਕੀਤੀ ਤੂੰ। ਜੋ ਵੀ ਹੋਇਐ ਮੇਰੀ ਕੰਸੈਂਟ ਨਾਲ ਹੋਇਐ...।[77]

ਡਾ. ਧਨਵੰਤ ਕੌਰ ਪਰਵਾਸੀ ਪੰਜਾਬੀ ਔਰਤ ਦੀ ਬਦਲ ਰਹੀ ਸਥਿਤੀ ਅਤੇ ਚੇਤਨਾ ਸੰਬੰਧੀ ਲਿਖਦੀ ਹੈ :

> ਪੱਛਮੀ ਜੀਵਨ ਜਾਚ ਨੇ ਔਰਤ ਦੀ ਹੋਂਦ ਚੇਤਨਾ ਦੇ ਜਿਹੜੇ ਨਵੇਂ ਜਾਵੀਏ ਦਿੱਤੇ ਹਨ ਉਨ੍ਹਾਂ ਨੇ ਉਸਦੀ ਮਰਦ ਨੂੰ ਸੰਪੂਰਣ ਤੌਰ 'ਤੇ ਸਮਰਪਿਤ, ਨਿਰਭਰ ਅਤੇ ਦੁਜੈਲੀ ਸਥਿਤੀ ਦਾ ਵਿਵੇਕ ਖ਼ਤਮ ਹੀ ਨਹੀਂ ਕੀਤਾ ਸਗੋਂ

ਉਸਨੂੰ ਜਿਹਨੀ, ਜਿਸਮੀ ਅਤੇ ਜਿਨਸੀ ਲੋੜਾਂ ਵਾਲੀ ਸੁਤੰਤਰ ਸਾਲਮੀ ਹੋਂਦ ਵਜੋਂ ਪਰਿਭਾਸ਼ਤ ਵੀ ਕੀਤਾ ਹੈ।[78]

ਰਵਿੰਦਰ ਰਵੀ ਦੀ ਕਹਾਣੀ 'ਉਹਲਿਆਂ ਦੇ ਆਰ ਪਾਰ' ਮੁੱਖ ਪਾਤਰ ਕਲਾਵਤੀ ਦੇ ਜੀਵਨ ਸੰਘਰਸ਼ ਦੁਆਲੇ ਘੁੰਮਦੀ ਹੈ ਜਿਹੜੀ ਪਰਵਾਸੀ ਸਹੁਰਿਆਂ ਹੱਥੋਂ ਸ਼ੋਸ਼ਿਤ ਹੋ ਕੇ ਆਪਣੀ ਅਸਤਿਤਵੀ ਹੋਂਦ ਦੀ ਲੜਾਈ ਖ਼ੁਦ ਲੜਦੀ ਹੈ। ਕਲਾਵਤੀ ਦੇ ਮਾਪੇ ਉਸਦਾ ਵਿਆਹ ਕੈਨੇਡਾ ਸੈੱਟ ਹੋਣ ਦੇ ਮੰਤਵ ਨਾਲ ਬਾਰਵੀਂ ਪਾਸ ਕੈਨੇਡੀਅਨ ਮੁੰਡੇ ਨਾਲ ਕਰ ਦਿੰਦੇ ਹਨ। ਦੂਜੇ ਪਾਸੇ ਮੁੰਡੇ ਦੇ ਮਾਪੇ ਵੀ ਆਪਣੇ ਪੁੱਤ ਨਾਲੋਂ ਵਧੇਰੇ ਪੜ੍ਹੀ-ਲਿਖੀ ਕਲਾਵਤੀ ਨੂੰ ਆਪਣੀ ਨੂੰਹ ਬਣਾ ਕੇ ਖ਼ੁਸ਼ ਸਨ। ਨਵੀਂ ਜ਼ਿੰਦਗੀ ਜਿਊਣ ਦੇ ਉਤਸ਼ਾਹ ਨਾਲ ਭਰੀ ਬੌਧਿਕ ਰੁਚੀਆਂ ਵਾਲੀ ਕਲਾਵਤੀ ਜਦੋਂ ਕੈਨੇਡਾ ਪਹੁੰਚਦੀ ਹੈ ਤਾਂ ਸਹੁਰੇ ਪਰਿਵਾਰ ਦੇ ਦਬਾਅ ਹੇਠ ਉਸ ਦਾ ਦਮ ਘੁਟਣ ਲੱਗਦਾ ਹੈ। ਨਾ ਤਾਂ ਪਤੀ ਨਾਲ ਉਸਦੇ ਵਿਚਾਰ ਮਿਲਦੇ ਹਨ ਅਤੇ ਨਾ ਹੀ ਪਤੀ ਉਸ ਨਾਲ ਕੋਈ ਸੋਚ ਮਿਲਾਉਣ ਦੀ ਕੋਸ਼ਿਸ਼ ਕਰਦਾ ਹੈ। ਉਲਟਾ ਉਹ ਆਪਣੀ ਮਰਦਾਵੀਂ ਧੌਂਸ ਜਮਾਉਣ ਹਿੱਤ ਪਤਨੀ ਨੂੰ ਆਪਣੀ ਅਧੀਨਗੀ ਮੰਨਣ ਲਈ ਮਜ਼ਬੂਰ ਕਰਦਾ ਹੋਇਆ ਉਸਨੂੰ ਗਾਲ੍ਹਾਂ ਕੱਢਦਾ ਹੈ। ਸਥਿਤੀ ਉਸ ਸਮੇਂ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ ਜਦੋਂ ਪਤੀ ਸ਼ਰਾਬੀ ਹਾਲਤ ਵਿੱਚ ਕਲਾਵਤੀ ਨੂੰ ਕੁੱਟਣ ਲੱਗਦਾ ਹੈ ਤਾਂ ਉਹ ਪਤੀ ਦੇ ਪੈਤਰਿਕ ਵਿਵਹਾਰ ਨੂੰ ਸਹਿਣ ਤੋਂ ਮੁਨਕਰ ਹੁੰਦੀ ਹੋਈ ਉਸ ਸਾਹਮਣੇ ਵੰਗਾਰ ਬਣ ਕੇ ਖੜ੍ਹ ਜਾਂਦੀ ਹੈ :

ਬੱਸ! ਨੋ ਮੋਰ! ਆਪਣੇ ਆਪੇ ਵਿੱਚ ਰਹਿਣਾ ਸਿਖ। ਸਮਝਦਾ ਕੀ ਹੈਂ ਤੂੰ ਆਪਣੇ ਆਪ ਨੂੰ ਹੱਥ ਮੈਂ ਵੀ ਚੁੱਕ ਸਕਦੀ ਹਾਂ। ਇਕ ਧੱਕਾ ਮਾਰਿਆ ਤਾਂ ਮੂੰਹ ਦੇ ਭਾਰ ਡਿੱਗੇਂਗਾ। ਨੋ ਮੋਰ ...ਇਟ ਇਜ ਓਵਰ।[79]

ਮੁੱਖ ਪਾਤਰ ਕਲਾਵਤੀ ਇੱਥੇ ਪ੍ਰੰਪਰਕ ਭਾਰਤੀ/ਪੰਜਾਬੀ ਸੰਸਕ੍ਰਿਤੀ ਵਿੱਚ ਬਣੇ ਆਦਰਸ਼ ਪਤਨੀ ਦੇ ਪ੍ਰੰਪਰਕ ਮਿੱਥਕ ਬਿੰਬ ਨੂੰ ਤੋੜਦੀ ਹੋਈ ਮਰਦਸੱਤਾ ਅਤੇ ਪਿੱਤਰਸੱਤਾ ਨੂੰ ਚੁਣੌਤੀ ਦੇਣ ਵਾਲੀ ਇਕ ਜਾਗਰੂਕ, ਮਜ਼ਬੂਤ ਅਤੇ ਦਲੇਰ ਔਰਤ ਦਾ ਪ੍ਰਮਾਣ ਪੇਸ਼ ਕਰਦੀ ਹੈ। ਉਹ ਹੋਰਨਾਂ ਪਰਵਾਸੀ ਪੰਜਾਬੀ ਔਰਤਾਂ ਵਰਗੀ ਨਹੀਂ ਜਿਹੜੀਆਂ ਵਿਦੇਸ਼ੀ ਸਹੁਰਿਆਂ ਦੇ ਜ਼ੁਲਮਾਂ ਨੂੰ ਸਹਿੰਦੀਆਂ ਜਾਂ ਤਾਂ ਆਤਮਹੱਤਿਆ ਕਰ ਲੈਂਦੀਆਂ ਹਨ ਜਾਂ ਸਮਝੌਤਾਵਾਦੀ ਬਣ ਕੇ ਆਪਣੀ ਅਧੀਨਗੀ ਵਾਲੀ ਸਥਿਤੀ ਨੂੰ ਜਿਉਂ-ਤਿਉਂ ਸਵਿਕਾਰਦੀਆਂ ਸਾਰੀ ਉਮਰ ਮਾਨਸਿਕ ਸੰਤਾਪ ਭੋਗਦੀਆਂ ਹਨ। ਕਹਾਣੀ ਵਿੱਚ ਮੁੱਖ ਪਾਤਰ ਕਲਾਵਤੀ ਪਤੀ ਸੱਤਾ ਦੀ ਗ਼ੁਲਾਮੀ ਭੋਗਣ ਤੋਂ ਇਨਕਾਰੀ ਹੁੰਦੀ ਹੋਈ ਨਾ ਕੇਵਲ ਉਸ ਨਾਲੋਂ ਤਲਾਕ ਲੈ ਕੇ ਵੱਖ ਹੋ ਜਾਂਦੀ ਹੈ ਬਲਕਿ ਆਪਣੀ ਅਸਤਿਤਵੀ ਹੋਂਦ ਦੀ ਸਥਾਪਤੀ ਤੇ ਪਛਾਣ ਲਈ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਵਿਉਂਤਦੀ ਹੈ। ਉਹ ਕੰਪਿਊਟਰ ਦੀਆਂ ਕਲਾਸਾਂ ਲਾਉਂਦੀ ਹੈ, ਅੰਗਰੇਜ਼ੀ ਬੋਲਣ ਅਤੇ ਲਿਖਣ ਵਿੱਚ ਮੁਹਾਰਤ ਹਾਸਿਲ ਕਰਕੇ ਪੱਛਮ ਵਿੱਚ

ਨਾਰੀ ਨੂੰ ਮਿਲੇ ਮਾਨਵੀ ਅਧਿਕਾਰਾਂ ਸੰਬੰਧੀ ਗਿਆਨ ਹਾਸਲ ਕਰਦੀ ਹੋਈ ਬੈਂਕ ਵਿੱਚ ਅਸਿਸਟੈਂਟ ਮੈਨੇਜਰ ਦੀ ਨੌਕਰੀ ਹਾਸਿਲ ਕਰਦੀ ਹੈ। ਆਰਥਿਕ ਰੂਪ ਵਿੱਚ ਆਜ਼ਾਦ ਹੋ ਕੇ ਉਹ ਲੇਖਕ ਸਭਾਵਾਂ ਵਿੱਚ ਹਿੱਸਾ ਲੈ ਕੇ ਜਿੱਥੇ ਆਪਣੇ ਗਿਆਨ ਵਿੱਚ ਵਾਧਾ ਕਰਦੀ ਹੈ, ਉੱਥੇ ਨਾਲ-ਨਾਲ ਨਾਰੀ ਅੰਦਰਲੀ ਚੇਤਨਤਾ ਨੂੰ ਜਗਾਉਣ ਦਾ ਹਰ ਸੰਭਵ ਯਤਨ ਕਰਦੀ ਹੈ। ਜਦੋਂ ਲੇਖਕ ਸਭਾ ਵਿੱਚ ਔਰਤ ਸਾਹਿਤਕਾਰਾਂ ਜਿਹੜੀਆਂ ਕਿ ਆਰਥਿਕ ਤੌਰ ’ਤੇ ਨਿਰਭਰ ਹੁੰਦੀਆਂ ਹੋਈਆਂ ਵੀ ਆਪਣੇ ਅਧੂਰੇ ਪਿਆਰ, ਇਕਲਾਪੇ ਜਾਂ ਆਪਣੇ ਨਾਲ ਹੋ ਰਹੇ ਅਨਿਆਂ ਸੰਬੰਧੀ ਫ਼ਰਜੀ ਰੁਦਨ ਕਰਦੀਆਂ ਤਾਂ ਅਜਿਹੇ ਸਮੇਂ ਕਲਾਵਤੀ ਉਹਨਾਂ ’ਤੇ ਕਟਾਖ਼ਸ਼ ਕਰਦੀ ਹੋਈ ਉਹਨਾਂ ਨੂੰ ਆਪਣੇ ਅਧਿਕਾਰਾਂ ਦੀ ਲੜਾਈ ਖ਼ੁਦ ਲੜਨ ਲਈ ਅਮਲੀ ਪੱਧਰ ’ਤੇ ਯਤਨ ਕਰਨ ਲਈ ਪ੍ਰੇਰਿਤ ਕਰਦੀ ਹੈ:

> ...ਪਰਵਾਨਾ ਜੀ! ਮੈਂ ਵੀ ਇਨ੍ਹਾਂ ਨੂੰ ਇਹ ਹੀ ਕਹਿੰਦੀ ਹਾਂ ਕਿ ਜੇ ਮਨ ਦੀ ਗੱਲ ਹੈ, ਤਾਂ ਮਨ ਦੀ ਕਰੋ ...ਤੇ ਜੇ ਤਨ ਦੀ ਗੱਲ ਹੈ ...ਤਾਂ ਤਨ ਦੀ ਕਰੋ... ਸਰਦਲ ਪਾਰ ਕਰਨ ਦੀ ਹਿੰਮਤ ਕਰੋ ...ਮੈਂ ਸਰਦਲ ਪਾਰ ਕੀਤੀ ਹੈ... ਇਹ ਸ਼ਬਦਾਂ ਦੀਆਂ ਭੁੱਲ-ਭੁਲੱਈਆ, ਇਹ ਅਰਥਾਂ ਦੀ ਹੇਰਾ ਫੇਰੀ ...ਇਹ ਕਨਫਿਊਜਨ (Confusion) ਕਿਉਂ?[80]

‘ਸਰਦਲ’ ਦੇ ਨਾਰੀ ਪ੍ਰਸੰਗ ਵਿੱਚ ਵਿਸ਼ੇਸ਼ ਅਰਥ ਹਨ। ਇਹ ਪਿੱਤਰਸੱਤਾ ਦੁਆਰਾ ਨਿਰਧਾਰਿਤ ਉਹ ਸੀਮਾਵਾਂ ਹਨ, ਉਹ ਸਭਿਆਚਾਰਕ ਵਰਜਣਾਵਾਂ, ਮਾਪਦੰਡ ਹੈ ਜੋ ਨਾਰੀ ਦੀ ਹਾਸ਼ੀਆਕ੍ਰਿਤ ਜਾਂ ਦੁਜੈਲੀ ਸਥਿਤੀ ਲਈ ਜ਼ਿੰਮੇਵਾਰ ਹਨ। ਸਰਦਲ ਨੂੰ ਪਾਰ ਕਰਨਾ ਨਾਰੀ ਦੁਆਰਾ ਆਪਣੀ ਗ਼ੁਲਾਮੀ ਦੇ ਦਾਇਰਿਆਂ ਨੂੰ ਤੋੜਨ ਦਾ ਸੰਕੇਤਕ ਪ੍ਰਗਟਾਵਾ ਹੈ। ਜੇਕਰ ਔਰਤ ਨੇ ਆਪਣੀ ਆਜ਼ਾਦੀ ਹਾਸਲ ਕਰਨੀ ਹੈ ਤਾਂ ਉਹ ਕੇਵਲ ਆਪਣੀ ਸਥਿਤੀ ਉੱਪਰ ਰੁਦਨ ਕਰਕੇ ਕਦਾਚਿਤ ਸੰਭਵ ਨਹੀਂ ਬਲਕਿ ਆਪਣੀ ਆਤਮ ਚੇਤਨਤਾ, ਆਤਮ ਵਿਸ਼ਵਾਸ ਅਤੇ ਖ਼ੁਦ ਲਈ ਲੜਨ ਨਾਲ ਹੀ ਹਾਸਿਲ ਹੋ ਸਕਦੀ ਹੈ।

ਹਰਪ੍ਰੀਤ ਸੇਖਾਂ ਦੀ ਕਹਾਣੀ ‘ਘੁੰਮਣਘੇਰ’ ਜਿੱਥੇ ਪਰਵਾਸੀ ਜੀਵਨ ਦੀਆਂ ਜਟਿਲ ਪ੍ਰਸਥਿਤੀਆਂ ਦੀ ‘ਘੁੰਮਣਘੇਰੀ’ ਵਿੱਚ ਉੱਲਝ ਚੁੱਕੀ ਮੁੱਖ ਪਾਤਰ ਡਿੰਪਲ ਦੀ ਤ੍ਰਾਸਦੀ ਨੂੰ ਰੂਪਮਾਨ ਕਰਦੀ ਹੈ, ਉੱਥੇ ਸਵਾਰਥ ਅਤੇ ਮੰਡੀ ਦੇ ਦੌਰ ਵਿੱਚ ਰਿਸ਼ਤਿਆਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਵੀ ਪੇਸ਼ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਵੀਹ ਸਾਲਾਂ ਲੜਕੀ ਡਿੰਪਲ ਹੈ ਜਿਹੜੀ ਸਟੂਡੈਂਟ ਵੀਜ਼ੇ ਤੇ ਕੈਨੇਡਾ ਵਿੱਚ ਪੱਕੇ ਹੋਣ ਦੇ ਇਰਾਦੇ ਨਾਲ ਉੱਥੇ ਰਹਿੰਦੇ ਆਪਣੇ ਮਾਸੀ-ਮਾਸੜ ਕੋਲ ਜਾਂਦੀ ਹੈ। ਪਰ ਪ੍ਰਸਥਿਤੀ ਉਸ ਸਮੇਂ ਸੰਕਟਮਈ ਬਣ ਜਾਂਦੀ ਹੈ ਜਦੋਂ ਮਾਸੀ ਦੀ ਗੈਰਹਾਜ਼ਰੀ ਵਿੱਚ ਡਿੰਪਲ ਦਾ ਮਾਸੜ ਜਗਜੀਤ ਕਾਮ ਵੇਗ ਵਿੱਚ ਅੰਨ੍ਹਾ ਹੋਇਆ ਉਸਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਈ ਉਤਾਵਲਾ ਹੋ ਜਾਂਦਾ ਹੈ :

"ਕਿਸੇ ਨੂੰ ਨੀ ਪਤਾ ਲੱਗਦਾ, ਬੱਸ ਐਂ ਕਦੇ ਕਦੇ, - ਰਾਣੀ ਬਣਾ ਕੇ ਰੱਖੂੰ",

ਆਖਦਾ ਜਗਜੀਤ ਡਿੰਪਲ ਉੱਪਰ ਝੁਕਿਆ।

ਭੱਜ ਕੇ ਕਿੱਧਰ ਜਾਏਂਗੀ? ਹੈ ਕੋਈ ਟਿਕਾਣਾ?[81]

ਮੁੱਖ ਪਾਤਰ ਡਿੰਪਲ ਭਾਵੇਂ ਆਪਣੇ ਮਾਸੜ ਦੀ ਜਿਨਸੀ ਹੈਵਾਨੀਅਤ ਦਾ ਸ਼ਿਕਾਰ ਹੋਣੋ ਬੱਚ ਕੇ ਭੱਜ ਨਿਕਲਦੀ ਹੈ ਪਰ ਇਸ ਅਣਕਿਆਸੇ ਘਟਨਾਕ੍ਰਮ ਦੇ ਫਲਸਰੂਪ ਡਿੰਪਲ ਦੀ ਪ੍ਰੇਸ਼ਾਨੀ ਉਸ ਸਮੇਂ ਦੁੱਗਣੀ ਹੋ ਜਾਂਦੀ ਹੈ ਜਦੋਂ ਉਸਦੀ ਮਾਸੀ ਆਪਣੇ ਪਤੀ ਦੇ ਅਮਾਨਵੀ ਵਿਹਾਰ ਦੀ ਵਿਰੋਧਤਾ ਕਰਨ ਦੀ ਬਜਾਇ ਉਲਟਾ ਡਿੰਪਲ ਉੱਪਰ ਹੀ ਚਰਿੱਤਰਹੀਣਤਾ ਦਾ ਦੋਸ਼ ਮੜ੍ਹਦੀ ਹੋਈ ਉਸ ਨੂੰ ਆਪਣੇ ਘਰੋਂ ਕੱਢਣ ਦੇ ਨਾਲ-ਨਾਲ ਕੈਨੇਡਾ ਵਿੱਚੋਂ ਹੀ ਬਾਹਰ ਕੱਢਣ ਦੀ ਠਾਣ ਲੈਂਦੀ ਹੈ :

"ਕਲੱਛਣੀਏਂ ਭੋਰਾ ਸ਼ਰਮ ਨਹੀਂ ਆਈ ਖੇਹ ਖਾਣ ਲੱਗੀ ਨੂੰ। ਆਵਦੇ ਪਿਓ ਵਰਗੇ ਮਾਸੜ 'ਤੇ ਤੋਹਮਤ ਲਾਉਂਦਿਆਂ ਤੇਰੇ ਅੰਦਰ ਭੋਰਾ ਵੀ ਰਹਿਮ ਨੀ ਆਇਆ?... ਘਰੇ ਰੱਖਣਾ ਤਾਂ ਇਕ ਪਾਸੇ ਕਨੇਡੇ 'ਚ ਵੀ ਨੀ ਰਹਿਣ ਦਿੰਦੀ ਤੈਨੂੰ।"[82]

ਅਜਿਹੀਆਂ ਵਿਰੋਧੀ ਪ੍ਰਸਥਿਤੀਆਂ ਵਿੱਚ ਘਿਰੀ ਹੋਈ ਪਾਤਰ ਡਿੰਪਲ ਜਦੋਂ ਆਪਣੇ ਮਾਪਿਆਂ ਨੂੰ ਮਾਸੜ ਦੀ ਬਦਨੀਅਤ ਬਾਰੇ ਦੱਸਦੀ ਵਾਪਸ ਇੰਡੀਆ ਆਉਣ ਦੀ ਗੁਹਾਰ ਲਾਉਂਦੀ ਹੈ ਤਾਂ ਮਾਪੇ ਬੇਗਾਨੇ ਦੇਸ਼ ਵਿੱਚ ਧੀ ਦੁਆਰਾ ਭੋਗੇ ਜਾ ਰਹੇ ਸਰੀਰਕ, ਮਾਨਸਿਕ ਕਸ਼ਟ ਨੂੰ ਸਮਝਣ ਦੀ ਬਜਾਇ ਆਪਣੀਆਂ ਮਜ਼ਬੂਰੀਆਂ ਦਾ ਹਵਾਲੇ ਦੇ ਕੇ ਉਸ ਦੀ ਘਰ-ਵਾਪਸੀ ਦੀ ਦਲੀਲ ਨੂੰ ਰੱਦ ਕਰ ਦਿੰਦੇ ਹਨ :

"ਵਾਪਸ ਮੁੜਨ ਬਾਰੇ ਸੋਚਣਾ ਵੀ ਨਹੀਂ, ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨਗੇ। ਬੇਟੇ, ਇਹ ਤਾਂ ਇੱਕ ਲੜਾਈ ਹੈ, ਜਿਹੜੀ ਤੈਨੂੰ ਘਰ ਦੇ ਬਾਕੀ ਜੀਆਂ ਖਾਤਰ ਹੌਂਸਲੇ ਨਾਲ ਲੜਨੀ ਪੈਣੀ ਹੈ...।"[83]

ਕਹਾਣੀਕਾਰ ਇੱਥੇ ਪਦਾਰਥ, ਪੈਸਾ, ਉਪਭੋਗਤਾ ਅਤੇ ਮੰਡੀ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋਏ ਮਨੁੱਖ ਦੀ ਸੰਵੇਦਨਹੀਣ ਹੋ ਚੁੱਕੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ, ਉੱਥੇ ਬਦਲੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਪਰਵਾਸੀ ਔਰਤ ਦੇ ਬਹੁ-ਪਰਤੀ ਸ਼ੋਸ਼ਣ ਨੂੰ ਵੀ ਉਭਾਰ ਰਿਹਾ ਹੈ। ਕਹਾਣੀ ਵਿਚਲੀ ਪਾਤਰ ਡਿੰਪਲ ਇਕੋ ਸਮੇਂ ਦੋਹਰੇ-ਤੀਹਰੇ ਸੰਤਾਪ ਵਿੱਚੋਂ ਲੰਘ ਰਹੀ ਹੈ। ਇਕ ਪਾਸੇ ਉਸ ਲਈ ਮਸਲਾ ਵਿਦੇਸ਼ੀ ਧਰਤੀ ਉੱਤੇ ਆਪਣੀ ਇੱਜ਼ਤ-ਆਬਰੂ ਨੂੰ ਬਚਾ ਕੇ ਆਪਣੇ ਅਸਤਿਤਵ ਨੂੰ ਸਥਾਪਿਤ ਕਰਨ ਨਾਲ ਜੁੜਿਆ ਹੋਇਆ ਹੈ ਅਤੇ ਦੂਸਰੇ ਪਾਸੇ ਆਪਣੇ ਮਾਪਿਆਂ ਦੀਆਂ ਆਰਥਿਕ ਮਜ਼ਬੂਰੀਆਂ ਦਾ ਨਿਵਾਰਣ ਕਰਨ ਲਈ ਸਖ਼ਤ

ਮਿਹਨਤ ਕਰਕੇ ਉਹਨਾਂ ਲਈ ਕੈਨੇਡਾ ਦੀ ਰਾਹਦਾਰੀ ਦਾ ਇੰਤਜ਼ਾਮ ਕਰਨ ਨਾਲ ਸੰਬੰਧਿਤ ਹੈ। ਇਹਨਾਂ ਗੁੰਝਲਦਾਰ ਪ੍ਰਸਥਿਤੀਆਂ ਵਿੱਚ ਘਿਰੀ ਪਾਤਰ ਡਿੰਪਲ ਭਾਵੇਂ ਵਾਪਸ ਆਪਣੇ ਦੇਸ਼ ਮੁੜਨਾ ਚਾਹੁੰਦੀ ਹੈ ਪਰ ਉਸਦੇ ਮਾਪੇ ਉਸਨੂੰ ਕਿਸੇ ਵੀ ਤਰ੍ਹਾਂ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਲਈ ਕੋਈ ਵੀ ਜਾਇਜ/ ਨਜ਼ਾਇਜ ਢੰਗ ਤਰੀਕਾ ਅਪਣਾਉਣ ਦੀ ਖੁੱਲ੍ਹ ਦੇਣ ਨੂੰ ਵੀ ਤਿਆਰ ਹਨ। ਡਿੰਪਲ ਦੀ ਮਾਂ ਤਾਂ ਉਸਨੂੰ ਉਸਦੇ ਕਮਰੇ ਵਿੱਚ ਰਹਿੰਦੀ ਅੰਗਰੇਜ਼ ਦੋਸਤ ਕੁੜੀ ਪੈਂਟੀ ਨਾਲ ਵੀ ਵਿਆਹ ਕਰਾਉਣ ਦੀ ਇਜ਼ਾਜਤ ਦੇ ਦਿੰਦੀ ਹੈ ਭਾਵੇਂ ਕਿ ਉਹ ਡਿੰਪਲ ਨੂੰ ਅਜਿਹੇ ਵਿਆਹ ਨੂੰ ਕਾਗਜ਼ੀ ਜਾਂ ਆਰਜੀ ਮੰਨਣ ਦੀ ਹੀ ਹਦਾਇਤ ਕਰਦੀ ਹੈ :

> "ਨਾਲ ਵਾਲੀ ਗੋਰੀ ਕੁੜੀ ਨੂੰ ਪੁੱਛ ਕੇ ਵੇਖ ਜੇ ਮੰਨ ਜਾਵੇ। ਕਾਗਜ਼ਾਂ 'ਚ ਈ ਕਰਨੈ, ਕਿਸੇ ਨੂੰ ਕੋਈ ਸ਼ੱਕ-ਸ਼ੁਬਾ ਨੀ ਹੁੰਦਾ। ਸਾਨੂੰ ਤਾਂ ਸਾਰਾ ਦਿਨ ਤੇਰਾ ਈ ਫਿਕਰ ਖਾਂਦਾ ਰਹਿੰਦੈ ਬਈ ਕੰਮ ਕਿਸੇ ਪਾਸੇ ਲੱਗੇ।"[84]

ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਵਾਰਥ ਅਤੇ ਮੰਡੀ ਦੇ ਯੁੱਗ ਵਿੱਚ ਜਿੱਥੇ ਮੁੱਖ ਪਾਤਰ ਡਿੰਪਲ ਆਪਣੇ ਮਾਸੜ ਦੀ ਕਾਮੁਕ ਪ੍ਰਵਿਰਤੀ ਅਤੇ ਦੋਗਲੇ ਵਿਵਹਾਰ ਕਾਰਨ ਅਤੇ ਫਿਰ ਆਪਣੇ ਮਾਪਿਆਂ ਦੇ ਸੁਆਰਥੀ, ਨਿੱਜ ਕੇਂਦਰਿਤ ਅਤੇ ਲਾਲਚੀ ਪ੍ਰਵਿਰਤੀ ਕਾਰਨ ਮਾਨਸਿਕ ਰੂਪ ਵਿੱਚ ਸ਼ੋਸ਼ਿਤ ਹੋਇਆ ਮਹਿਸੂਸ ਕਰਦੀ ਹੈ, ਉੱਥੇ ਦੂਜੇ ਪਾਸੇ ਉਹ ਅੰਗਰੇਜ਼ਣ ਦੋਸਤ ਪੈਟੀ ਦੇ ਆਪਣੇ ਨਾਲ ਰਿਸ਼ਤੇ ਨੂੰ ਵਧੇਰੇ ਸੁਹਿਰਦ ਅਤੇ ਪ੍ਰਮਾਣਿਕ ਮੰਨਦੀ ਹੈ। ਡਿੰਪਲ ਦੀ ਤਰ੍ਹਾਂ ਪਾਤਰ ਪੈਟੀ ਦਾ ਆਪਣਾ ਦੁਖਾਂਤ ਹੈ। ਉਹ ਆਪਣੇ ਮਤਰੇਏ ਪਿਤਾ ਹੱਥੋਂ ਬਲਾਤਕਾਰ ਦੀ ਸ਼ਿਕਾਰ ਹੋ ਕੇ ਸਰੀਰਕ, ਮਾਨਸਿਕ ਸੰਤਾਪ ਹੰਢਾਉਂਦੀ ਹੋਈ ਸਮੁੱਚੀ ਮਰਦ ਜਾਤ ਤੋਂ ਹੀ ਵਿੱਥ ਸਥਾਪਿਤ ਕਰ ਲੈਂਦੀ ਹੈ। ਉਸਨੂੰ ਮਰਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਰਿਸ਼ਤਾ ਰੱਖਣ ਨਾਲੋਂ ਔਰਤ ਨਾਲ ਰਿਸ਼ਤਾ ਵਧੇਰੇ ਸਹਿਜ ਅਤੇ ਸੁਖਾਵਾਂ ਲੱਗਦਾ ਹੈ ਭਾਵੇਂ ਕਿ ਉਹ ਇਕ ਵਾਰ ਆਪਣੀ ਅੰਗਰੇਜ਼ਣ ਸਹੇਲੀ ਹੱਥੋਂ ਵੀ ਧੋਖਾ ਖਾ ਚੁੱਕੀ ਹੈ ਪਰੰਤੂ ਡਿੰਪਲ ਦੀ ਦੋਸਤੀ ਉਸਨੂੰ ਮਾਨਸਿਕ ਸਕੂਨ ਦਿੰਦੀ ਹੈ। ਦੋਵਾਂ ਔਰਤਾਂ ਪਾਤਰਾਂ ਵਿੱਚ ਦੋਸਤੀ ਅਤੇ ਪਿਆਰ ਦੇ ਭਾਵ ਆਪਸੀ ਦੁੱਖ ਅਤੇ ਅੰਤਰੀਵੀ ਪੀੜ ਨੂੰ ਵੰਡ ਕੇ ਜੀਣ ਵਿੱਚੋਂ ਪੈਦਾ ਹੁੰਦੇ ਹਨ ਅਤੇ ਅਖੀਰ ਇਹ ਦੁਵੱਲਾ ਪ੍ਰੇਮ ਸੰਬੰਧ ਜਜ਼ਬਾਤੀ ਅਤੇ ਜਿਸਮੀ ਪੱਧਰ 'ਤੇ ਇਕ ਪ੍ਰਮਾਣਿਕ ਲੈਸਬੀਅਨ ਰਿਸ਼ਤੇ ਵਿੱਚ ਪਰਵਰਤਿਤ ਹੋ ਜਾਂਦਾ ਹੈ। ਪਾਤਰ ਡਿੰਪਲ ਦਾ ਇਕ ਪੱਛਮੀ ਲੜਕੀ ਨਾਲ ਲੈਸਬੀਅਨ ਰਿਸ਼ਤਾ ਜਿੱਥੇ ਉਸਨੂੰ ਆਰਥਿਕ ਅਤੇ ਮਾਨਸਿਕ ਰਾਹਤ ਦਿੰਦਾ ਹੈ, ਉੱਥੇ ਦੂਜੇ ਪਾਸੇ ਉਸਨੂੰ ਪੂਰਬੀ ਸਭਿਆਚਾਰਕ ਵਰਜਣਾਵਾਂ ਦੀ 'ਘੁੰਮਣਘੇਰ' ਵਿੱਚ ਵੀ ਫਸਾ ਦਿੰਦਾ ਹੈ। ਜਦੋਂ ਪੈਟੀ ਪਾਤਰ ਡਿੰਪਲ ਪਾਸੋਂ ਵਿਆਹ ਦੇ ਰੂਪ ਵਿੱਚ ਆਪਣੇ ਰਿਸ਼ਤੇ ਦੀ ਪ੍ਰਤੀਬੱਧਤਾ ਦੀ ਤਵੱਕੋਆਤ ਕਰਦੀ ਹੈ ਤਾਂ ਡਿੰਪਲ ਦੇ ਅਵਚੇਤਨ ਵਿੱਚ ਬੈਠੇ ਪੂਰਬੀ ਸੰਸਕਾਰ ਅਤੇ ਕਦਰਾਂ-ਕੀਮਤਾਂ ਉਸਨੂੰ ਦਵੰਦਾਤਮਕ ਸਥਿਤੀ ਵਿੱਚ ਫਸਾ ਦਿੰਦੇ ਹਨ :

"ਕੀ ਵਿਆਹ ਕਰਵਾਉਣਾ ਜ਼ਰੂਰੀ ਹੈ?" ਡਿੰਪਲ ਨੇ ਜਿਵੇਂ ਤਰਲਾ ਕੀਤਾ ਹੋਵੇ।

"ਸਰੀਰਕ ਸੰਬੰਧਾਂ ਵਾਲੇ ਰਿਸ਼ਤੇ ਦਾ ਕੋਈ ਨਾਂ ਤਾਂ ਹੋਣਾ ਚਾਹੀਦਾ ਹੈ ਜਿਹੜਾ ਆਪਣੇ ਸਾਥੀ ਪ੍ਰਤੀ ਵਫ਼ਾਦਾਰ ਰਹਿਣ ਲਈ ਯਾਦ ਕਰਵਾਉਂਦਾ ਰਹੇ।" ਪੈਟੀ ਨੇ ਆਪਣੀਆਂ ਨਜ਼ਰਾਂ ਡਿੰਪਲ ਦੇ ਚੇਹਰੇ ਉੱਪਰ ਗੱਡ ਦਿੱਤੀਆਂ।

ਡਿੰਪਲ ਦੇ ਦਿਮਾਗ ਵਿੱਚ ਸ਼ੋਰ ਮੱਚਣ ਲੱਗਾ। ਉਸ ਨੂੰ ਲੱਗਾ ਜਿਵੇਂ ਕੋਈ ਆਖ ਰਿਹਾ ਹੋਵੇ, 'ਕੁੜੀਆਂ ਦੇ ਵੀ ਕਦੇ ਕੁੜੀਆਂ ਨਾਲ ਵਿਆਹ ਹੋਏ ਐ?[85]

ਪੱਛਮੀ ਸਭਿਆਚਾਰ ਵਿੱਚ ਭਾਵੇਂ ਲੈਸਬੀਅਨ ਵਿਆਹ ਪ੍ਰਤੀ ਲੋਕਾਂ ਦੇ ਨਜ਼ਰੀਏ ਵਿੱਚ ਬਦਲਾਅ ਆ ਰਿਹਾ ਹੈ ਅਤੇ ਅਜਿਹੇ ਰਿਸ਼ਤਿਆਂ ਨੂੰ ਮਾਨਤਾ ਮਿਲਣ ਕਾਰਨ ਸਮਾਜਿਕ ਪੱਧਰ ਉੱਪਰ ਵੀ ਪ੍ਰਵਾਨ ਕੀਤਾ ਜਾ ਰਿਹਾ ਹੈ ਪ੍ਰੰਤੂ ਪੂਰਬੀ ਲੋਕ-ਮਾਨਸਿਕਤਾ ਇਹਨਾਂ ਲੈਸਬੀਅਨ ਸੰਬੰਧਾਂ ਨੂੰ ਗ਼ੈਰ-ਕੁਦਰਤੀ ਅਤੇ ਗ਼ੈਰ-ਸਭਿਆਚਾਰਕ ਮੰਨ ਕੇ ਇਹਨਾਂ ਪ੍ਰਤੀ ਸੰਕੁਚਿਤ ਦ੍ਰਿਸ਼ਟੀਕੋਣ ਰੱਖਦੀ ਹੈ। ਹਾਲਾਂਕਿ ਕਾਨੂੰਨੀ ਰੂਪ ਵਿੱਚ ਪੂਰਬ/ਭਾਰਤ ਵਿੱਚ ਵੀ ਅਜਿਹੇ ਸੰਬੰਧਾਂ ਨੂੰ ਸਵੀਕ੍ਰਿਤੀ ਮਿਲ ਚੁੱਕੀ ਹੈ ਪ੍ਰੰਤੂ ਕੱਟੜ ਧਾਰਮਿਕ ਅਤੇ ਪਿੱਤਰਸੱਤਾਤਮਕ ਮਾਨਸਿਕਤਾ ਕਾਰਨ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਅਜਿਹੇ ਰਿਸ਼ਤੇ ਦੀ ਪ੍ਰਵਾਨਗੀ ਲਈ ਜਦੋ-ਜਹਿਦ ਜਾਰੀ ਹੈ। ਮੁੱਖ ਪਾਤਰ ਡਿੰਪਲ ਭਾਵੇਂ ਵਿਅਕਤੀਗਤ ਆਜ਼ਾਦੀ ਵਾਲੇ ਪੱਛਮੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਹੈ ਪ੍ਰੰਤੂ ਉਸਦੀ ਪੂਰਬੀ ਸੋਚ ਅਜਿਹੇ ਸੰਬੰਧਾਂ ਨੂੰ ਪਿੱਤਰੀ ਸਮਾਜਿਕ ਸੰਦਰਭ ਵਿੱਚ ਰੱਖ ਕੇ ਪੜਚੋਲਦੀ ਹੋਈ ਅੰਦਰੂਨੀ ਰੂਪ ਵਿੱਚ ਸਵੀਕਾਰਨ ਤੋਂ ਇਨਕਾਰੀ ਹੈ। ਉਹ ਪੈਟੀ ਨਾਲ ਭਾਵੇਂ ਲੈਸਬੀਅਨ ਰਿਸ਼ਤੇ ਦੀ ਗਹਿਰਾਈ ਨੂੰ ਮਹਿਸੂਸਦੀ ਹੈ ਪ੍ਰੰਤੂ ਸਮਾਜਿਕ ਪੱਧਰ 'ਤੇ ਇਸ ਨੂੰ ਪ੍ਰਵਾਨ ਕਰਨ ਤੋਂ ਡਰਦੀ ਹੈ। ਮੁੱਖ ਪਾਤਰ ਡਿੰਪਲ ਦੇ ਅੰਦਰਲੇ ਡਰ ਅਤੇ ਦੁਚਿੱਤੀ ਨੂੰ ਭਾਂਪਦੀ ਹੋਈ ਪੈਟੀ ਉਸਨੂੰ ਆਪਣੀ ਨਿੱਜੀ ਆਜ਼ਾਦੀ ਅਤੇ ਅਧਿਕਾਰਾਂ ਤੋਂ ਜਾਣੂ ਕਰਾਉਂਦੀ ਕਹਿੰਦੀ ਹੈ :

"ਮੈਨੂੰ ਪੂਰਾ ਯਕੀਨ ਹੈ ਕਿ ਤੂੰ ਮੈਨੂੰ ਹੀ ਪਿਆਰ ਕਰਦੀ ਹੈਂ ਪਰ ਆਪਣੇ ਕਲਚਰ ਕਰਕੇ ਤੇਰੀ ਹਿੰਮਤ ਨਹੀਂ ਪੈਂਦੀ। ਪਰ ਮਿੱਠੋ ਇਹ ਤੇਰੀ ਜ਼ਿੰਦਗੀ ਹੈ। ਤੈਨੂੰ ਆਪਣੀ ਮਰਜ਼ੀ ਨਾਲ ਜਿਓਣੀ ਚਾਹੀਦੀ ਹੈ। ਮੈਂ ਤੇਰੀ ਉਡੀਕ ਕਰਾਂਗੀ।"[86]

ਪੈਟੀ ਨੂੰ ਬੇਹੱਦ ਪਿਆਰ ਕਰਨ ਦੇ ਬਾਵਜੂਦ ਮੁੱਖ ਪਾਤਰ ਡਿੰਪਲ ਆਪਣੀਆਂ ਸਭਿਆਚਾਰਕ ਵਰਜਣਾਵਾਂ ਕਾਰਨ ਕੋਈ ਵੀ ਨਿਰਣਾ ਕਰਨ ਤੋਂ ਅਸਮੱਰਥ ਹੋ ਜਾਂਦੀ ਹੈ :

ਮੇਰੇ ਮਾਪੇ ਤੇਰੇ ਨਾਲ ਕਿੱਥੋਂ ਵਿਆਹ ਕਰਨ ਦੇਣਗੇ?[87]

ਇਸ ਤਰ੍ਹਾਂ ਇਹ ਕਹਾਣੀ ਜਿੱਥੇ ਨਵ-ਪੂੰਜੀਵਾਦੀ ਅਰਥ ਵਿਵਸਥਾ ਅਤੇ ਉਪਭੋਗਤਾ ਦੇ ਦੌਰ ਵਿੱਚ ਆਪਣਿਆਂ ਹੱਥੋਂ ਸ਼ੋਸ਼ਿਤ ਹੋ ਰਹੀ ਪਰਵਾਸੀ ਪੰਜਾਬੀ ਔਰਤ ਦੇ ਦੁਖਾਂਤ ਨੂੰ ਚਿਤਰਦੀ ਹੈ, ਉੱਥੇ ਨਾਲ ਹੀ ਮਾਨਵੀ ਸੰਵੇਦਨਾ ਵਾਲੇ ਨਵੇਂ ਰਿਸ਼ਤੇ ਸਿਰਜਣ ਦੀ ਸੰਭਾਵਨਾ ਵੱਲ ਵੱਧ ਰਹੀ ਪਰਵਾਸੀ ਔਰਤ ਅੰਦਰ ਪੈਦਾ ਹੋ ਰਹੀ ਚੇਤਨਾ ਨੂੰ ਵੀ ਰੂਪਮਾਨ ਕਰਦੀ ਹੈ।

ਜਰਨੈਲ ਸਿੰਘ ਗਰਚਾ ਦੀ ਕਹਾਣੀ 'ਪ੍ਰੀਤੀ' ਆਪਣੇ ਪਰਿਵਾਰ ਨੂੰ ਗੁਰਬਤ 'ਚੋਂ ਕੱਢਣ ਲਈ ਪੰਜਾਬੋਂ ਪਰਵਾਸ ਕਰਕੇ ਕੈਨੇਡਾ ਗਈ ਮੁੱਖ ਪਾਤਰ ਪ੍ਰੀਤੀ ਦੀ ਦੁਖਾਂਤਕ ਸਥਿਤੀ ਦਾ ਵਰਣਨ ਹੈ। ਪ੍ਰੀਤੀ ਦਾ ਨਿਸ਼ਾਨਾ ਵੀ 'ਘੁੰਮਣਘੇਰ' ਕਹਾਣੀ ਦੀ ਮੁੱਖ ਪਾਤਰ ਡਿੰਪਲ ਵਾਲਾ ਹੀ ਹੈ, ਪਹਿਲਾਂ ਆਪ ਪੱਕੀ ਹੋਣਾ ਅਤੇ ਫਿਰ ਆਪਣੇ ਪਰਿਵਾਰ ਨੂੰ ਪੱਕੇ ਤੌਰ 'ਤੇ ਕੈਨੇਡਾ ਵਿੱਚ ਸੱਦਣਾ। ਪ੍ਰੀਤੀ ਵੀ ਜਿਸ ਘਰ ਨੈਨੀ ਦੇ ਤੌਰ 'ਤੇ ਕੰਮ ਕਰਦੀ ਹੈ, ਉਸ ਘਰ ਦੇ ਮਾਲਕ ਸਰਦੂਲ ਸਿੰਘ ਦੀ ਜਿਨਸੀ ਹਵਸ ਦਾ ਸ਼ਿਕਾਰ ਬਣਦੀ ਹੈ। ਉਸਦਾ ਦੁਖਾਂਤ ਇਹ ਹੈ ਕਿ ਉਹ ਸਰਦੂਲ ਸਿੰਘ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਸਕਦੀ ਸੀ ਕਿਉਂਕਿ ਉਹ ਸਰਦੂਲ ਸਿੰਘ ਦੀ ਸਪੌਂਸਰਸ਼ਿਪ ਰਾਹੀਂ ਹੀ ਕੈਨੇਡਾ ਆਉਂਦੀ ਹੈ। ਪ੍ਰੀਤੀ ਦੀ ਇਸੇ ਮਜ਼ਬੂਰੀ ਦਾ ਫਾਇਦਾ ਉਠਾਉਂਦਾ ਹੋਇਆ ਉਹ ਉਸਨੂੰ ਤਨਖਾਹ ਦੇਣ ਬਦਲੇ ਉਸ ਰਾਹੀਂ ਆਪਣੀ ਕਾਮੁਕ ਭੁੱਖ ਦੀ ਤ੍ਰਿਪਤੀ ਕਰਦਾ ਹੈ। ਬੇਗਾਨੀ ਧਰਤੀ ਅਤੇ ਬੇਗਾਨੇ ਲੋਕਾਂ ਵਿੱਚ ਘਿਰੀ ਪਾਤਰ ਪ੍ਰੀਤੀ ਦੇ ਦੁਖਾਂਤ ਨੂੰ ਕਹਾਣੀਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ:

> ਸਰਦੂਲ ਸਿੰਘ ਨੇ ਮੂੰਹ ਅੱਗੇ ਉਂਗਲੀ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਲਾਈਟ ਬੁਝਾ ਦਿੱਤੀ। ਪ੍ਰੀਤੀ ਅੱਗੇ ਸਾਰੇ ਰਸਤੇ ਬੰਦ ਸਨ। ਸ਼ੋਰ ਪਾਉਣਾ ਬੇ-ਅਰਥ ਸੀ। ਮਰਦੀ ਨੂੰ ਬੇਬਸੀ ਨਾਲ ਇੱਜ਼ਤ ਲੁਟਾਉਣ ਦਾ ਅੱਕ ਚੱਬਣਾ ਮੰਨਜ਼ੂਰ ਕਰਨਾ ਪਿਆ।[88]

ਕਹਾਣੀਕਾਰ ਪਾਤਰ ਪ੍ਰੀਤੀ ਦੀ ਸਥਿਤੀ ਦੇ ਉਪਰੋਕਤ ਵਰਣਨ ਰਾਹੀਂ ਪੰਜਾਬ ਤੋਂ ਪਰਵਾਸ ਕਰਕੇ ਵਿਦੇਸ਼ਾਂ ਵਿੱਚ ਗਈਆਂ ਪ੍ਰੀਤੀ ਜਿਹੀਆਂ ਅਣਗਿਣਤ ਔਰਤਾਂ ਦੇ ਉਸ ਸੰਕਟ ਅਤੇ ਦੁਖਾਂਤ ਨੂੰ ਪੇਸ਼ ਕਰਦਾ ਹੈ ਜਿਸਨੂੰ ਉਹਨਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਪਰਵਾਸ ਦੀ ਹੋਣੀ ਭੋਗਦੀਆਂ ਇਹ ਔਰਤ ਪਾਤਰਾਂ ਜਿੱਥੇ ਸਰੀਰਕ, ਮਾਨਸਿਕ ਸ਼ੋਸ਼ਣ ਕਾਰਨ ਤਣਾਓ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉੱਥੇ ਕਈ ਵਾਰ ਆਪਣੇ ਸਵੈਮਾਨ ਨੂੰ ਠੇਸ ਵੱਜਣ ਦੇ ਦਰਦ ਕਾਰਣ ਵਿਦਰੋਹੀ ਰੂਪ ਵੀ ਧਾਰਨ ਕਰ ਲੈਂਦੀਆਂ ਹਨ। ਕਹਾਣੀ ਵਿੱਚ

ਪਾਤਰ ਸਰਦੂਲ ਸਿੰਘ ਦੀ ਹੈਵਾਨੀਅਤ ਦਾ ਸ਼ਿਕਾਰ ਹੋਣ ਮਗਰੋਂ ਮੁੱਖ ਪਾਤਰ ਪ੍ਰੀਤੀ ਜਿੱਥੇ ਆਤਮਹੀਣਤਾ ਦੇ ਭਾਵਾਂ ਵਿੱਚ ਗ੍ਰਸੀ ਜਾਂਦੀ ਹੈ, ਉੱਥੇ ਆਪਣੇ ਅਸਤਿਤਵ ਨੂੰ ਕੁਚਲਣ ਵਾਲੇ ਅਤੇ ਉਸਨੂੰ ਮਹਿਜ ਕਾਮ ਭੋਗ ਦੀ ਵਸਤੂ ਬਣਾ ਦੇਣ ਵਾਲੇ ਪਾਤਰ ਸਰਦੂਲ ਪ੍ਰਤੀ ਗੁੱਸੇ ਤੇ ਨਫ਼ਰਤ ਨਾਲ ਭਰੀ ਉਸ ਕੋਲੋਂ ਬਦਲਾ ਲੈਣ ਲਈ ਠਾਣ ਲੈਂਦੀ ਹੈ :

> ਦੂਸਰੇ ਹੀ ਪਲ ਸੋਚ ਪਲਟਦੀ, ਮਰਨ ਨਾਲ ਤਾਂ ਸਰਦੂਲੇ ਵਰਗੇ ਵਹਿਸ਼ੀ ਅਜਿਹੇ ਕਾਰੇ ਕਰਦੇ ਹੀ ਰਹਿਣਗੇ, ਜੇ ਕੁਝ ਮੈਂ ਨਾ ਕੀਤਾ। ...ਇਸ ਗੰਦਗੀ ਦੇ ਕੀੜੇ ਸਰਦੂਲੇ ਨੂੰ ਅਜਿਹਾ ਸਬਕ ਸਿਖਾਂਵਾਂਗੀ ਕਿ ਮਰਨ ਤੱਕ ਯਾਦ ਰੱਖੇਗਾ ਕਿ ਕਿਵੇਂ ਕਿਸੇ ਬਿਗਾਨੀ ਧੀ ਨਾਲ ਵਿਸ਼ਵਾਸ-ਘਾਤ ਕਰਕੇ ਉਸਨੂੰ ਬਰਬਾਦ ਕਰੀਦਾ ਹੈ।[89]

ਕਹਾਣੀ ਦੇ ਅੰਤ ਤੱਕ ਪਾਤਰ ਪ੍ਰੀਤੀ ਨਾ ਕੇਵਲ ਗੁਨਾਹਗਾਰ ਮਰਦ ਪਾਤਰ ਸਰਦੂਲ ਦੇ ਸਾਰੇ ਬਿਜਨੈਸ ਉੱਤੇ ਕਬਜ਼ਾ ਕਰ ਲੈਂਦੀ ਹੈ ਬਲਕਿ ਉਸਨੂੰ ਨਸ਼ਿਆਂ ਦਾ ਆਦੀ ਬਣਾ ਕੇ ਜੇਲ ਵਿੱਚ ਸੁਟਵਾ ਦਿੰਦੀ ਹੈ। ਆਪਣੇ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਣ ਦੀ ਭਾਵਨਾ ਵਿੱਚ ਉਹ ਇਸ ਕਦਰ ਗ੍ਰਸੀ ਜਾਂਦੀ ਹੈ ਕਿ ਉਸ ਅੰਦਰਲੀ ਮਾਨਵੀ ਸੰਵੇਦਨਾ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ।

ਗੋਪਾਲ ਕੈਲਾਸ਼ਪੁਰੀ ਦੀ 'ਦੀਮਕ' ਕਹਾਣੀ ਮੁੱਖ ਪਾਤਰ ਗੁਨੀਤਾ ਰਾਹੀਂ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਨਾਰੀ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਦੀ ਹੈ ਜਿਹੜੀ ਪੱਛਮੀ ਸਭਿਆਚਾਰ ਵਿੱਚ ਵਿਚਰਦੀ ਹੋਈ ਪ੍ਰੰਪਰਕ ਪਿੱਤਰਕੀ ਸੰਸਕਾਰਾਂ ਵਿੱਚ ਜਕੜੀ ਮਾਨਸਿਕ ਸੰਤਾਪ ਹੰਢਾਉਣ ਲਈ ਮਜ਼ਬੂਰ ਹੈ। ਗੁਨੀਤਾ ਇਕ ਪੜ੍ਹੀ-ਲਿਖੀ, ਪੇਸ਼ੇ ਵਜੋਂ ਡਾਕਟਰ ਅਤੇ ਨਾਰੀ ਦੀ ਸਥਿਤੀ ਬਾਰੇ ਚੇਤੰਨ ਔਰਤ ਹੈ ਪ੍ਰੰਤੂ ਸਥਿਤੀ ਦੀ ਵਿੰਡਬਨਾ ਇਹ ਹੈ ਕਿ ਇਸਦੇ ਬਾਵਜੂਦ ਉਹ ਆਪਣੇ ਸਾਮੰਤੀ ਸੋਚ ਵਾਲੇ ਪਤੀ ਦੀਆਂ ਮਨਆਈਆਂ ਨੂੰ ਚੁੱਪਚਾਪ ਬਰਦਾਸ਼ਤ ਕਰਦੀ ਹੋਈ ਅੰਦਰੇ-ਅੰਦਰ ਘੁਲਦੀ ਰਹਿੰਦੀ ਹੈ। ਕਹਾਣੀ ਵਿੱਚ ਮੁੱਖ ਪਾਤਰ ਗੁਨੀਤਾ ਦੇ ਸਮਾਨਾਂਤਰ ਅਨਪੜ੍ਹ ਮਰੀਜ਼ ਪਾਤਰ ਗੁਲਸ਼ਨ ਦੀ ਸਥਿਤੀ ਨੂੰ ਚਿਤਰਿਆ ਗਿਆ ਹੈ ਜਿਹੜੀ ਆਪਣੇ ਪਤੀ ਦੇ ਪਿੱਤਰਕੀ ਵਿਵਹਾਰ ਦਾ ਵਿਰੋਧ ਕਰਦੀ ਹੋਈ ਉਸਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਪਿੱਤਰੀ ਵਿਆਹ ਸੰਸਥਾ ਵਿੱਚ ਨਿਮਨ ਸਥਿਤੀ ਨੂੰ ਹੰਢਾ ਰਹੀ ਗੁਨੀਤਾ ਗੁਲਸ਼ਨ ਨਾਲ ਆਪਣੀ ਸਥਿਤੀ ਦੀ ਤੁਲਨਾ ਕਰਦੀ ਹੋਈ ਸੋਚਦੀ ਹੈ :

> ਡਾਕਟਰ ਗੁਨੀਤਾ ਅਤੇ ਅਨਪੜ੍ਹ ਗੁਲਸ਼ਨ ਦੀ ਜ਼ਿੰਦਗੀ ਕਿਉਂ ਇੰਜ ਇਕ-ਮਿਕ, ਫਰਕ ਕੀ ਏ? ਸਿਰਫ਼ ਇਤਨਾ ਕੀ ਗੁਲਸ਼ਨ ਰੋ ਸਕਦੀ ਹੈ, ਚੀਖ

> ਸਕਦੀ ਹੈ? ਆਪਣਾ ਦੁੱਖ ਬਿਆਨ ਕਰ ਸਕਦੀ ਹੈ। ...ਔਰਤ ਜਿਉਂਦਿਆਂ ਵੀ ਤਾਂ ਅੱਧ ਮਰੀ ਹੁੰਦੀ ਏ ਤੇ ਖਾਮੋਸ਼ੀ ਵੀ ਵਰਜਿਤ, ਜੇ ਬੋਲੇ, ਦਿਲ ਦਾ ਉਬਾਲ ਕੱਢਣ ਦਾ ਹੀਆ ਕਰ ਬਹੇ ਤਦ ਉਹ ਬੇਹਯਾ, ਬੇਸ਼ਰਮ ਅਖਵਾਂਦੀ।[90]

ਡਾਕਟਰ ਗੁਨੀਤਾ ਦਾ ਜੋ ਬਿੰਬ ਉੱਭਰ ਰਿਹਾ ਹੈ ਉਹ ਆਦਰਸ਼ ਭਾਰਤੀ ਪਤਨੀ ਦਾ ਹੈ ਜਿਹੜੀ ਪਿੱਤਰਸੱਤਾਤਮਕ ਮੁੱਲਾਂ ਨੂੰ ਪ੍ਰਣਾਈ ਹੋਈ ਹੈ। ਪਰ ਦੁਖਾਂਤ ਇਹ ਹੈ ਕਿ ਪੱਛਮੀ ਸਭਿਆਚਾਰ ਵਿੱਚ ਜਿੱਥੇ ਔਰਤ-ਮਰਦ ਸੁਤੰਤਰ ਧਿਰਾਂ ਵਜੋਂ ਰਿਸ਼ਤੇ ਵਿੱਚ ਬਰਾਬਰ ਧਰਾਤਲ 'ਤੇ ਵਿਚਰਦੇ ਹਨ, ਦਾ ਹਿੱਸਾ ਬਣ ਕੇ ਵੀ ਉਹ ਆਪਣੇ ਪੂਰਬੀ ਪਿਛੋਕੜ ਵਿਚਲੀਆਂ ਰੂੜੀਵਾਦੀ ਮਾਨਤਾਵਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਖਾਰਜ ਨਹੀਂ ਕਰਦੀ। ਉਸਨੂੰ ਜਾਪਦਾ ਹੈ ਕਿ ਜੇਕਰ ਉਹ ਆਪਣੇ ਪਤੀ ਦੇ ਜਗੀਰੂ ਵਿਵਹਾਰ 'ਤੇ ਪ੍ਰਸ਼ਨ ਚਿੰਨ੍ਹ ਲਾਏਗੀ ਤਾਂ ਸਮਾਜ-ਸਭਿਆਚਰਕ ਪ੍ਰਬੰਧ ਵਿੱਚ ਉਹ ਬੇਹਯਾ, ਬੇਸ਼ਰਮ ਅਤੇ ਮਾੜੀ ਔਰਤ ਵਜੋਂ ਨਿੰਦਿਆਂ ਦੀ ਭਾਗੀਦਾਰੀ ਬਣੇਗੀ। ਉਸਦੇ ਅਵਚੇਤਨ ਵਿੱਚ ਘਰ ਕਰ ਚੁੱਕੀਆਂ ਇਹ ਮਿੱਥਕ ਧਾਰਣਾਵਾਂ ਹੀ ਉਸਨੂੰ ਆਪਣੇ ਸਵੈ ਲਈ ਲੜਨ ਤੋਂ ਵਰਜਦੀਆਂ ਹਨ।

ਮਨਜੀਤ ਕੌਰ ਸੇਖੋਂ ਦੀ ਕਹਾਣੀ 'ਜਗਦੇ ਬੁਝਦੇ ਰਿਸ਼ਤੇ' ਅਮਰੀਕਾ ਵਿੱਚ ਰਹਿੰਦੀ ਪਰਵਾਸੀ ਪੰਜਾਬੀ ਨਾਰੀ ਦੀ ਸਮਝੌਤਾਵਾਦੀ, ਪ੍ਰੰਪਰਾਪਾਲਕ ਪਿੱਤਰੀ ਮਾਨਸਿਕਤਾ ਨੂੰ ਰੂਪਮਾਨ ਕਰਦੀ ਹੈ। ਕਹਾਣੀ ਮੁੱਖ ਪਾਤਰ ਸ਼ੀਤਲ ਅਤੇ ਉਸਦੇ ਪਤੀ ਪਾਲ ਦੇ ਆਪਸੀ ਸੰਬੰਧਾਂ ਉੱਤੇ ਕੇਂਦਰਿਤ ਹੈ। ਸ਼ੀਤਲ ਪਹਿਲੀ ਪੀੜ੍ਹੀ ਦੀ ਅਜਿਹੀ ਪਰਵਾਸੀ ਪੰਜਾਬੀ ਨਾਰੀ ਹੈ ਜਿਸ ਲਈ ਆਪਣੀਆਂ ਖ਼ੁਸ਼ੀਆਂ ਅਤੇ ਇੱਛਾਵਾਂ ਦੀ ਕੀਮਤ ਪਰਿਵਾਰਕ ਹਿੱਤਾਂ ਸਾਹਮਣੇ ਛੋਟੀ ਹੈ। ਉਹ ਆਪਣੇ ਘਰ, ਪਰਿਵਾਰ ਨੂੰ ਬਣਾਈ ਰੱਖਣ ਲਈ ਆਪਣੇ ਪਤੀ ਪਾਲ ਦੇ ਹੋਰਨਾਂ ਔਰਤਾਂ ਨਾਲ ਵਿਆਹ ਬਾਹਰੇ ਨਾਜ਼ਾਇਜ ਸੰਬੰਧਾਂ ਨੂੰ ਵੀ ਬਰਦਾਸ਼ਤ ਕਰ ਲੈਂਦੀ ਹੈ। ਉਹ ਪਤੀ ਦੀ ਅਜਿਹੀ ਪ੍ਰਵਿਰਤੀ ਨੂੰ ਉਸਦੇ ਖੁੱਲ੍ਹੇ-ਖਲਾਸੇ ਸੁਭਾਅ ਨਾਲ ਜੋੜ ਕੇ ਦੇਖਦੀ ਹੋਈ ਉਸ ਦੀ ਨਿੱਜੀ ਜ਼ਿੰਦਗੀ ਤੋਂ ਬੇਨਿਆਜ ਰਹਿਣ ਦੀ ਕੋਸ਼ਿਸ਼ ਕਰਦੀ ਹੈ। ਕਹਾਣੀਕਾਰ ਉਸਦੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

> ਸ਼ੀਤਲ ਸਭ ਕਾਸੇ ਤੋਂ ਅਟੰਕ ਰਹਿਣ ਦੀ ਕੋਸ਼ਿਸ਼ ਕਰਦੀ ਹੈ ਫੇਰ ਵੀ ਉਸਨੂੰ ਪਤਾ ਸੀ ਪਾਲ ਵਧੀਆ ਇਨਸਾਨ ਏ। ਹੋਰ ਕੋਈ ਮਾੜਾ ਐਬ ਉਸਨੂੰ ਨਹੀਂ ਸੀ। ਖੁੱਲ੍ਹਾ ਡੁੱਲ੍ਹਾ ਦਿਲਦਾਰ ਸੁਭਾਅ ਦਾ ਮਾਲਕ।[91]

ਪਾਤਰ ਸ਼ੀਤਲ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਦਾ ਹੈ ਜਦੋਂ ਪਤੀ ਪਾਲ ਧੋਖੇ ਨਾਲ ਉਸ ਕੋਲੋਂ ਤਲਾਕ ਦੇ ਪੇਪਰਾਂ ਉੱਪਰ ਦਸਤਖ਼ਤ ਕਰਵਾ ਲੈਂਦਾ ਹੈ। ਪਤੀ ਉੱਤੇ ਅੰਨ੍ਹਾ ਵਿਸ਼ਵਾਸ ਕਰਨ ਵਾਲੀ ਸ਼ੀਤਲ ਨੂੰ ਜਾਪਦਾ ਹੈ

ਕਿ ਪਾਲ ਜੋ ਵੀ ਕਰ ਰਿਹਾ ਹੈ ਉਹ ਠੀਕ ਹੀ ਹੋਵੇਗਾ। ਸ਼ੀਤਲ ਦੀ ਸਥਿਤੀ ਹੋਰ ਤ੍ਰਾਸਦਿਕ ਬਣ ਜਾਂਦੀ ਹੈ ਜਦੋਂ ਪਤੀ ਦੇ ਨਾਲ-ਨਾਲ ਉਸਦੇ ਬੱਚੇ ਅਤੇ ਪਰਿਵਾਰ ਵੀ ਉਸਦਾ ਸਾਥ ਛੱਡ ਜਾਂਦੇ ਹਨ। ਪਰਵਾਸੀ ਸਹੁਰਿਆਂ ਦੀ ਸਾਜ਼ਿਸ ਦਾ ਸ਼ਿਕਾਰ ਹੋਈ ਸ਼ੀਤਲ ਉੱਪਰ ਦਬਾਅ ਪਾਇਆ ਜਾਂਦਾ ਹੈ ਕਿ ਉਹ ਪਾਲ ਦੇ ਚਾਚੇ ਦੇ ਮੁੰਡੇ ਨਾਲ ਵਿਆਹ ਕਰਵਾ ਕੇ ਚਾਚੇ ਦੇ ਪਰਿਵਾਰ ਲਈ ਅਮਰੀਕਾ ਦੀ ਰਾਹਦਾਰੀ ਦਾ ਸਾਧਨ ਬਣੇ। ਸ਼ੀਤਲ ਅੰਦਰਲੀ ਸ਼ਹਿਣਸ਼ੀਲਤਾ ਉਸ ਸਮੇਂ ਖ਼ਤਮ ਹੋ ਜਾਂਦੀ ਹੈ ਜਦੋਂ ਸਹੁਰੇ ਪਰਿਵਾਰ ਦੀ ਦਲੀਲ ਨਾ ਮੰਨਣ ਦੀ ਸੂਰਤ ਵਿੱਚ ਉਸਦੀ ਕੁੱਟਮਾਰ ਕੀਤੀ ਜਾਂਦੀ ਹੈ। ਕਹਾਣੀ ਦੇ ਅੰਤ ਤੱਕ ਆਪਣੇ ਨਾਲ ਹੋਏ ਅਨਿਆਂ ਦੇ ਫਲਸਰੂਪ ਪਾਤਰ ਸ਼ੀਤਲ ਸਭ ਰਿਸ਼ਤੇ-ਨਾਤੇ ਤੋੜ ਕੇ ਹਮੇਸ਼ਾ ਲਈ ਪਤੀ ਦਾ ਘਰ ਛੱਡ ਕੇ ਚਲੀ ਜਾਂਦੀ ਹੈ। ਉਹ ਇਕ ਅਜਿਹੇ ਅਪਾਹਜ ਮਰਦ ਅਬਿਨਾਸ਼ ਨਾਲ ਵਿਆਹ ਕਰਵਾ ਲੈਂਦੀ ਹੈ ਜਿਸਨੂੰ ਕਿਸੇ ਸਹਾਰੇ ਦੀ ਲੋੜ ਸੀ :

> ਕਿਸੇ ਖਾਂਦੇ ਪੀਂਦੇ ਘਰ ਦਾ ਪੁੱਤਰ ਅਬਿਨਾਸ਼ ਜਿਹਦੀਆਂ ਅਧਰੰਗ ਨਾਲ ਲੱਤਾਂ ਮਰ ਚੁੱਕੀਆਂ ਸਨ ਤੇ ਦਿਮਾਗ ਵੀ ਸੁੰਨ ਸੀ, ਵੀਲ ਚੇਅਰ ਤੇ ਉਹਦੀ ਦੇਖ ਰੇਖ ਕਰਨ ਲਈ ਮਮਤਾ ਭਰਪੂਰ ਨਰਸ ਦੀ ਲੋੜ ਸੀ। ਬੜੀ ਵੰਗਾਰ ਭਰੀ ਜ਼ਿੰਮੇਵਾਰੀ ਸੀ। ਪਰਉਪਕਾਰੀ ਸ਼ੀਤਲ ਨੇ ਕਾਨੂੰਨਣ ਉਹਦੀ ਪਤਨੀ ਬਣਕੇ ਆਪਾ ਉਹਦੀ ਸੇਵਾ ਲਈ ਅਰਪਿਤ ਕਰ ਦਿੱਤਾ। ਉਹਦੇ ਮਸਤਕ ’ਤੇ ਇਕ ਸਕੂਨ ਆ ਗਿਆ ਜਾਪਦਾ ਸੀ।[92]

ਕਹਾਣੀਕਾਰ ਪਾਤਰ ਸ਼ੀਤਲ ਨੂੰ ਜਿਸ ਪ੍ਰਕਾਰ ਸੇਵਾ, ਤਿਆਗ ਅਤੇ ਕੁਰਬਾਨੀ ਦੀ ਮੂਰਤ ਵਜੋਂ ਉਭਾਰ ਰਹੀ ਹੈ ਉਹ ਕਹਾਣੀਕਾਰ ਦੀ ਪਿੱਤਰਸੱਤਾ ਦੇ ਹੱਕ ਵਿੱਚ ਭੁਗਤਣ ਵਾਲੀ ਸੋਚ ਨੂੰ ਹੀ ਦਰਸਾਉਂਦਾ ਹੈ। ਇਕ ਮਰਦ ਹੱਥੋਂ ਸ਼ੋਸ਼ਿਤ ਹੋਣ ਦੇ ਬਾਵਜੂਦ ਪਾਤਰ ਸ਼ੀਤਲ ਦੁਆਰਾ ਫਿਰ ਕਿਸੇ ਲਾਚਾਰ ਮਰਦ ਦੀ ਸੇਵਾ ਕਰਨ ਨੂੰ ਆਪਣਾ ਵਡਭਾਗ ਸਮਝ ਕੇ ਮਰਦ ਦੀ ਸ਼ਰਣ ਵਿੱਚ ਜਾ ਪੈਣਾ ਮਨੂੰਵਾਦ ਦੁਆਰਾ ਘੜੇ ਆਦਰਸ਼ ਨਾਰੀ ਦੇ ਬਿੰਬ ਨੂੰ ਪੱਕਿਆਂ ਕਰਨਾ ਹੈ। ਪਿੱਤਰਸੱਤਾ ਨਾਰੀ ਨੂੰ ਬਲੀਦਾਨ ਤੇ ਤਿਆਗ ਕਰਨਾ ਸਿਖਾਉਂਦਾ ਹੈ ਅਤੇ ਅਜਿਹਾ ਕਰਨ ਵਾਲੀ ਨਾਰੀ ਮਹਾਨ ਅਖਵਾਉਂਦੀ ਹੈ। ਕਹਾਣੀ ਵਿਚਲੀ ਪਾਤਰ ਸ਼ੀਤਲ ਕਹਾਣੀ ਦੇ ਅੰਤ ਵਿੱਚ ਆਪਣੀਆਂ ਅਤੇ ਸਮਾਜ ਦੀ ਨਜ਼ਰਾਂ ਵਿੱਚ ਮਹਾਨਤਾ ਦਾ ਦਰਜਾ ਪ੍ਰਾਪਤ ਕਰਦੀ ਹੋਈ ਪਿੱਤਰੀ ਪ੍ਰਬੰਧ ਦੇ ਨਿਰਧਾਰਿਤ ਮਾਪਦੰਡਾਂ ਉੱਤੇ ਪੂਰਾ ਉੱਤਰਣ ਵਾਲੀ ਆਦਰਸ਼ ਭਾਰਤੀ ਨਾਰੀ ਬਣ ਕੇ ਰਹਿ ਜਾਂਦੀ ਹੈ।

ਕੁਲਜੀਤ ਮਾਨ ਦੀ ਕਹਾਣੀ ‘ਚਿੜ੍ਹੀ’ ਅਜਿਹੀ ਪਰਵਾਸੀ ਪੰਜਾਬੀ ਔਰਤ (ਮਾਂ) ਦੇ ਸੰਘਰਸ਼ ਦੀ ਕਹਾਣੀ ਹੈ ਜਿਹੜੀ ਆਪਣੀ ਧੀ ਦੀ ਆਜ਼ਾਦੀ ਲਈ ਆਪਣੇ ਪਿੱਤਰੀ ਮਾਨਸਿਕਤਾ ਵਾਲੇ ਮਰਦ ਪਤੀ ਦੀ

ਵਿਰੋਧਤਾ ਕਰਦੀ ਹੋਈ ਆਪਣੇ ਦੰਪਤੀ ਰਿਸ਼ਤੇ ਨੂੰ ਵੀ ਦਾਅ 'ਤੇ ਲਾ ਦਿੰਦੀ ਹੈ। ਕਹਾਣੀ ਵਿੱਚ 'ਚਿੜ੍ਹੀ' ਪ੍ਰਤੀਕ ਰੂਪ ਵਿੱਚ ਵਰਤੀ ਗਈ ਹੈ ਜਿਸ ਦੁਆਲੇ ਕਹਾਣੀ ਦਾ ਸਮੁੱਚਾ ਬਿਰਤਾਂਤ ਉਸਰਿਆ ਹੋਇਆ ਹੈ। ਮੁੱਖ ਪਾਤਰ ਮਾਂ ਨੂੰ ਆਪਣੇ ਘਰ ਦੇ ਪਿੰਜਰੇ ਵਿੱਚ ਸ਼ਿੰਗਾਰ ਦਾ ਸਾਧਨ ਬਣਾ ਕੇ ਰੱਖੀ 'ਚਿੜ੍ਹੀ' ਅਤੇ ਆਪਣੀ ਧੀ ਦਮਨ ਦੀ ਸਥਿਤੀ ਇਕ ਸਮਾਨ ਲੱਗਦੀ ਹੈ। ਪਾਤਰ ਮਾਂ ਜਿਹੜੀ ਕਿ ਜਵਾਨੀ ਵਿੱਚ ਆਪਣੀਆਂ ਅੰਤਰੀਵੀ ਖ਼ਾਹਿਸ਼ਾਂ, ਚਾਵਾਂ ਅਤੇ ਉਮੰਗਾਂ ਨੂੰ ਮਾਰ ਕੇ ਮਾਪਿਆਂ ਦੁਆਰਾ ਲੱਭੇ ਪਰਦੇਸੀ ਕੁਲਵੰਤ ਨਾਲ ਵਿਆਹ ਕਰਾ ਕੇ ਆਪਣੇ ਵਤਨ ਤੋਂ ਦੂਰ ਜਾ ਵੱਸੀ ਸੀ, ਪਰ ਹੁਣ ਉਹ ਆਪਣੀ ਧੀ ਦਮਨ ਨਾਲ ਉਹੀ ਸਭ ਕੁਝ ਨਹੀਂ ਹੋਣ ਦੇਣਾ ਚਾਹੁੰਦੀ ਸੀ। ਉਹ ਆਪਣੀ ਧੀ ਨੂੰ ਉਹ ਸਾਰੀਆਂ ਖ਼ੁਸ਼ੀਆਂ ਦੇਣਾ ਚਾਹੁੰਦੀ ਹੈ ਜਿਹਨਾਂ ਦੀ ਉਹ ਇੱਛਾ ਰੱਖਦੀ ਹੈ ਅਤੇ ਜਿਨ੍ਹਾਂ ਨੂੰ ਹਾਸਿਲ ਕਰਨ ਦਾ ਉਹ ਹੱਕ ਵੀ ਰੱਖਦੀ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪੈਤਰਿਕ ਸੋਚ ਵਾਲਾ ਉਸਦਾ ਪਤੀ ਅਤੇ ਧੀ ਦਮਨ ਦਾ ਪਿਤਾ ਕੁਲਵੰਤ ਆਪਣੀ ਧੀ ਨੂੰ ਤਾਂ ਦੂਰ ਆਪਣੇ ਪੁੱਤ ਨੂੰ ਵੀ ਆਪਣੀ ਮਨਮਰਜ਼ੀ ਨਾਲ ਜਿਊਣ ਅਤੇ ਨਿੱਜੀ ਜ਼ਿੰਦਗੀ ਬਾਰੇ ਫੈਸਲਾ ਕਰਨ ਦਾ ਅਧਿਕਾਰ ਨਹੀਂ ਸੀ ਦੇਣਾ ਚਾਹੁੰਦਾ। ਪਾਤਰ ਮਾਂ ਨੂੰ ਧੀ ਦਮਨ ਆਪਣੇ ਤਾਨਾਸ਼ਾਹ ਪਿਤਾ ਦੇ ਘਰ ਰੂਪੀ ਪਿੰਜਰੇ ਵਿੱਚ ਕੈਦ 'ਚਿੜ੍ਹੀ' ਹੀ ਜਾਪਦੀ ਹੈ ਜਿਹੜੀ ਆਪਣੀ ਸਖ਼ਸ਼ੀ ਆਜ਼ਾਦੀ ਲਈ ਤੜਪ ਰਹੀ ਸੀ :

> ਉਸ ਘਰ ਦੇ ਮਾਲਕ ਨੇ ਆਪਣੀ ਧੀ ਨੂੰ ਵੀ ਇਕ ਸ਼ਿੰਗਾਰ ਦੀ ਚੀਜ਼ ਬਣਾ ਦਿੱਤਾ ਸੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਲਿਵ-ਰੂਮ ਦੇ ਬੀਚੋ ਬੀਚ ਇਕ ਖ਼ੂਬਸੂਰਤ ਪਿੰਜਰਾ ਲਟਕਦਾ ਹੋਵੇ ਤੇ ਉਸ ਵਿੱਚ ਬੈਠੀ ਇਕ ਸੋਹਣੇ ਜਿਹੇ ਖੰਭਾਂ ਵਾਲੀ ਚਿੜੀ ਹੋਵੇ।[93]

ਦਰਅਸਲ ਨਾਰੀ ਲਈ ਘਰ ਉਹ ਹੈ ਜਿੱਥੇ ਉਹ ਬਿਨਾਂ ਕਿਸੇ ਦੀ ਗ਼ੁਲਾਮੀ ਜਾਂ ਅਧੀਨਗੀ ਦੇ ਵਿਚਰ ਸਕੇ, ਜਿੱਥੇ ਉਹ ਆਪਣੀ ਆਜ਼ਾਦੀ ਨੂੰ ਮਾਣ ਸਕੇ। ਪਰ ਕਹਾਣੀ ਵਿੱਚ ਮਰਦ ਪਾਤਰ ਕੁਲਵੰਤ ਦੀ ਮਾਲਕੀ ਵਾਲਾ ਘਰ ਪਤਨੀ ਦੇ ਨਾਲ-ਨਾਲ ਉਸ ਦੀ ਧੀ ਲਈ ਵੀ ਕੈਦ (ਪਿੰਜਰਾ) ਬਣ ਜਾਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਪਾਤਰ ਮਾਂ ਜਿਹੜੀ ਪਹਿਲਾਂ ਆਪਣੇ ਮੂਲ ਵਤਨ ਪੰਜਾਬ ਵਿੱਚ ਰਹਿੰਦਿਆਂ ਆਪਣੇ ਪਿਤਾ ਦੀ ਸਲਤਨਤ ਵਾਲੇ ਘਰ ਵਿੱਚ ਦਮਨ ਦੀ ਸ਼ਿਕਾਰ ਹੁੰਦੀ ਹੈ ਫਿਰ ਪਰਦੇਸ ਵਿੱਚ ਆ ਕੇ ਉਹ ਪਤੀ ਕੁਲਵੰਤ ਦੀ ਮਲਕੀਅਤ ਵਾਲੇ ਘਰ ਵਿੱਚ ਉਸਦੇ ਤਾਨਸ਼ਾਹੀ ਵਿਵਹਾਰ ਦਾ ਸ਼ਿਕਾਰ ਬਣਦੀ ਹੈ ਅਤੇ ਹੁਣ ਅੱਗੋਂ ਉਸਦੀ ਧੀ ਵੀ ਮਰਦ (ਪਿਤਾ) ਦੇ ਹਕੂਮਤੀ ਰਵੱਈਏ ਕਾਰਨ ਉਹੀ ਸੰਤਾਪ ਭੋਗਣ ਲਈ ਮਜ਼ਬੂਰ ਹੈ। ਮਰਦ (ਪਿਤਾ ਤੇ ਪਤੀ) ਹੱਥੋਂ ਨਿਰੰਤਰ ਦਮਿਤ ਹੁੰਦੀ ਆ ਰਹੀ ਪਾਤਰ ਮਾਂ ਭਾਵੇਂ ਆਪਣੀਆਂ ਪ੍ਰਸਥਿਤੀਆਂ ਕਾਰਨ ਨਾ

ਆਪਣੇ ਪਿਤਾ ਅਤੇ ਨਾ ਹੀ ਪਤੀ ਦੇ ਸਾਮੰਤੀ ਰਵੱਈਏ ਦਾ ਵਿਰੋਧ ਕਰ ਸਕੀ ਸੀ ਪ੍ਰੰਤੂ ਹੁਣ ਉਹ ਆਪਣੀ ਧੀ ਦਮਨ ਨੂੰ ਮਰਦ ਦੇ ਅਜਿਹੇ ਪੈਤਰਿਕ ਵਿਵਹਾਰ ਦਾ ਸ਼ਿਕਾਰ ਨਹੀਂ ਬਣਨ ਦੇਣਾ ਚਾਹੁੰਦੀ ਸੀ। ਇਸ ਲਈ ਉਹ ਧੀ ਦੀ ਖ਼ੁਸ਼ੀਆਂ ਲਈ ਬਗਾਵਤ ’ਤੇ ਉੱਤਰ ਆਉਂਦੀ ਹੈ :

> ਮੈਂ ਸੰਸਕਾਰ ਪਾਲ ਕੇ ਕੀ ਖੱਟਿਆ? ਕਿਹੜੀ ਦੁਨੀਆ ਹੈ ਮੇਰੀ, ਜਿਥੇ ਮੇਰਾ ਬੇਟਾ ਵੀ ਦੁਖੀ ਤੇ ਮੇਰੀ ਬੇਟੀ ਵੀ ਦੁਖੀ। ਮੈਂ ਵੀ ਦੁਖੀ ਤੇ ਕੁਲਵੰਤ ਵੀ ਦੁਖੀ। ਕੌਣ ਹੈ ਜੋ ਸਾਨੂੰ ਦੁੱਖ ਦੇ ਰਿਹਾ। ਸਾਡੀ ਤਾਜ਼ੀ ਹਵਾ ਖੋ ਰਿਹਾ ਹੈ।[94]

ਕਹਾਣੀ ਵਿੱਚ ਸਾਰੀਆਂ ਧਿਰਾਂ ਹੀ ਆਪੋ-ਆਪਣੇ ਪੱਧਰ ’ਤੇ ਸੰਤਾਪ ਝੱਲ ਰਹੀਆਂ ਹਨ। ਉਹਨਾਂ ਦਾ ਇਹ ਦੁੱਖ ਕੁਦਰਤੀ ਨਹੀਂ ਬਲਕਿ ਪਿੱਤਰਕੀ ਸਿਸਟਮ ਦੀ ਉਪਜ ਹੈ। ਇੱਥੇ ਮਰਦ ਪਾਤਰ ਕੁਲਵੰਤ ਪਿੱਤਰਕੀ ਸਿਸਟਮ ਦਾ ਨੁਮਾਇੰਦਾ ਹੈ ਅਤੇ ਪਿੱਤਰਕੀ ਕਦਰਾਂ-ਕੀਮਤਾਂ ਨੂੰ ਲਾਗੂ ਕਰਵਾਉਣਾ ਉਸਦੀ ਸਮਾਜ-ਸਭਿਆਚਾਰਕ ਅਤੇ ਮਾਨਸਿਕ ਮਜ਼ਬੂਰੀ ਹੈ। ਉਹ ਭਾਵੇਂ ਜਗੀਰੂ ਕੀਮਤਾਂ ਵਾਲੇ ਸਮਾਜ ਸਭਿਆਚਾਰ ਨੂੰ ਛੱਡ ਕੇ ਵਿਅਕਤੀਗਤ ਆਜ਼ਾਦੀ ਵਾਲੀ ਪੱਛਮੀ ਸੰਸਕ੍ਰਿਤੀ ਦਾ ਹਿੱਸਾ ਬਣ ਚੁੱਕਾ ਹੈ ਪ੍ਰੰਤੂ ਉਸਦੀ ਮਾਨਸਿਕਤਾ ਹਾਲੇ ਵੀ ਆਪਣੇ ਪਿਛੋਕੜ ਵਾਲੀਆਂ ਰੂੜ੍ਹੀਵਾਦੀ ਪ੍ਰੰਪਰਾਵਾਂ ਵਿੱਚ ਜਕੜੀ ਪਈ ਹੈ। ਉਹ ਵਿਅਕਤੀ ਪੱਧਰ ’ਤੇ ਇਕ ਪਿਤਾ ਦੀ ਹੈਸੀਅਤ ਵਜੋਂ ਆਪਣੇ ਬੱਚਿਆਂ ਪ੍ਰਤੀ ਸਾਰੇ ਫ਼ਰਜ਼ ਨਿਭਾ ਰਿਹਾ; ਦਿਨ ਰਾਤ ਮਿਹਨਤ ਕਰ ਕੇ ਉਹਨਾਂ ਦੀ ਖ਼ੁਸ਼ੀ ਲਈ ਘਰ ਵਿੱਚ ਹਰ ਸਹੂਲਤ ਮੁਹੱਈਆ ਕਰਾ ਰਿਹਾ ਹੈ ਪ੍ਰੰਤੂ ਉਹ ਉਹਨਾਂ ਨੂੰ ਉਹ ਆਜ਼ਾਦੀ ਨਹੀਂ ਦੇ ਸਕਦਾ ਜਿਹੜੀ ਉਸਦੀ ਪੂਰਬੀ ਸੰਸਕ੍ਰਿਤੀ ਨੂੰ ਗਵਾਰਾ ਨਹੀਂ। ਦੋ ਸਭਿਆਚਾਰਾਂ ਵਿਚਲਾ ਇਹ ਟਕਰਾਓ ਹੀ ਉਹਨਾਂ ਦੇ ਆਪਸੀ ਰਿਸ਼ਤੇ ਵਿੱਚ ਤਣਾਓ ਦਾ ਕਾਰਨ ਬਣ ਜਾਂਦਾ ਹੈ। ਜਦੋਂ ਪੱਛਮੀ ਸਭਿਆਚਾਰ ਵਿੱਚ ਪ੍ਰਵਾਨ ਚੜ੍ਹੀ ਪਾਤਰ ਦਮਨ ਆਪਣੇ ਮਨਪਸੰਦ ਦੋਸਤ ਪੀਟਰ ਜਿਹੜਾ ਕਿ ਪੰਜਾਬੀ ਤਾਂ ਸੀ ਪਰ ਉਹਨਾਂ ਦੀ ਬਰਾਦਰੀ ਦਾ ਨਹੀਂ ਸੀ, ਨਾਲ ਵਿਆਹ ਕਰਾਉਣ ਦੀ ਇੱਛਾ ਵਿਅਕਤ ਕਰਦੀ ਹੈ ਤਾਂ ਸਾਮੰਤੀ ਮਾਨਸਿਕਤਾ ਵਾਲਾ ਪਿਤਾ ਕੁਲਵੰਤ ਨਾ ਕੇਵਲ ਧੀ ਦੀ ਇਸ ਨਿੱਜੀ ਚਾਹਤ ਨੂੰ ਕੁਚਲ ਦਿੰਦਾ ਹੈ ਬਲਕਿ ਇਸ ਖ਼ਾਹਿਸ਼ ਦੇ ਭਵਿੱਖੀ ਨਤੀਜੇ ਸੰਬੰਧੀ ਵੀ ਸੰਕੇਤ ਦਿੰਦਾ ਕਹਿੰਦਾ ਹੈ :

> "ਤੁਸੀਂ ਮਾਂ-ਧੀ ਇਸ ਗੱਲ ਨੂੰ ਇੱਥੇ ਹੀ ਛੱਡ ਦਿਉ। ਐਵੇਂ ਐਸਾ ਨਾ ਹੋਵੇ ਤੁਹਾਨੂੰ ਵੱਢਕੇ ਲੇਕ ਵਿੱਚ ਰੋੜ੍ਹਨਾ ਪਵੇ ਮੈਨੂੰ। ਪਤੰਦਰੋ, ਮੇਰੀ ਪਿੱਠ ਰਹਿ ਗਈ ਕੰਮ ਕਰਦੇ ਦੀ ਤੇ ਜਦੋਂ ਹੁਣ ਇੱਜ਼ਤ ਦੀ ਰੋਟੀ ਖਾਣ ਲੱਗੇ ਹਾਂ ਤਾਂ ਸਿਰ ਸੁਵਾਹ ਪਵਾ ਲਈਏ?"[95]

ਪਿਤਾ ਲਈ ਜਿੱਥੇ ਆਪਣੀ ਧੀ ਦਮਨ ਦੀ ਸੰਤੁਸ਼ਟੀ ਉਸਨੂੰ ਪਦਾਰਥਕ ਸੁੱਖ-ਸੁਵਿਧਾਵਾਂ ਦੇਣ ਤੱਕ ਮਹਿਦੂਦ ਹੈ, ਉੱਥੇ ਮਾਂ ਲਈ ਆਪਣੀ ਧੀ ਦੀ ਅਸਲ ਖ਼ੁਸ਼ੀ ਦੇ ਅਰਥ ਉਸਨੂੰ ਉਸਦੀ ਆਜ਼ਾਦੀ ਦੇਣ ਤੇ ਉਸਦੇ ਚਾਵਾਂ ਦੀ ਪੂਰਤੀ ਕਰਨ ਨਾਲ ਜੁੜੇ ਹੋਏ ਹਨ। ਉਹ ਚਾਹੁੰਦੀ ਹੈ ਕਿ ਜਿਵੇਂ ਉਸਦਾ ਵੱਡਾ ਪੁੱਤ ਆਪਣੇ ਪਿਤਾ ਦੀ ਇੱਛਾ ਦੇ ਖ਼ਿਲਾਫ਼ ਜਾ ਕੇ ਆਪਣੀ ਮਰਜ਼ੀ ਨਾਲ ਆਪਣੀ ਦੋਸਤ ਡੈਬੀ ਨਾਲ ਵਿਆਹ ਕਰਾਉਣ ਲਈ ਪਿਤਾ ਦਾ 'ਪਿੱਤਰੀ ਘਰ' ਛੱਡ ਕੇ ਜਾ ਰਿਹਾ ਹੈ, ਉਸੇ ਤਰ੍ਹਾਂ ਉਸਦੀ ਧੀ ਵੀ ਆਪਣੇ ਪਿਤਾ ਦੀ ਹਕੂਮਤ ਵਾਲੇ ਘਰ ਨੂੰ ਛੱਡ ਕੇ ਆਪਣੀ ਆਜ਼ਾਦ ਜ਼ਿੰਦਗੀ ਜੀਵੇ। ਪਾਤਰ ਮਾਂ ਆਪਣੀ ਧੀ ਦੀਆਂ ਖ਼ੁਸ਼ੀਆਂ ਲਈ ਆਪਣੇ ਘਰ ਰੱਖੀ ਚਿੜੀ 'ਜਾਨੀ' ਦੁਆਰਾ ਦਿਖਾਈ ਬਗਾਵਤ ਤੋਂ ਪ੍ਰੇਰਣਾ ਲੈਂਦੀ ਹੈ ਜਿਹੜੇ ਖੁੱਲੇ ਹੋਏ 'ਪਿੰਜਰੇ'ਵਿੱਚੋਂ ਨਿਕਲ ਕੇ ਕਿਤੇ ਦੂਰ ਨੱਸ ਗਈ ਸੀ। ਉਹ ਆਪਣੀ ਧੀ ਦੀ ਆਜ਼ਾਦੀ, ਉਸ ਦੀਆਂ ਵਿਅਕਤੀਗਤ ਖ਼ੁਸ਼ੀਆਂ ਦੀ ਪੂਰਤੀ ਲਈ ਉਸ ਨਾਲ ਮਜ਼ਬੂਤ ਧਿਰ ਬਣ ਕੇ ਜਗੀਰੂ ਪ੍ਰਵਿਰਤੀ ਵਾਲੇ ਮਰਦ ਪਤੀ ਵਿਰੁੱਧ ਡੱਟ ਕੇ ਖਲ੍ਹੋ ਜਾਂਦੀ ਹੈ:

> ਕੁਲਵੰਤ ਨੂੰ ਪਹਿਲੀ ਵਾਰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਅਸੀਂ... ਜਾਂ ਤੇਰੇ ਸੰਸਕਾਰ ...। ਐਸੇ ਸੰਸਕਾਰ ਜੋ ਬੋਦੇ ਹੋਏ ਆਪਣੀ ਹੈਸੀਅਤ ਗਵਾ ਚੁੱਕੇ ਹਨ। ਸੰਸਕਾਰਾਂ ਦੀ ਇਕ ਲਾਸ਼.., ਮੈਂ ਉਸ ਮਰ ਰਹੇ ਘਰ ਵਿੱਚ ਛੱਡ ਆਪਣੀ ਧੀ ਦੀ ਤਲਾਸ਼ ਨਾਲ ਕਦਮ ਨਾਲ ਕਦਮ ਮਿਲਾਂਦੀ ਹੋਈ, ਉਸ ਦਾ ਰੁਤਬਾ ਬੁਲੰਦ ਕਰਨ ਲਈ, ਮੈਂ ਤਾਜ਼ੀ ਹਵਾ ਦੀ ਪਕੜ ਵਿੱਚ ਸੁਲਝੀ ਜਾਂ ਰਹੀ ਸੀ।[96]

ਪਾਤਰ ਮਾਂ ਦਾ ਰੂੜ੍ਹੀਵਾਦੀ ਸੰਸਕਾਰਾਂ ਨੂੰ ਮੰਨਣ ਵਾਲੇ ਤੇ ਜਗੀਰੂ ਮਾਨਸਿਕਤਾ ਵਾਲੇ ਪਤੀ ਵਿਰੁੱਧ ਬਗਾਵਤ ਕਰਕੇ ਆਪਣੀ ਧੀ ਦਾ ਸਾਥ ਦੇਣਾ ਔਰਤ ਦੇ ਚੰਗੇ ਭਵਿੱਖ ਦਾ ਸੂਚਕ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇਕਰ ਨਾਰੀ ਜਾਤੀ ਨੇ ਆਪਣੀ ਆਜ਼ਾਦੀ ਹਾਸਿਲ ਕਰਨੀ ਹੈ ਤਾਂ ਉਹਨਾਂ ਨੂੰ ਵੱਡੇ ਪੱਧਰ 'ਤੇ ਇਕਜੁੱਟ ਹੋਣਾ ਪਵੇਗਾ ਅਤੇ ਪਿੱਤਰਸੱਤਾ ਦੀਆਂ ਮਜ਼ਬੂਤ ਜੜ੍ਹਾਂ ਨੂੰ ਹਿਲਾਉਣ ਲਈ ਉਹਨਾਂ ਨੂੰ ਆਪਣੇ ਨਿੱਜੀ ਸਵਾਰਥਾਂ ਨੂੰ ਛੱਡ ਕੇ ਆਪਣੀਆਂ ਸਾਂਝੀਆਂ ਸਮੱਸਿਆਵਾਂ ਦੇ ਆਧਾਰ 'ਤੇ ਇਕ ਦੂਜੇ ਨਾਲ ਖੜ੍ਹਨਾ ਪਵੇਗਾ।

ਬਲਬੀਰ ਕੌਰ ਸੰਘੇੜਾ ਦੀ ਕਹਾਣੀ 'ਚੁੱਪਾ ਕੁ ਸੂਰਜ' ਅਤੇ ਵੀਨਾ ਵਰਮਾ ਦੀ ਕਹਾਣੀ 'ਛੁੱਟੜ' ਦੋ ਪੀੜ੍ਹੀਆਂ ਦੀ ਪਰਵਾਸੀ ਔਰਤ ਦੇ ਮਾਨਸਿਕ ਵਖਰੇਵੇਂ ਨੂੰ ਪੂਰਬੀ ਅਤੇ ਪੱਛਮੀ ਸਭਿਆਚਾਰ ਦੇ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਰੂਪਮਾਨ ਕਰਦੀਆਂ ਹਨ। 'ਚੁੱਪਾ ਕੁ ਸੂਰਜ'

ਕਹਾਣੀ ਵਿੱਚ ਪਾਤਰ ਕਿਰਨ ਪਹਿਲੀ ਪੀੜ੍ਹੀ ਦੀ ਅਜਿਹੀ ਪਰਵਾਸੀ ਪੰਜਾਬੀ ਔਰਤ ਹੈ ਜਿਹੜੀ ਪੱਛਮੀ ਸਭਿਆਚਾਰ ਵਿੱਚ ਵਿਚਰਦੀ ਹੋਈ ਵੀ ਆਪਣੇ ਪੂਰਬੀ ਪਿਛੋਕੜ ਨਾਲ ਡੂੰਘਾਈ ਵਿੱਚ ਜੁੜੀ ਹੋਈ ਹੈ। ਪਾਤਰ ਕਿਰਨ ਲਈ ਵਿਆਹ, ਰਿਸ਼ਤੇ-ਨਾਤੇ, ਖਾਨਦਾਨੀ ਇੱਜ਼ਤ ਅਤੇ ਸਮਾਜਿਕ ਮਾਨ-ਮਰਿਆਦਾਵਾਂ ਆਦਿ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਉਹ ਚਾਹੁੰਦੀ ਹੈ ਕਿ ਉਸਦੇ ਧੀਆਂ-ਪੁੱਤ ਵੀ ਆਪਣੇ ਪੂਰਬੀ ਪਿਛੋਕੜ ਅਤੇ ਵਿਰਾਸਤ ਨਾਲ ਜੁੜੇ ਰਹਿਣ ਅਤੇ ਇਸ ਲਈ ਉਹ ਸੰਭਵ ਕੋਸ਼ਿਸ਼ ਵੀ ਕਰਦੀ ਹੈ। ਪਰ ਕਿਰਨ ਉਸ ਸਮੇਂ ਨਿਰੰਤਰ ਮਾਨਸਿਕ ਤਣਾਉ ਵਿੱਚ ਘਿਰ ਜਾਂਦੀ ਹੈ ਜਦੋਂ ਪੱਛਮੀ ਸਭਿਆਚਾਰ ਵਿੱਚ ਜੰਮ-ਪਲ ਉਸਦੇ ਧੀਆਂ-ਪੁੱਤ ਇੱਕ-ਇੱਕ ਕਰਕੇ ਨਾ ਕੇਵਲ ਪੂਰਬੀ ਪਿਛੋਕੜ ਨਾਲੋਂ ਪੂਰੀ ਤਰ੍ਹਾਂ ਟੁੱਟ ਜਾਂਦੇ ਹਨ ਬਲਕਿ ਪੱਛਮੀ ਸੰਸਕ੍ਰਿਤੀ ਨੂੰ ਹੀ ਆਪਣੀ ਪਛਾਣ ਦਾ ਆਧਾਰ ਬਣਾ ਲੈਂਦੇ ਹਨ। ਜਦੋਂ ਉਸਦੀ ਵੱਡੀ ਧੀ ਰੂਪੀ ਬਿਨਾਂ ਵਿਆਹ ਤੋਂ ਗਰਭਵਤੀ ਹੋ ਕੇ ਘਰ ਆ ਜਾਂਦੀ ਹੈ ਤਾਂ ਕਿਰਨ ਅੰਦਰੂਨੀ ਰੂਪ ਵਿੱਚ ਬੁਰੀ ਤਰ੍ਹਾਂ ਟੁੱਟ ਜਾਂਦੀ ਹੈ। ਸਥਿਤੀ ਉਸ ਸਮੇਂ ਤਣਾਓਪੂਰਨ ਬਣ ਜਾਂਦੀ ਹੈ ਜਦੋਂ ਕਿਰਨ ਸਮਾਜਿਕ ਬਦਨਾਮੀ ਤੋਂ ਬਚਣ ਲਈ ਧੀ ਰੂਪੀ ’ਤੇ ਅਬਾਰਸ਼ਨ ਕਰਾਉਣ ਲਈ ਦਬਾਅ ਪਾਉਂਦੀ ਹੈ ਤਾਂ ਰੂਪੀ ਬੱਚਾ ਪੈਦਾ ਕਰਨ ਨੂੰ ਆਪਣਾ ਨਿੱਜੀ ਮਾਮਲਾ ਸਮਝਦੀ ਹੋਈ ਬਗਾਵਤ ’ਤੇ ਉੱਤਰ ਆਉਂਦੀ ਹੈ:

> “ਨੋ ਮਾਮ, ਦਿੱਸ ਇੱਜ ਮਾਈ ਚਾਇਲਡ। ਮਾਈ ਪਰਾਬਲਮ। ਮੈਨੂੰ ਕੋਈ ਫਰਕ ਨ੍ਹੀ ਪੈਂਦਾ ਕਿ ਬਾਪ ਕੌਣ ਹੈ। ਬੱਚਾ ਸਿਰਫ਼ ਮੇਰਾ ਐ। ਆਈ ਵਿੱਲ ਰੇਜ਼ ਮਾਈ ਚਾਇਲਡ। ਹਾਓ ਕੈਨ ਯੂ ਈਵਨ ਸੁਜੈਸਟ ਐਨ ਅਬਾਰਸ਼ਨ?” ...ਆਈ ਵਿੱਲ ਲੁਕਆਫਟਰ ਮਾਈ ਚਾਇਲਡ। ਵੱਟ ਇੱਜ ਦਿਸ ਨੋਨਸੈਂਸ ਕਲਚਰ? ਮੈਂ ਕੇਅਰ ਨ੍ਹੀ ਕਰਦੀ ਕਿ ਲੋਕ ਕੀ ਸੋਚਦੇ ਹਨ। ਮਿਲੀਅਨ ਔਰਤਾਂ ਪਰੈਗਨੈਂਟ ਹੋ ਜਾਂਦੀਆਂ।[97]

ਪਾਤਰ ਰੂਪੀ ਪੰਜਾਬੀ ਸਮਾਜ-ਸਭਿਆਚਾਰ ਵਿੱਚ ਔਰਤ ਦੇ ਕੁਆਰੇਪਣ ਅਤੇ ਸੁੱਚਵਾਦ ਨਾਲ ਜੁੜੀਆਂ ਧਾਰਣਾਵਾਂ ਨੂੰ ਤੋੜਦੀ ਹੋਈ ਜਿੱਥੇ ਔਰਤ ਦੇ ਆਪਣੀ ਦੇਹ ਉੱਤੇ ਨਿੱਜੀ ਅਧਿਕਾਰ ਨੂੰ ਪ੍ਰਮੁੱਖਤਾ ਦਿੰਦੀ ਹੈ, ਉੱਥੇ ਮਾਂ ਦੀਆਂ ਪੂਰਬੀ ਸਭਿਆਚਾਰਕ ਕਦਰਾਂ-ਕੀਮਤਾਂ ’ਤੇ ਵੀ ਕਟਾਖ਼ਸ਼ ਕਰਦੀ ਹੈ। ਰਿਸ਼ਤਿਆਂ ਦੀ ਮਾਣ-ਮਰਿਆਦਾ ਅਤੇ ਸਮਾਜਿਕ ਮੁੱਲਾਂ ਦੀ ਉਲੰਘਣਾ, ਵਿਆਹ ਬਾਹਰੇ ਸੰਬੰਧਾਂ ਦੀ ਸਿਰਜਣਾ ਅਤੇ ਵਿਆਹ ਤੋਂ ਬਿਨ੍ਹਾਂ ਪੈਦਾ ਹੋਈ ਔਲਾਦ ਨੂੰ ਪੰਜਾਬੀ ਸਮਾਜ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ ਪਰ ਪੱਛਮੀ ਸਭਿਆਚਾਰ ਵਿੱਚ ਉਕਤ ਮੁੱਲਾਂ ਲਈ ਕੋਈ ਜਗ੍ਹਾ ਨਹੀਂ ਹੈ। ਪੱਛਮੀ ਜੀਵਨ ਮੁੱਲਾਂ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ

ਗ੍ਰਹਿਣ ਕਰ ਚੁੱਕੇ ਆਪਣੇ ਧੀਆਂ-ਪੁੱਤਾਂ ਦੀ ਸੋਚ ਅਤੇ ਵਿਵਹਾਰ ਤੋਂ ਨਿਰਾਸ਼ ਹੋ ਚੁੱਕੀ ਪਾਤਰ ਕਿਰਨ ਆਪਣੀ ਅੰਤਰੀਵੀ ਪੀੜ ਨੂੰ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

> ਬੱਚੇ ਪੜ੍ਹ ਜ਼ਰੂਰ ਚੰਗਾ ਗਏ ਸਨ। ਪਰ ਜ਼ਿੰਦਗੀ ਲਈ ਨਜ਼ਰੀਆ ਉਨ੍ਹਾਂ ਦਾ ਹੋਰ ਹੀ ਸੀ ਜੋ ਮੇਰੀ ਸੋਚ ਦੇ ਡੱਬੇ ਵਿੱਚ ਨਹੀਂ ਸੀ ਫਿੱਟ ਹੁੰਦਾ।... ਵਿਸ਼ਾਲ ਅੰਬਰ ਹੇਠ ਫੈਲੀ ਮੇਰੀ ਦੁਨੀਆ ਸੁੰਗੜ ਕੇ ਕਿਵੇਂ ਚੱਪਾ ਕੁ ਰਹਿ ਗਈ ਸੀ।[98]

ਦੋ ਵਿਭਿੰਨ ਸੰਸਕ੍ਰਿਤੀਆਂ ਦੇ ਧਰਾਤਲ ’ਤੇ ਵਿਚਰਦੀ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਦੀ ਵਿਡੰਬਨਾਮੂਲਕ ਸਥਿਤੀ ਦੇ ਸੰਦਰਭ ਵਿੱਚ ਡਾ. ਹਰਚੰਦ ਸਿੰਘ ਬੇਦੀ ਦੀ ਇਹ ਟਿੱਪਣੀ ਬੜੀ ਸਾਰਥਿਕ ਹੈ। ਉਸ ਅਨੁਸਾਰ :

> ਪਰਵਾਸੀ ਔਰਤਾਂ ਵੀ ਸਾਮੰਤੀ-ਚਿੰਤਨ ਤੇ ਬਸਤੀਵਾਦੀ ਸੋਚ ਦੀ ਰਹਿੰਦ-ਖੂੰਹਦ ਨੂੰ, ਆਪਣੇ ਮਰਦਾਂ ਵਾਂਗ, ਆਪਣੀ ਮਾਨਸਿਕਤਾ ਵਿੱਚੋਂ ਖਾਰਜ ਨਹੀਂ ਕਰ ਸਕੀਆਂ, ਏਸੇ ਲਈ ਉਹ ਚਾਹੁੰਦੀਆਂ ਹਨ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਪਹਿਰਾਵਾ, ਪੰਜਾਬੀ ਰਹਿਣ-ਸਹਿਣ, ਪੰਜਾਬੀ ਸਭਿਆਚਾਰ ਤੇ ਪੰਜਾਬੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਤੇ ਉਨ੍ਹਾਂ ਦੀ ਸਹਿਜ ‘ਦਾਸਤਾ’ ਵੀ ਕਬੂਲ ਕਰਨ। ...ਉਹ ਇਹ ਬਰਦਾਸ਼ਤ ਨਹੀਂ ਕਰਦੀ ਕਿ ਏਸ ਮਾਹੌਲ ਵਿੱਚ ਰਹਿੰਦੇ ਉਨ੍ਹਾਂ ਦੇ ਬੱਚੇ ਤੇ ਵਿਸ਼ੇਸ਼ ਕਰ ਕੁੜੀਆਂ ਪੂੰਜੀਵਾਦੀ ਤੇ ਸਵੈ-ਕੇਂਦ੍ਰਿਤ ਜੀਵਨ-ਜਾਚ ਨੂੰ ਅਪਨਾਉਣ ਤੇ ਅੰਤਰ-ਨਸਲੀ ਤਜਰਬਿਆਂ ਰਾਹੀਂ ਉਨ੍ਹਾਂ ਦਾ ਨੱਕ ਵਢਾਉਣ।[99]

ਵੀਨਾ ਵਰਮਾ ਦੀ ‘ਛੁੱਟੜ’ ਕਹਾਣੀ ਵਿੱਚ ਮੁੱਖ ਪਾਤਰ ਅਨੀਤਾ ਦੀ ਮਾਂ ਪਹਿਲੀ ਪੀੜ੍ਹੀ ਦੀ ਅਜਿਹੀ ਪਰਵਾਸੀ ਔਰਤ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਹੜੀ ਪੱਛਮੀ ਸਭਿਆਚਾਰ ਦਾ ਹਿੱਸਾ ਬਣ ਕੇ ਵੀ ਪੂਰਬੀ ਸਭਿਆਚਾਰ ਵਿੱਚ ਪ੍ਰਚਲਿਤ ਨਾਰੀ ਵਿਰੋਧੀ ਮਿੱਥਕ ਧਾਰਨਾਵਾਂ ਦਾ ਖਹਿੜਾ ਨਹੀਂ ਛੱਡਦੀ। ਪਿੱਤਰਕੀ ਮੁੱਲਾਂ ਨੂੰ ਪ੍ਰਣਾਈ ਮਾਂ ਲਈ ਸਥਿਤੀ ਉਸ ਸਮੇਂ ਚਿੰਤਾਜਨਕ ਅਤੇ ਸੰਕਟਮਈ ਬਣ ਜਾਂਦੀ ਹੈ ਜਦੋਂ ਉਸਦੀ ਧੀ ਅਨੀਤਾ ਘਰਦਿਆਂ ਨੂੰ ਬਿਨਾਂ ਦੱਸੇ ਆਪਣੇ ਪਤੀ ਰਮੇਸ਼ ਨੂੰ ਹਮੇਸ਼ਾਂ ਲਈ ਛੱਡ ਕੇ ਆ ਜਾਂਦੀ ਹੈ ਅਤੇ ਅਖੀਰ ਤਲਾਕ ਦੀ ਜਿੱਦ ’ਤੇ ਅੜ ਜਾਂਦੀ ਹੈ। ਪਾਤਰ ਮਾਂ ਪਹਿਲਾਂ ਤਾਂ ਸਮਾਜਿਕ ਬਦਨਾਮੀ ਤੋਂ ਬਚਣ ਲਈ ਧੀ ਅਨੀਤਾ ਨੂੰ ਵਾਪਸ ਰਮੇਸ਼ ਦੇ ਘਰ ਚਲੇ ਜਾਣ ਲਈ ਪੂਰੀ ਵਾਹ ਲਾਉਂਦੀ ਹੈ ਅਤੇ ਤਲਾਕ ਹੋ ਜਾਣ

ਤੋਂ ਬਾਅਦ ਅਨੀਤਾ ਉੱਪਰ ਦੂਜਾ ਵਿਆਹ ਕਰਾਉਣ ਲਈ ਬੜੇ ਸੂਖ਼ਮ ਤਰੀਕੇ ਨਾਲ ਨਿਰੰਤਰ ਦਬਾਓ ਪਾਉਂਦੀ ਹੈ। ਜਦੋਂ ਮੁੱਖ ਪਾਤਰ ਅਨੀਤਾ ਦੂਜੇ ਵਿਆਹ ਦੇ ਸੰਦਰਭ ਵਿੱਚ ਆਪਣਾ ਮਨਪਸੰਦ ਵਰ ਨਾ ਲੱਭਣ ਕਾਰਨ ਵਿਆਹ ਕਰਾਉਣ ਤੋਂ ਇਨਕਾਰੀ ਹੋਣਾ ਚਾਹੁੰਦੀ ਹੈ ਤਾਂ ਮਾਂ ਆਪਣੇ ਪੂਰਬੀ ਸਮਾਜ-ਸਭਿਆਚਾਰਕ ਪਿਛੋਕੜ ਵਿੱਚੋਂ ਧੀ ਨੂੰ ਉਸਦੀ ਮੌਜੂਦਾ ਸਮਾਜਿਕ ਸਥਿਤੀ ਦਾ ਅਹਿਸਾਸ ਕਰਾਉਂਦੀ ਹੋਈ ਉਸ ਸਾਹਮਣੇ ਉਸਦੇ ਵਜੂਦ ਨੂੰ ਘਟਾ ਕੇ ਪੇਸ਼ ਕਰਦੀ ਹੈ :

> "...ਆਪਣੇ ਵੱਲ ਵੀ ਦੇਖਿਆ ਜਾਂਦਾ ਹੈ ਨੀਤਾ। ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਪਹਿਲਾਂ ਤੂੰ ਕੁਆਰੀ ਸੀ ਤੇ ਗੱਲ ਹੋਰ ਸੀ ਹੁਣ ਤੇਰੀ ਜ਼ਿੰਦਗੀ 'ਤੇ ਦਾਗ਼ ਲੱਗ ਚੁੱਕਿਐ।"[100]

ਦੂਜੇ ਪਾਸੇ ਮੁੱਖ ਪਾਤਰ ਅਨੀਤਾ ਜਿਹੜੀ ਕਿ ਪੱਛਮੀ ਸਭਿਆਚਾਰ ਦੀ ਜੰਮਪਲ ਹੈ, ਦੀ ਸੋਚ ਮਾਂ ਤੋਂ ਉਲਟ ਦਿਸ਼ਾ ਵਿੱਚ ਖੜ੍ਹੀ ਹੈ। ਉਹ ਵਿਆਹ, ਤਲਾਕ ਜਿਹੀਆਂ ਗੱਲਾਂ ਨੂੰ ਬਹੁਤ ਸਹਿਜਤਾ ਨਾਲ ਲੈਂਦੀ ਹੈ ਪ੍ਰੰਤੂ ਨਾਲ ਹੀ ਉਹ ਆਪਣੀ ਮਾਂ ਦੀਆਂ ਅਤਾਰਕਿਕ ਅਤੇ ਨਿਰਆਧਾਰ ਗੱਲਾਂ ਬਾਰੇ ਸੋਚ ਕੇ ਹੈਰਾਨ ਅਤੇ ਚਿੰਤਤ ਵੀ ਹੁੰਦੀ ਹੈ। ਪੱਛਮੀ ਸਭਿਆਚਾਰ ਵਿਚਲੀਆਂ ਕਦਰਾਂ-ਕੀਮਤਾਂ ਨਾਲ ਜੁੜੀ ਪਾਤਰ ਅਨੀਤਾ ਨੂੰ ਸਮਝ ਹੀ ਨਹੀਂ ਆਉਂਦੀ ਕਿ ਆਖਿਰ ਉਸਨੇ ਅਜਿਹਾ ਕਿਹੜਾ ਗੁਨਾਹ ਕਰ ਦਿੱਤਾ ਕਿ ਉਹ 'ਦਾਗਲ' ਹੋ ਗਈ। ਮਾਂ ਦੀ ਪਿੱਤਰੀ ਸੋਚ ਅਤੇ ਆਸੇ-ਪਾਸੇ ਦੇ ਲੋਕਾਂ ਦੇ ਆਪਣੇ ਪ੍ਰਤੀ ਬਦਲੇ ਨਜ਼ਰੀਏ ਤੋਂ ਦੁਖੀ ਹੋਈ ਪਾਤਰ ਅਨੀਤਾ ਦਾ ਦਿਲ ਕਰਦਾ ਕਿ ਉਹ ਚੀਕ-ਚੀਕ ਕੇ ਕਹੇ :

> "ਮੈਨੂੰ ਆਦਮੀ ਨੇ ਨਹੀਂ ਛੱਡਿਆ, ਮੈਂ ਆਦਮੀ ਨੂੰ ਛੱਡਿਆ ਹੈ।" ...ਔਰਤ ਨੂੰ ਵੀ ਮਰਦ ਨੂੰ ਛੱਡਣ ਦਾ ਉਨ੍ਹਾਂ ਹੀ ਹੱਕ ਹੈ ਜਿੰਨਾ ਮਰਦ ਨੂੰ ਔਰਤ ਨੂੰ ਘਰੋਂ ਕੱਢਣ ਦਾ।[101]

ਦਰਅਸਲ ਪਾਤਰ ਅਨੀਤਾ ਦੂਸਰੀ ਪੀੜ੍ਹੀ ਦੀ ਚੇਤੰਨ ਪਰਵਾਸੀ ਪੰਜਾਬੀ ਔਰਤ ਹੈ ਜਿਹੜੀ ਆਪਣੇ ਸਵੈਮਾਨ ਨੂੰ ਕਾਇਮ ਰੱਖ ਕੇ ਜਿਊਣਾ ਚਾਹੁੰਦੀ ਹੈ। ਉਹ ਉਹਨਾਂ ਪ੍ਰੰਪਰਕ ਪਿੱਤਰੀ ਰੂੜ੍ਹੀਵਾਦੀ ਧਾਰਣਾਵਾਂ ਨੂੰ ਮੰਨਣ ਤੋਂ ਮੁਨਕਰ ਹੈ ਜਿਹੜੀਆਂ ਔਰਤ ਦੇ ਸੁਤੰਤਰ ਅਸਤਿਤਵ ਨੂੰ ਖ਼ਤਮ ਕਰਕੇ ਉਸਨੂੰ ਦੂਜੇ ਦੀ ਅਧੀਨਗੀ ਵਿੱਚ ਰਹਿਣ ਲਈ ਮਜ਼ਬੂਰ ਕਰਦੀਆਂ ਹਨ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਪੰਜਾਬ ਤੋਂ ਪਰਵਾਸ ਕਰਕੇ ਵਿਕਸਤ ਪੱਛਮੀ ਮੁਲਕਾਂ ਵਿੱਚ ਵੱਸਣ ਦੀ ਚਾਹਤ ਲੈ ਕੇ ਗਈ ਪੰਜਾਬੀ ਨਾਰੀ ਨੂੰ ਪੇਸ਼ ਆਈਆਂ ਵਿਭਿੰਨ ਮੁਸ਼ਕਿਲਾਂ, ਕਠਿਨਾਈਆਂ, ਬੇਗਾਨੀ ਧਰਤੀ ਅਤੇ ਬੇਗਾਨੇ ਸਭਿਆਚਾਰ

ਵਿੱਚ ਆਪਣਿਆਂ ਅਤੇ ਬੇਗਾਨਿਆਂ ਹੱਥੋਂ ਸਾਜਿਸ਼ ਦੀ ਸ਼ਿਕਾਰ ਹੋਈ ਪਰਵਾਸੀ ਪੰਜਾਬੀ ਔਰਤ ਦੇ ਸ਼ੋਸ਼ਣ ਦੀਆਂ ਵਿਭਿੰਨ ਸਥਿਤੀਆਂ ਅਤੇ ਪਰਤਾਂ ਦੇ ਚਿਤਰਨ ਤੋਂ ਲੈ ਕੇ ਪਰਵਾਸੀ ਧਰਤੀ ਉੱਤੇ ਆਰਥਿਕ ਤੌਰ ’ਤੇ ਸਵੈ-ਨਿਰਭਰ ਹੋ ਕੇ ਆਪਣੀ ਸੁਤੰਤਰ ਅਸਤਿਤਵੀ ਪਛਾਣ ਸਥਾਪਿਤ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਅਤੇ ਪੱਛਮੀ ਸਭਿਆਚਾਰ ਵਿੱਚ ਆਪਣੀ ਮਨਇੱਛਤ ਜ਼ਿੰਦਗੀ ਜਿਊਣ ਦੇ ਮਿਲੇ ਅਧਿਕਾਰ ਨੂੰ ਹਾਸਿਲ ਕਰਨ ਦੇ ਫਲਸਰੂਪ ਪਰਵਾਸੀ ਪੰਜਾਬੀ ਨਾਰੀ ਦੀ ਬਦਲ ਰਹੀ ਸੰਵੇਦਨਾ ਅਤੇ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਤੇ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਪੰਜਾਬੀ ਨਾਰੀ ਜਿਹੜੀ ਮਾਪਿਆਂ ਵੱਲੋਂ ਵਿਦੇਸ਼ੀ ਮੁੰਡੇ ਨਾਲ ਮੰਗੀ ਜਾਂ ਵਿਆਹੀ ਪਰ ਪਰਵਾਸੀ ਮੰਗੇਤਰ, ਪ੍ਰੇਮੀ, ਪਤੀ ਜਾਂ, ਸਹੁਰਿਆਂ ਵੱਲੋਂ ਦੁਰਕਾਰੀ, ਜਿਹਨੀ ਅਤੇ ਜਿਨਸੀ ਸ਼ੋਸ਼ਣ ਵਿੱਚ ਲੰਘਦੀ ਹੋਈ ਬੇਗਾਨੀ ਧਰਤੀ ਉੱਤੇ ਜਿੱਥੇ ਆਰਥਿਕ ਤੌਰ ’ਤੇ ਸਵੈ-ਨਿਰਭਰ ਹੋ ਕੇ ਆਪਣੀ ਸਮਾਜ-ਸਭਿਆਚਾਰਕ ਸਥਿਤੀ ਅਤੇ ਭੂਮਿਕਾ ਨੂੰ ਪੁਨਰ ਵਿਉਂਤਣ ਦੀ ਪ੍ਰਕ੍ਰਿਆ ਵਿੱਚ ਪੈਂਦੀ ਹੈ, ਉੱਥੇ ਸ਼ੋਸ਼ਣਕਾਰੀ ਧਿਰ ਭਾਵ ਪਰਵਾਸੀ ਪੰਜਾਬੀ ਮਰਦ ਦੀ ਪਿੱਤਰੀ ਮਾਨਸਿਕਤਾ ਨੂੰ ਵੰਗਾਰਦੀ ਹੋਈ ਪਿੱਤਰੀ ਕਦਰਾਂ-ਕੀਮਤਾਂ ਨੂੰ ਵੀ ਚੁਣੌਤੀ ਦਿੰਦੀ ਹੈ। ਸਥਿਤੀ ਦੀ ਵਿੰਡਬਨਾ ਇਹ ਹੈ ਕਿ ਔਰਤ ਦੀ ਇਹ ਬਦਲੀ ਹੋਈ ਮਾਨਸਿਕਤਾ ਸਾਮੰਤੀ ਰੁਚੀਆਂ ਵਾਲੇ ਮਰਦ ਨੂੰ ਹਰਗਿਜ਼ ਮਨਜ਼ੂਰ ਨਹੀਂ ਹੁੰਦੀ ਜਿਸਦੇ ਸਿੱਟੇ ਵਜੋਂ ਉਹ ਦਮਨਕਾਰੀ ਰਵੱਈਆ ਅਖ਼ਤਿਆਰ ਕਰ ਲੈਂਦਾ ਹੈ। ਇਸ ਸਮੇਂ ਦੀ ਕਹਾਣੀ ਪਰਵਾਸੀ ਪੰਜਾਬੀ ਮਰਦ ਦੀ ਉਸ ਪਿੱਤਰਕੀ ਮਾਨਸਿਕਤਾ ’ਤੇ ਫੋਕਸ ਕਰਦੀ ਹੈ ਜਿਹੜਾ ਔਰਤ-ਮਰਦ ਦੀ ਬਰਾਬਰਤਾ ਅਤੇ ਵਿਅਕਤੀਗਤ ਸੁਤੰਤਰਤਾ ਦੀ ਹਾਮੀ ਭਰਨ ਵਾਲੇ ਪੱਛਮੀ ਸਭਿਆਚਾਰ ਵਿੱਚ ਵਿਚਰਨ ਦੇ ਬਾਵਜੂਦ ਆਪਣੀ ਪਤਨੀ ਦੇ ਨਾਲ-ਨਾਲ ਪੱਛਮੀ ਸੰਸਕ੍ਰਿਤੀ ਦੀ ਜੰਮਪਲ ਆਪਣੀ ਧੀ ਨੂੰ ਵੀ ਆਪਣੀ ਅਧੀਨਗੀ ਹੇਠ ਰਹਿਣ ਅਤੇ ਦਾਸਤਾ ਕਬੂਲਣ ਲਈ ਮਜ਼ਬੂਰ ਕਰਦਾ ਹੈ। ਇਸਦੇ ਪਰਿਣਾਮਸਰੂਪ ਪਰਿਵਾਰਕ ਰਿਸ਼ਤਿਆਂ ਵਿੱਚ ਅਕਸਰ ਤਣਾਉ ਅਤੇ ਟਕਰਾਉ ਦੀ ਸਥਿਤੀ ਬਣ ਜਾਂਦੀ ਹੈ। ਦੂਜੇ ਪਾਸੇ ਪੱਛਮੀ ਸਭਿਆਚਾਰ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਤੋਂ ਪ੍ਰਭਾਵਿਤ ਅਤੇ ਨਾਰੀ ਅਧਿਕਾਰਾਂ ਪ੍ਰਤੀ ਸਵੈ ਚੇਤਨ ਹੋਈ ਪਰਵਾਸੀ ਪੰਜਾਬੀ ਔਰਤ ਆਪਣੇ ਪਤੀ ਦੇ ਜਗੀਰੂ ਵਿਵਹਾਰ ’ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੋਈ ਨਾ ਕੇਵਲ ਆਪਣੀ ਹੋਂਦਮੂਲਕ ਲੜਾਈ ਲੜਦੀ ਹੈ ਬਲਕਿ ਆਪਣੀ ਧੀ ਜਿਹੜੀ ਕਿ ਨਵੀਂ ਪੀੜ੍ਹੀ ਦੀ ਪੰਜਾਬੀ ਔਰਤ ਹੈ, ਦੀ ਵਿਅਕਤੀਗਤ ਆਜ਼ਾਦੀ ਅਤੇ ਉਸਦੀ ਸੁਤੰਤਰ ਅਸਤਿਤਵੀ ਪਛਾਣ ਦੀ ਸਥਾਪਤੀ ਲਈ ਆਪਣੇ ਪਤੀ-ਪਤਨੀ ਦੇ ਸੰਬੰਧਾਂ ਨੂੰ ਵੀ ਦਾਅ ’ਤੇ ਲਾ ਦਿੰਦੀ ਹੈ।

ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਔਰਤ ਦੇ ਉਸ ਬਦਲੇ ਹੋਏ ਰੂਪ ਨੂੰ ਬੜੇ ਉੱਭਰਵੇਂ ਰੂਪ ਵਿੱਚ ਪੇਸ਼ ਕਰਦੀ ਹੈ ਜਿਹੜੀ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਵਿੱਚ ਆਪਣੀ

ਸ਼ੋਸ਼ਿਤ ਸਥਿਤੀ ਨੂੰ ਆਦਰਸ਼ ਭਾਰਤੀ ਪੰਜਾਬੀ ਔਰਤ ਵਾਂਗ ਚੁੱਪਚਾਪ ਬਰਦਾਸ਼ਤ ਨਹੀਂ ਕਰਦੀ ਬਲਕਿ ਇਹਨਾਂ ਸਮਾਜਿਕ ਸੰਸਥਾਵਾਂ ਹੇਠ ਕਾਰਜਸ਼ੀਲ ਪਿੱਤਰਕੀ ਸਿਆਸਤ ਨੂੰ ਪਛਾਣਦੀ ਹੋਈ ਪੱਛਮੀ ਸਮਾਜ ਵਿੱਚ ਆਪਣੇ ਪੈਰ੍ਹਾਂ 'ਤੇ ਖੜ੍ਹੀ ਹੋ ਕੇ ਆਪਣੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦਿੰਦੀ ਹੈ। ਸਾਮੰਤਵਾਦੀ ਕਦਰਾਂ-ਕੀਮਤਾਂ ਵਾਲੇ ਭਾਰਤੀ ਪੰਜਾਬੀ ਸਭਿਆਚਾਰ ਨੂੰ ਛੱਡ ਕੇ ਪੱਛਮੀ ਮੁਲਕਾਂ ਵਿੱਚ ਵੱਸ ਜਾਣ ਵਾਲੀ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਦੀ ਸੋਚ ਅਤੇ ਜੀਵਨ ਮੁੱਲ ਪੱਛਮੀ ਸਭਿਆਚਾਰ ਦੀ ਜੰਮਪਲ ਨਵੀਂ ਪੀੜ੍ਹੀ ਦੀ ਪੰਜਾਬੀ ਨਾਰੀ ਦੀ ਸੋਚ ਅਤੇ ਜੀਵਨ ਮੁੱਲਾਂ ਨਾਲੋਂ ਵੱਖਰੇ ਹਨ ਅਤੇ ਇਸ ਵਖਰੇਵੇਂ ਨੂੰ ਇਹ ਕਹਾਣੀ ਦੋ ਵਿਭਿੰਨ ਸਮਾਜ-ਸਭਿਆਚਾਰਾਂ ਦੇ ਕੀਮਤ-ਪ੍ਰਬੰਧ ਅਤੇ ਪ੍ਰਸਥਿਤੀਆਂ ਦੇ ਤੁਲਨਾਤਮਕ ਸੰਦਰਭ ਵਿੱਚ ਰੱਖ ਕੇ ਉਭਾਰਦੀ ਹੈ। ਪੁਰਾਣੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਵੀ ਕਈ ਪੱਧਰਾਂ 'ਤੇ ਆਪਣੇ ਪੂਰਬੀ ਪਿਛੋਕੜ ਵਿਚਲੀਆਂ ਪ੍ਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਖ਼ਾਰਜ ਨਹੀਂ ਕਰ ਸਕੀ। ਪੱਛਮੀ ਸਭਿਆਚਾਰ ਵਿੱਚ ਵਿਚਰਦੀ ਹੋਈ ਉਹ ਆਪਣੇ ਧੀਆਂ-ਪੁੱਤਾਂ ਨੂੰ ਵਧੀਆ ਸਿੱਖਿਆ ਦਿਵਾਉਣ ਅਤੇ ਬੇਹਤਰਨ ਜ਼ਿੰਦਗੀ ਜਿਊਣ ਲਈ ਵਧੀਆ ਹਾਲਾਤ ਪ੍ਰਾਪਤ ਹੋਣ ਦੀ ਤਾਂ ਇਛੁੱਕ ਹੈ ਪਰ ਉਹ ਇਸ ਗੱਲ ਦੇ ਹੱਕ ਵਿੱਚ ਨਹੀਂ ਕਿ ਉਸਦੇ ਬੱਚੇ ਖਾਸ ਕਰਕੇ ਧੀਆਂ ਪੱਛਮੀ ਸਭਿਆਚਾਰ ਦੇ ਪ੍ਰਭਾਵ ਥੱਲੇ ਆ ਕੇ ਪੱਛਮੀ ਜੀਵਨ ਸ਼ੈਲੀ ਨੂੰ ਧਾਰਨ ਕਰਦੀਆਂ ਹੋਈਆਂ ਆਪਣੀ ਮਨਮਰਜ਼ੀ ਕਰਨ। ਇਹ ਔਰਤ ਪਾਤਰ ਜਿੱਥੇ ਖ਼ੁਦ ਪੂਰਬੀ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਪ੍ਰਤੀ ਵਫ਼ਾਦਾਰੀ ਪਾਲਦੀ ਨਜ਼ਰ ਆਉਂਦੀ ਹੈ, ਉੱਥੇ ਪੱਛਮੀ ਸਭਿਆਚਾਰ ਵਿੱਚ ਪ੍ਰਵਾਨ ਚੜ੍ਹੀ ਆਪਣੀ ਧੀ ਪਾਸੋਂ ਵੀ ਪੂਰਬੀ ਪੰਜਾਬੀ ਸਭਿਆਚਾਰ ਦੀ ਮਾਨ-ਮਰਿਆਦਾ ਅਤੇ ਕੀਮਤ-ਪ੍ਰਬੰਧ ਨੂੰ ਬਰਕਰਾਰ ਰੱਖਣ ਦੀ ਤਵੱਕੋਆਤ ਕਰਦੀ ਹੈ। ਪ੍ਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਨਵੀਂ ਪੀੜ੍ਹੀ ਦੀ ਔਰਤ (ਧੀ) ਇਸਨੂੰ ਆਪਣਾ ਵਿਅਕਤੀਗਤ ਮਾਮਲਾ ਸਮਝਦੀ ਹੋਈ ਜਿੱਥੇ ਆਪਣੀ ਆਜ਼ਾਦੀ ਲਈ ਵਿਰੋਧ ਕਰਦੀ ਹੈ, ਉੱਥੇ ਕਈ ਵਾਰ ਬਗਾਵਤ ਤੱਕ ਪਹੁੰਚਦੀ ਹੋਈ ਆਪਣੀ ਮਨਇੱਛਤ ਜ਼ਿੰਦਗੀ ਜਿਊਣ ਲਈ ਆਪਣੇ ਅਤਿ ਨਜ਼ਦੀਕੀ ਰਿਸ਼ਤਿਆਂ ਨਾਲੋਂ ਸੰਬੰਧ ਤੋੜ ਕੇ ਚਲੀ ਜਾਂਦੀ ਹੈ। ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਆ ਚੁੱਕੀ ਨਵੀਂ ਪੀੜ੍ਹੀ ਦੀ ਔਰਤ ਦੀ ਬਦਲੀ ਸੋਚ, ਵਿਹਾਰ ਅਤੇ ਮਿਜਾਜ਼ ਤੋਂ ਦੁਖੀ ਹੋਈ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਪਾਤਰ ਮਾਨਸਿਕ ਤਣਾਉ ਦੀ ਸ਼ਿਕਾਰ ਹੋ ਜਾਂਦੀ ਹੈ। ਸੋ, ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਪਰਵਾਸੀ ਪੰਜਾਬੀ ਨਾਰੀ ਦੀ ਹੋਂਦ-ਹਸਤੀ, ਉਸਦੇ ਸਮਾਜ-ਸਭਿਆਚਾਰਕ, ਸਥਿਤੀ ਅਤੇ ਸਮੱਸਿਆਵਾਂ ਨਾਲ ਜੁੜੇ ਵਿਭਿੰਨ ਸਰੋਕਾਰਾਂ ਨੂੰ ਬਾਖ਼ੂਬੀ ਚਿਤਰਦੀ ਹੈ।

ਸਮਕਾਲੀ ਭਾਰਤੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਦੀ ਸਥਿਤੀ, ਸਮੱਸਿਆਵਾਂ ਅਤੇ ਨਾਰੀ ਚੇਤਨਾ ਸੰਬੰਧੀ ਉਪਰੋਕਤ ਚਰਚਾ ਕਰਨ ਉਪਰੰਤ ਅਸੀਂ ਸੰਖੇਪ ਵਿੱਚ ਸਮਕਾਲੀ ਪਾਕਿਸਤਾਨੀ ਪੰਜਾਬੀ

ਕਹਾਣੀ ਵਿੱਚ ਨਾਰੀ ਦੀ ਸਥਿਤੀ, ਨਾਰੀ ਸਰੋਕਾਰਾਂ ਅਤੇ ਨਾਰੀ ਚੇਤਨਾ ਸੰਬੰਧੀ ਵੀ ਗੱਲ ਕਰਾਂਗੇ ਕਿਉਂਕਿ ਪਾਕਿਸਤਾਨੀ ਪੰਜਾਬੀ ਕਹਾਣੀ ਸਮੁੱਚੀ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਅੰਗ ਅਤੇ ਪਾਸਾਰ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਸ਼ਾਹਮੁਖੀ ਤੋਂ ਗੁਰਮੁਖੀ ਵਿੱਚ ਲਿਪੀਅੰਤਰ ਹੋ ਕੇ ਹੀ ਸਾਡੇ ਤੱਕ ਪਹੁੰਚਦੀ ਹੈ। ਇਸ ਲਈ ਇੱਥੇ ਅਸੀਂ ਸੰਨ 2000 ਤੋਂ ਗੁਰਮੁਖੀ ਵਿੱਚ ਲਿਪੀਅੰਤਰ ਹੋ ਕੇ ਪ੍ਰਕਾਸ਼ਿਤ ਹੋਈ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਵਜੋਂ ਦੇਖਦੇ ਹੋਏ ਆਪਣੇ ਵਿਸ਼ੇ ਲਈ ਚੁਣਿਆ ਹੈ ਭਾਵੇਂ ਇਹ ਚੁਣੀ ਹੋਈ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਪਾਕਿਸਤਾਨ ਸਾਹਿਤ ਦੇ ਅੰਤਰਗਤ ਛਪਣ ਵਰ੍ਹਾ ਕੋਈ ਵੀ ਹੋਵੇ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪਾਕਿਸਤਾਨ ਇਸਲਾਮ ਧਰਮ ਦੀ ਬੁਨਿਆਦ ਤੇ ਖੜ੍ਹਾ ਵੱਖਰਾ ਦੇਸ਼ ਹੈ। ਇਸਦੇ ਹੋਂਦ ਸਮੇਂ ਤੋਂ ਹੀ ਸੱਤਾ ਉੱਪਰ ਕਾਬਜ਼ ਲੋਕਾਂ ਨੇ ਦੇਸ਼ ਦੇ ਸਮੁੱਚੇ ਢਾਂਚੇ ਦਾ ਇਸਲਾਮੀਕਰਨ ਕਰਨ ਲਈ ਸਮਾਜ, ਸਭਿਆਚਾਰਕ ਕਦਰਾਂ-ਕੀਮਤਾਂ, ਵਿਸ਼ਵਾਸਾਂ ਨੂੰ ਇਸਲਾਮੀ ਮੁਹਾਵਰੇ ਵਿੱਚ ਢਾਲਣ ਦਾ ਯਤਨ ਕੀਤਾ ਹੈ। ਧਰਮ ਦੀ ਆੜ ਹੇਠ ਬਣਾਏ ਕਾਇਦੇ-ਕਾਨੂੰਨ ਲੋਕਤੰਤਰੀ, ਮਾਨਵੀ ਸੰਵੇਦਨਾ ਅਤੇ ਮਾਨਵੀ ਕਦਰਾਂ-ਕੀਮਤਾਂ ਦੇ ਹੱਕ ਵਿੱਚ ਭੁਗਤਣ ਦੀ ਬਜਾਇ ਸਰਮਾਏਦਾਰਾਂ, ਜਾਗੀਰਦਾਰਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੇ ਨਾਲ-ਨਾਲ ਸਮੁੱਚੇ ਮਰਦ ਪ੍ਰਧਾਨ ਸਮਾਜ ਦਾ ਪੱਖ ਪੂਰਦੇ ਹਨ। ਧਰਮ ਪ੍ਰਤੀ ਕੱਟੜਵਾਦੀ ਸੋਚ ਅਤੇ ਸਾਮੰਤਕੀ ਵਿਚਾਰਧਾਰਾ ਕਾਰਨ ਪਾਕਿਸਤਾਨੀ ਸਮਾਜ-ਸਭਿਆਚਾਰ ਵਿਚਲੀ ਔਰਤ ਦੀ ਸਥਿਤੀ ਤਸੱਲੀਬਖਸ਼ ਨਹੀਂ ਹੈ। ਪਾਕਿਸਤਾਨੀ ਪੰਜਾਬੀ ਔਰਤ ਕੱਟੜ ਇਸਲਾਮਿਕ ਕਾਇਦੇ ਕਾਨੂੰਨਾਂ ਅਤੇ ਮਰਦ ਦੀ ਅਧੀਨਗੀ ਹੇਠ ਰਹਿਣ ਲਈ ਮਜ਼ਬੂਰ ਹੈ। ਸਮਾਜਿਕ, ਆਰਥਿਕ, ਸਭਿਆਚਾਰਕ, ਧਾਰਮਿਕ ਪ੍ਰਬੰਧ ਵਿੱਚ ਵਿਚਰਦੀ ਪਾਕਿਸਤਾਨੀ ਪੰਜਾਬੀ ਔਰਤ ਦੋਹਰੇ-ਤੀਹਰੇ ਸ਼ੋਸ਼ਣ ਦੀ ਸ਼ਿਕਾਰ ਹੋ ਕੇ ਨਿਰੰਤਰ ਸਰੀਰਕ, ਮਾਨਸਿਕ ਸੰਤਾਪ ਹੰਢਾਉਂਦੀ ਹੈ। ਪਾਕਿਸਤਾਨੀ ਪੰਜਾਬੀ ਔਰਤ-ਮਰਦ ਕਹਾਣੀਕਾਰਾਂ ਨੇ ਆਪਣੀ ਰਚਨਾ ਦੇ ਮਾਧਿਅਮ ਰਾਹੀਂ ਜਿੱਥੇ ਮਰਦ ਪ੍ਰਧਾਨ ਜਗੀਰਦਾਰੀ ਢਾਂਚੇ ਵਿੱਚ ਵਿਚਰਦੀ ਪਾਕਿਸਤਾਨੀ ਪੰਜਾਬੀ ਔਰਤ ਦੀ ਦਮਿਤ ਅਤੇ ਗੌਣ ਸਥਿਤੀ ਨੂੰ ਰੂਪਮਾਨ ਕੀਤਾ ਹੈ, ਉੱਥੇ ਉਸ ਦੀਆਂ ਅਤ੍ਰਿਪਤ ਚਾਹਤਾਂ, ਖ਼ਾਹਿਸ਼ਾਂ, ਦਰਦ, ਪੀੜ ਨੂੰ ਵੀ ਬੜੀ ਸੰਵੇਦਨਸ਼ੀਲਤਾ ਨਾਲ ਅਗਰਭੂਮਿਤ ਕੀਤਾ ਹੈ। ਡਾ. ਹਰਚੰਦ ਸਿੰਘ ਬੇਦੀ ਪਾਕਿਸਾਤਨੀ ਪੰਜਾਬੀ ਕਹਾਣੀ ਸੰਬੰਧੀ ਲਿਖਦੇ ਹਨ :

> ਪਾਕਿਸਤਾਨੀ ਪੰਜਾਬੀ ਕਹਾਣੀ ਨੇ ਔਰਤ ਨੂੰ ਭਿੰਨ-ਭਿੰਨ ਸਮਾਜਕ ਪਰਿਸਥਿਤੀਆਂ ਵਿੱਚ; ਉਸਦੀ ਵਿਡੰਬਤ ਭੂਮਿਕਾ ਵਿੱਚ ਫੜ੍ਹਣ ਤੇ ਚਿਤਰਨ ਦੀ ਕੋਸ਼ਿਸ਼ ਕੀਤੀ ਹੈ। ਜਿਹੜੇ ਡਰ, ਸੰਸੇ ਤੇ ਸੰਕਟ ਗ੍ਰਾਮੀਣ

> ਜੀਵਨ-ਸ਼ੈਲੀ ਦਾ ਹਿੱਸਾ ਹਨ; ਉਨ੍ਹਾਂ ਨੂੰ ਪੇਂਡੂ ਔਰਤ ਭੋਗਣ ਲਈ ਮਜ਼ਬੂਰ ਹੈ; ਇਸ ਦੇ ਬਰਅਕਸ ਪਾਕਿਸਤਾਨ ਦੀ ਸ਼ਹਿਰੀ ਵੱਸੋਂ ਵਾਲੀ ਔਰਤ ਦੇ ਸੰਕਟ ਵਧੇਰੇ ਆਰਥਿਕਤਾ ਤੇ ਜੀਵਨ ਦੀ ਤੇਜ਼ੀ 'ਚੋਂ ਪੈਦਾ ਹੋ ਰਹੀ ਮਾਨਸਿਕ ਤੇ ਵਿਉਹਾਰਕ ਦੌੜ-ਭੱਜ ਦੇ ਹਨ। ...ਔਰਤ ਦੀ ਸਥਿਤੀ ਤੇ ਪਰਿਸਥਿਤੀ ਅੱਜ ਵੀ ਪ੍ਰਸ਼ਨ ਹੇਠ ਹੈ ਕਿਉਂਕਿ ਧਰਮ, ਰਾਜਨੀਤੀ ਤੇ ਸਭਿਆਚਾਰਕ ਮੁੱਲ ਪ੍ਰਬੰਧ, ਸਾਰੇ ਹੀ ਔਰਤ ਨੂੰ ਸਾਧਨ, ਵਾਹਣ ਜਾਂ ਵਸੀਲੇ ਵਾਂਗ ਹੀ ਵਰਤਣ ਦੀ ਮਾਨਸਿਕਤਾ ਧਾਰਨ ਕਰੀ ਬੈਠੇ ਹਨ।[102]

ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਪੇਂਡੂ, ਸ਼ਹਿਰੀ, ਦਲਿਤ, ਸਾਧਾਰਨ, ਅਨਪੜ੍ਹ, ਪੜ੍ਹੀ-ਲਿਖੀ ਵਿਭਿੰਨ ਵਰਗਾਂ ਦੀ ਨਾਰੀ ਨਾਲ ਸੰਬੰਧਿਤ ਮਸਲਿਆਂ, ਸੰਕਟਾਂ, ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਬੜੀ ਕਲਾਤਮਕਤਾ ਸਹਿਤ ਪੇਸ਼ ਕਰਦੀ ਹੈ। ਇੱਥੇ ਅਸੀਂ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਪੰਜਾਬੀ ਨਾਰੀ ਦੀ ਸਥਿਤੀ, ਨਾਰੀ ਸੰਵੇਦਨਾ, ਨਾਰੀ ਚੇਤਨਾ ਨੂੰ ਉਥੋਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿੱਚ ਬੁਸ਼ਰਾ ਏਜਾਜ਼ ਅਜਿਹੀ ਚਰਚਿਤ ਕਹਾਣੀਕਾਰ ਵਜੋਂ ਜਾਣੀ ਜਾਂਦੀ ਹੈ ਜਿਹੜੀ ਜਗੀਰਦਾਰੀ ਕਦਰਾਂ-ਕੀਮਤਾਂ ਵਾਲੇ ਪਾਕਿਸਤਾਨੀ ਪੰਜਾਬੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਜੀਅ ਰਹੀ ਪੰਜਾਬੀ ਨਾਰੀ ਦੀ ਦਮਿਤ ਸਥਿਤੀ ਨੂੰ ਜਿੱਥੇ ਬੜੀ ਬੇਬਾਕੀ ਨਾਲ ਪੇਸ਼ ਕਰਦੀ ਹੈ, ਉੱਥੇ ਪੰਜਾਬੀ ਨਾਰੀ ਦੀਆਂ ਦਮਿਤ ਖ਼ਾਹਿਸ਼ਾਂ ਅਤੇ ਭਾਵਨਾਵਾਂ ਨੂੰ ਵੀ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟਾਉਂਦੀ ਹੈ। ਉਸ ਦੀਆਂ ਕਹਾਣੀਆਂ ਵਿਚਲੀਆਂ ਔਰਤ ਪਾਤਰਾਂ ਪਿੱਤਰਕੀ ਸਮਾਜ-ਸਭਿਆਚਾਰ ਦੁਆਰਾ ਨਿਰਧਾਰਿਤ ਮਰਿਆਦਾਵਾਂ ਦੇ ਦਾਇਰਿਆਂ ਵਿੱਚ ਵਿਚਰਦੀਆਂ ਆਪਣੀਆਂ ਅਧੂਰੀਆਂ ਖ਼ਾਹਿਸ਼ਾਂ, ਚਾਵਾਂ, ਰੀਝਾਂ, ਸੁਪਨਿਆਂ ਦੀ ਪੀੜ ਨੂੰ ਮਹਿਸੂਸ ਤਾਂ ਕਰਦੀਆਂ ਹਨ ਪਰ ਉਹ ਸਾਮੰਤਕੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਦੀ ਬਜਾਇ ਪ੍ਰਾਪਤ ਪ੍ਰਸਥਿਤੀਆਂ ਨਾਲ ਸਮਝੌਤਾ ਕਰਦੀਆਂ ਹੋਈਆਂ ਨਿਰੰਤਰ ਮਾਨਸਿਕ ਸੰਤਾਪ ਹੰਢਾਉਂਦੀਆਂ ਹਨ।

ਬੁਸ਼ਰਾ ਏਜਾਜ਼ 'ਕਤਰਨਾਂ ਤੋਂ ਬਣੀ ਔਰਤ' ਅਤੇ 'ਗੰਡੋਏ' ਕਹਾਣੀਆਂ ਵਿੱਚ ਪਿੱਤਰਕੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਜ਼ਿੰਦਗੀ ਨੂੰ ਭਰਪੂਰਤਾ ਸਹਿਤ ਮਾਨਣ ਦੀ ਇੱਛਾ ਅਤੇ ਇਸ ਇੱਛਾ ਦੇ ਅਧੂਰੇਪਣ ਕਾਰਨ ਸਰੀਰਕ, ਮਾਨਸਿਕ ਸੰਤਾਪ ਭੋਗਣ ਲਈ ਮਜ਼ਬੂਰ ਔਰਤ ਦੇ ਅੰਤਰੀਵੀ ਦੁਖਾਂਤ ਨੂੰ ਪੇਸ਼ ਕਰਦੀ ਹੈ। 'ਕਤਰਨਾਂ ਤੋਂ ਬਣੀ ਔਰਤ' ਕਹਾਣੀ ਵਿਚਲੀ ਮੁੱਖ ਪਾਤਰ ਬਾਨੋ ਆਪਣੇ ਪਤੀ ਅਰਸ਼ਦ ਨੂੰ

ਬੇਹੱਦ ਪਿਆਰ ਕਰਦੀ ਹੈ ਅਤੇ ਉਸਨੂੰ ਪੂਰੀ ਤਰ੍ਹਾਂ ਸਮਰਪਿਤ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਬਾਨੋ ਦੇ ਪਤੀ ਅਰਸ਼ਦ ਨੂੰ ਨਾ ਆਪਣੀ ਪਤਨੀ ਦੀ ਆਪਣੇ ਪ੍ਰਤੀ ਮੁਹੱਬਤ ਦਿਖਾਈ ਦਿੰਦੀ ਹੈ ਅਤੇ ਨਾ ਹੀ ਉਸਦੀ ਰਿਸ਼ਤੇ ਪ੍ਰਤੀ ਪ੍ਰਤੀਬੱਧਤਾ ਅਤੇ ਸੰਵੇਦਨਸ਼ੀਲਤਾ ਨਜ਼ਰ ਆਉਂਦੀ ਹੈ। ਬਾਨੋ ਆਪਣੇ ਪਤੀ ਦੇ ਕੁਰੱਖਤ ਅਤੇ ਬੇਰੁੱਖੇ ਵਿਵਹਾਰ ਪ੍ਰਤੀ ਕੋਈ ਇਤਰਾਜ਼ ਨਹੀਂ ਜਤਾਉਂਦੀ ਸਗੋਂ ਬੜੀ ਸੁਹਿਰਦਤਾ ਨਾਲ ਉਸ ਦੀਆਂ ਸਭ ਜ਼ਰੂਰਤਾਂ ਦਾ ਖਿਆਲ ਰੱਖਦੀ ਹੈ। ਉਹ ਅੰਦਰੇ-ਅੰਦਰ ਭਾਵੇਂ ਕੁਲਝਦੀ ਰਹਿੰਦੀ ਹੈ ਪਰ ਜਾਹਰਾ ਤੌਰ 'ਤੇ ਘਰ ਵਿੱਚ ਕਿਸੇ ਜੀਅ ਨੂੰ ਆਪਣੀ ਭਟਕਣਾ ਦਾ ਅਹਿਸਾਸ ਤੱਕ ਨਹੀਂ ਹੋਣ ਦੇਣਾ ਚਾਹੁੰਦੀ। ਪ੍ਰੰਤੂ ਮਨੋਵਿਗਿਆਨ ਦੀ ਪੜ੍ਹਾਈ ਕਰ ਰਿਹਾ ਉਸਦਾ ਦਿਉਰ ਹਾਮਿਦ ਮੀਆਂ ਜਦੋਂ ਭਾਬੀ ਬਾਨੋ ਅਤੇ ਭਾਈ ਅਰਸ਼ਦ ਦੇ ਪਤੀ-ਪਤਨੀ ਸੰਬੰਧਾਂ ਨੂੰ ਘੋਖਦਾ ਹੈ ਤਾਂ ਉਸਨੂੰ ਬਾਨੋ ਦੀ ਉੱਥਲ-ਪੁੱਥਲ ਮਾਨਸਿਕ ਸਥਿਤੀ ਦਾ ਅੰਦਾਜ਼ਾ ਹੁੰਦਾ ਹੈ। ਭਾਬੀ ਬਾਨੋ ਜਿਹੜੀ ਕਿ ਸਰੀਰਕ ਅਤੇ ਮਾਨਸਿਕ ਰੂਪ ਵਿੱਚ ਵਿੱਥ 'ਤੇ ਵਿਚਰ ਰਹੇ ਆਪਣੇ ਪਤੀ ਅਰਸ਼ਦ ਦੇ ਪਿਆਰ ਤੋਂ ਸੱਖਣੀ ਕਤਰਨਾਂ ਕੱਟ-ਕੱਟ ਕੇ ਢੇਰ ਲਾ ਦਿੰਦੀ ਹੈ, ਆਪਣੇ ਦਿਉਰ ਹਾਮਿਦ ਦੇ ਕਹਿਣ 'ਤੇ ਵੀ ਪਤੀ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਤੋਂ ਇਨਕਾਰ ਕਰ ਦਿੰਦੀ ਹੈ :

> 'ਜਦੋਂ ਮੈਂ ਪੂਰੀ ਦੀ ਪੂਰੀ ਉਨ੍ਹਾਂ ਦੇ ਸਾਹਮਣੇ ਮੌਜੂਦ ਹਾਂ ਫਿਰ ਕਹਿਣ ਨਾਲ ਕੀ ਹੋਣਾ ਏ? ਉਂਜ ਵੀ ਹੋਂਦ ਦੱਸਣ ਜਾਂ ਜਤਾਉਣ ਨਾਲ ਨਹੀਂ ਬਲਕਿ ਅੰਦਰੋਂ ਮਹਿਸੂਸ ਕਰਨ ਵਾਲੀ ਚੀਜ਼ ਹੈ, ਬੰਦ ਦਰਵਾਜ਼ੇ ਖੋਲ੍ਹਣੇ ਪੈਂਦੇ ਹਨ ਅਤੇ ਸ਼ਾਇਦ ਤੁਹਾਡੇ ਭਾਈ ਦੇ ਦਰਵਾਜ਼ੇ ਅਜੇ ਤੱਕ ਖੁੱਲ੍ਹੇ ਨਹੀਂ।'[103]

ਬਾਨੋ ਭਾਬੀ ਇੱਥੇ ਇਕ ਚੇਤੰਨ ਔਰਤ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਸਨੂੰ ਆਪਣੀ ਸੁਤੰਤਰ ਹੋਂਦ ਦਾ ਵੀ ਗਿਆਨ ਹੈ ਅਤੇ ਆਪਣੇ ਪਤੀ ਅਰਸ਼ਦ ਵੱਲੋਂ ਪਤਨੀ ਰੂਪ ਵਿੱਚ ਉਸਦੀ ਹੋਂਦ ਨੂੰ ਨਕਾਰੇ ਹੋਣ ਦੀ ਸਥਿਤੀ ਦਾ ਵੀ ਅਹਿਸਾਸ ਹੈ। ਉਹ ਪਤੀ ਦੇ ਪਿਆਰ ਲਈ ਉਸਦੇ ਸਾਹਮਣੇ ਗਿੜਗਿੜਾਉਂਦੀ ਨਹੀਂ ਬਲਕਿ ਆਪਣੇ ਪੱਧਰ 'ਤੇ ਉਸ ਨਾਲ ਰਿਸ਼ਤਾ ਜੋੜੀ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਕਹਾਣੀ ਦੇ ਅੰਤ ਵਿੱਚ ਜਦੋਂ ਉਸਨੂੰ ਇਹ ਪਤਾ ਲੱਗਦਾ ਹੈ ਕਿ ਉਸਦਾ ਪਤੀ ਗੌਹਰ ਖ਼ਾਤੂਨ ਨਾਂ ਦੀ ਔਰਤ ਨੂੰ ਬੇਹੱਦ ਪਿਆਰ ਕਰਦਾ ਹੈ ਤਾਂ ਉਪਭਾਵੁਕਤਾ ਦੀ ਸ਼ਿਕਾਰ ਹੋਏ ਬਿਨਾਂ ਉਹ ਪਤੀ ਨੂੰ ਤਲਾਕ ਦੇ ਕੇ ਹਮੇਸ਼ਾਂ ਲਈ ਘਰੋਂ ਚਲੀ ਜਾਂਦੀ ਹੈ। ਉਹ ਆਜ਼ਾਦ ਹੋ ਕੇ ਵੰਨ-ਸੁਵੰਨੀਆਂ ਕਤਰਨਾਂ ਤੋਂ ਚਮਕੀਲੇ ਬਟੂਏ ਬਣਾ ਕੇ ਵੇਚਦੀ ਹੈ। ਕਹਾਣੀ ਵਿੱਚ ਮੁੱਖ ਪਾਤਰ ਬਾਨੋ ਦੁਆਰਾ ਕੱਟੀਆਂ ਕਤਰਨਾਂ ਨੂੰ ਜੋੜ ਕੇ ਬਟੂਆ ਬਣਾ ਲੈਣਾ ਪ੍ਰਤੀਕਾਤਮਕ ਰੂਪ ਵਿੱਚ ਨਾਰੀ ਦੁਆਰਾ ਪਿਤਰਸੱਤਾਤਮਕ ਸਮਾਜਿਕ ਸੀਮਾਵਾਂ ਵਿੱਚੋਂ ਬਾਹਰ ਨਿਕਲ ਕੇ ਆਪਣੇ ਖਿੰਡੇ ਹੋਏ ਅਸਤਿਤਵ ਨੂੰ ਮੁੜ ਇਕੱਠਾ ਅਤੇ ਸੰਪੂਰਨ ਕਰ ਲੈਣ ਦਾ ਸੂਚਕ ਹੈ।

'ਗੰਡੋਏ' ਕਹਾਣੀ ਮੁੱਖ ਪਾਤਰ ਜੀਨਤ ਦੇ ਮਨੋਸੰਕਟ 'ਤੇ ਕੇਂਦਰਿਤ ਹੈ ਜਿਹੜੀ ਆਪਣੇ ਪਤੀ ਸੱਜਾਦ ਨਾਲ ਅਧੂਰੇ ਕਾਮ-ਸੰਬੰਧਾਂ ਕਾਰਨ ਸਰੀਰਕ, ਮਾਨਸਿਕ ਰੂਪ ਵਿੱਚ ਅਤ੍ਰਿਪਤ ਹੈ। ਮੁੱਖ ਪਾਤਰ ਜੀਨਤ ਸਰੀਰ ਅਤੇ ਰੂਹ ਦੇ ਪੱਖ ਤੋਂ ਮੁਕੰਮਲ ਔਰਤ ਹੈ ਜਿਹੜੀ ਪਤੀ ਪਾਸੋਂ ਭਰਪੂਰ ਰੂਪ ਵਿੱਚ ਕਾਮ ਸੁੱਖ ਦੀ ਤ੍ਰਿਪਤੀ ਕਰਨਾ ਲੋਚਦੀ ਹੈ। ਪ੍ਰੰਤੂ ਸਥਿਤੀ ਦਾ ਦੁਖਾਂਤ ਹੈ ਕਿ ਉਸਦਾ ਪਤੀ ਸੱਜਾਦ ਆਪਣੀ ਪਤਨੀ ਦੀ ਇਸ ਅੰਤਰੀਵੀ ਲੋੜ ਅਤੇ ਮਾਨਸਿਕ ਸਥਿਤੀ ਨੂੰ ਸਮਝਣ ਲਈ ਤਿਆਰ ਹੀ ਨਹੀਂ ਹੁੰਦਾ। ਉਸ ਲਈ ਸਿਰਫ਼ ਆਪਣੀ ਕਾਮ ਤ੍ਰਿਪਤੀ ਹੀ ਪ੍ਰਮੁੱਖ ਹੈ ਜਿਸਦੇ ਕਾਰਨ ਪਤਨੀ ਜੀਨਤ ਖ਼ੁਦ ਨੂੰ ਅਣਛੋਹਿਆਂ, ਅਣਗੌਲਿਆ ਮਹਿਸੂਸ ਕਰਦੀ ਹੈ। ਸੱਜਾਦ ਨਾਲ ਮਿਲਣ ਸਮੇਂ ਉਸ ਅੰਦਰਲੀ ਅਤ੍ਰਿਪਤ ਅਤੇ ਖਾਮੋਸ਼ ਨਾਰੀ ਤੜਪ ਉੱਠਦੀ ਹੈ :

'ਸੱਜਾਦ, ਮੈਨੂੰ ਛੂਹੋ, ਮੈਂ ਅਣਛੂਹੀ ਹਾਂ।
ਮੈਨੂੰ ਵੇਖੋ ਮੈਂ ਅਣਡਿੱਠੀ ਹਾਂ।'[104]

ਦਰਅਸਲ ਮਰਦ ਪ੍ਰਧਾਨ ਜਗੀਰਦਾਰੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਔਰਤ ਦੀ ਕਾਮ-ਭੁੱਖ ਨੂੰ ਮਨੁੱਖੀ ਲੋੜ ਵਜੋਂ ਦੇਖਣ ਦੀ ਬਜਾਇ ਸਦਾ ਹੀ ਮਰਦਾਵੀਂ ਲੋੜ ਦੀ ਪੂਰਤੀ ਵਜੋਂ ਦੇਖਿਆ ਜਾਂਦਾ ਹੈ। ਅਜਿਹੇ ਸਮਾਜਾਂ ਵਿੱਚ ਔਰਤ ਦੀ ਸਥਿਤੀ ਅਧੀਨ ਵਸਤ ਵਾਲੀ ਰਹਿੰਦੀ ਹੈ ਅਤੇ ਔਰਤ ਦੀ ਕਾਮ ਤ੍ਰਿਪਤੀ ਨੂੰ ਸ਼ਰਮ ਵਾਲੀ ਖ਼ਾਹਿਸ਼ ਵਜੋਂ ਦਰਸਾਇਆ ਜਾਂਦਾ ਹੈ। ਔਰਤ ਸਿੱਧੇ ਰੂਪ ਵਿੱਚ ਆਪਣੀ ਇਸ ਇੱਛਾ ਨੂੰ ਪਤੀ ਨਾਲ ਸਾਂਝਾ ਨਹੀਂ ਕਰ ਸਕਦੀ। ਕਹਾਣੀ ਦੀ ਮੁੱਖ ਪਾਤਰ ਜੀਨਤ ਦਾ ਦੁਖਾਂਤ ਵੀ ਇਹੀ ਹੈ ਕਿ ਉਹ ਆਪਣੀ ਕਾਮੁਕ ਅਤ੍ਰਿਪਤੀ ਨੂੰ ਤਾਂ ਪਛਾਣਦੀ ਹੈ ਪ੍ਰੰਤੂ ਆਪਣੇ ਪਤੀ ਨੂੰ ਬੇਝਿਜਕ ਹੋ ਕੇ ਆਪਣੇ ਅੰਦਰਲੇ ਅਧੂਰੇਪਣ ਦਾ ਅਹਿਸਾਸ ਕਰਨ ਤੋਂ ਅਸਮੱਰਥ ਹੈ ਜਿਸਦੇ ਫਲਸਰੂਪ ਉਹ ਮਾਨਸਿਕ ਤਣਾਉ ਦੀ ਸ਼ਿਕਾਰ ਹੋ ਜਾਂਦੀ ਹੈ।

ਰਿਫ਼ਅਤ ਦੀ 'ਬੱਤੀ ਵਾਲਾ ਚੌਂਕ' ਕਹਾਣੀ ਮੁੱਖ ਪਾਤਰ ਜ਼ੁਹਰਾਂ ਰਾਹੀਂ ਜਗੀਰਦਾਰੀ ਸਮਾਜਿਕ ਢਾਂਚੇ ਵਾਲੇ ਪਾਕਿਸਤਾਨੀ ਸਮਾਜ ਵਿੱਚ ਬਾਂਝ ਔਰਤ ਦੀ ਨਿਮਨ ਸਥਿਤੀ ਨੂੰ ਪੇਸ਼ ਕਰਦੀ ਹੈ। ਜ਼ੁਹਰਾਂ ਇਕ ਸਾਧਾਰਨ ਘਰੇਲੂ ਪੇਂਡੂ ਨਾਰੀ ਹੈ ਜਿਹੜੀ ਆਪਣੇ ਪਤੀ ਬਰਕਤ ਦੀ ਆਗਿਆਕਾਰ ਪਤਨੀ ਹੈ। ਉਹ ਜਦੋਂ ਨਵੀਂ ਵਿਆਹੀ ਆਈ ਸੀ ਤਾਂ ਉਸਦਾ ਪਤੀ ਬਰਕਤ ਉਸ ਨੂੰ ਬੇਹੱਦ ਪਿਆਰ ਕਰਦਾ, ਉਸਦੀਆਂ ਸਾਰੀਆਂ ਰੀਝਾਂ ਪੂਰੀਆਂ ਕਰਦਾ ਸੀ। ਸਥਿਤੀ ਦਾ ਦੁਖਾਂਤ ਇਹ ਹੈ ਕਿ ਜਦੋਂ ਜ਼ੁਹਰਾਂ ਵਿਆਹ ਦੇ ਪੰਜ ਸਾਲ ਬਾਅਦ ਵੀ ਮਾਂ ਨਾ ਬਣ ਸਕੀ ਤਾਂ ਔਲਾਦ ਸੁੱਖ ਤੋਂ ਵਾਂਝੀ ਜਿੱਥੇ ਖ਼ੁਦ ਮਾਨਸਿਕ ਤਣਾਉ ਵਿੱਚ ਰਹਿਣ ਲੱਗਦੀ ਹੈ, ਉੱਥੇ ਔਲਾਦ ਦੀ ਘਾਟ ਕਾਰਨ ਪਤੀ ਬਰਕਤ ਵੀ ਉਸ ਕੋਲੋਂ ਹੌਲੀ-ਹੌਲੀ ਦੂਰੀ ਬਣਾ ਲੈਂਦਾ ਹੈ। ਜ਼ੁਹਰਾਂ ਦੇ ਹਾਲਾਤ ਉਸ ਸਮੇਂ ਹੋਰ ਵੀ ਬੱਦਤਰ ਹੋ ਜਾਂਦੇ ਹਨ ਜਦੋਂ ਬਰਕਤ ਉਸ ਦੀ ਸਹਿਮਤੀ ਲਏ ਬਿਨਾਂ ਦੂਸਰਾ

ਵਿਆਹ ਕਰਵਾ ਲੈਂਦਾ ਹੈ। ਜਿਉਂ-ਜਿਉਂ ਬਰਕਤ ਦੀ ਦੂਸਰੀ ਪਤਨੀ ਇੱਕ ਤੋਂ ਬਾਅਦ ਇਕ ਬੱਚੇ ਨੂੰ ਜਨਮ ਦਿੰਦੀ ਗਈ ਤਿਉਂ-ਤਿਉਂ ਘਰ ਵਿੱਚ ਜ਼ੁਹਰਾਂ ਫਾਲਤੂ ਵਸਤ ਬਣਦੀ ਗਈ ਤੇ ਇੱਕ ਦਿਨ ਪਤੀ ਬਰਕਤ ਦੁਆਰਾ ਉਹ ਘਰੋਂ ਬਾਹਰ ਸੁੱਟ ਦਿਤੀ ਗਈ :

> "ਤੇਰਾ ਪੇਕਾ ਹੈ ਕੋਈ ਨਹੀਂ, ਮੇਰੇ ਘਰ ਵਿੱਚ ਤੇਰੀ ਥਾਂ ਕੋਈ ਨਹੀਂ ਏਸ ਲਈ ਤੂੰ ਏਸ ਥਾਂ ਆਪਣਾ ਡੇਰਾ ਬਣਾਕੇ ਬਹਿ ਜਾ।"[105]

ਕਹਾਣੀਕਾਰ ਮੁੱਖ ਪਾਤਰ ਜ਼ੁਹਰਾ ਦੀ ਪਤਨੀ ਵਜੋਂ ਉਪਰੋਕਤ ਦੁਖਾਂਤਕ ਸਥਿਤੀ ਰਾਹੀਂ ਜਗੀਰਦਾਰੀ ਸਮਾਜਿਕ ਪ੍ਰਬੰਧ ਦੇ ਉਸ ਕਠੋਰ ਯਥਾਰਥ ਨੂੰ ਰੂਪਮਾਨ ਕਰਦੀ ਹੈ ਜਿੱਥੇ ਔਰਤ (ਪਤਨੀ) ਸਿਰਫ਼ ਆਪਣੇ ਪਤੀ ਲਈ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਦੀ ਨਿਆਈਂ ਹੈ। ਔਰਤ (ਪਤਨੀ) ਦੀ ਆਪਣੀ ਸੁਤੰਤਰ ਹੋਂਦ ਦੇ ਕੋਈ ਅਰਥ ਨਹੀਂ। ਜੇਕਰ ਉਹ ਆਪਣੇ ਪਤੀ ਦੀ ਪੀੜ੍ਹੀ ਨੂੰ ਚਲਦਾ ਰੱਖਣ ਵਿੱਚ ਸਹਾਇਕ ਨਹੀਂ ਹੁੰਦੀ ਤਾਂ ਅਜਿਹੀ ਬਾਂਝ ਔਰਤ ਦੀ ਪਤੀ ਦੇ ਘਰ ਵਿੱਚ ਨਾ ਤਾਂ ਕੋਈ ਜਗ੍ਹਾ ਹੁੰਦੀ ਹੈ ਅਤੇ ਨਾ ਹੀ ਕੋਈ ਲੋੜ। ਮਰਦ ਜਦੋਂ ਜੀਅ ਚਾਹੇ ਆਪਣੀ ਪਤਨੀ (ਦਾਸੀ) ਨੂੰ ਘਰੋਂ ਕੱਢ ਸਕਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਔਰਤ ਆਪਣੇ ਨਾਲ ਹੋਏ ਅਨਿਆਂ ਲਈ ਪਤੀ ਦੀ ਵਿਰੋਧਤਾ ਵੀ ਨਹੀਂ ਕਰ ਸਕਦੀ ਕਿਉਂਕਿ ਜਾਗੀਰਦਾਰੀ ਸਮਾਜ ਦਾ ਸਮੁੱਚਾ ਨਿਆਂਇਕ, ਸਮਾਜਿਕ, ਧਾਰਮਿਕ, ਰਾਜਸੀ ਢਾਂਚਾ ਮਰਦ ਦੇ ਹੱਕ ਵਿੱਚ ਭੁਗਤਦਾ ਹੋਇਆ ਔਰਤ ਨੂੰ ਹਾਸ਼ੀਏ 'ਤੇ ਰਹਿਣ ਮਜ਼ਬੂਰ ਕਰ ਦਿੰਦਾ ਹੈ। ਇਸੇ ਕਰਕੇ ਕਹਾਣੀ ਵਿੱਚ ਮੁੱਖ ਪਾਤਰ ਜ਼ੁਹਰਾਂ ਆਪਣੇ ਨਾਲ ਹੋਈ ਜ਼ਿਆਦਤੀ ਬਦਲੇ ਆਪਣੇ ਪਤੀ ਦੀ ਵਿਰੋਧਤਾ ਕਰਨ ਦੀ ਬਜਾਇ ਡੇਰੇ 'ਤੇ ਧਮਾਲ ਪਾਉਣ ਲੱਗਦੀ ਹੈ। ਡੇਰੇ ਤੇ ਪੀਰ ਦਾ ਰੂਪ ਧਾਰ ਕੇ ਬੈਠੀ ਜ਼ੁਹਰਾਂ ਇੱਕ ਪਾਸੇ ਔਲਾਦ ਦੀ ਸੁੱਖਣਾ ਮੰਗਣ ਆਈਆਂ ਔਰਤਾਂ ਦੀਆਂ ਝੋਲੀਆਂ ਭਰਨ ਦਾ ਪ੍ਰਪੰਚ ਕਰਦੀ ਹੈ ਅਤੇ ਦੂਜੇ ਪਾਸੇ ਉਹ ਆਪਣੀ ਵਸਤੂ ਬਣ ਚੁੱਕੀ ਹੋਂਦ ਕਾਰਨ ਮਾਨਸਿਕ ਸੰਤਾਪ ਹੰਢਾਉਂਦੀ ਹੋਈ ਤਣਾਉ ਵਿੱਚ ਘਿਰ ਜਾਂਦੀ ਹੈ।

ਅਜ਼ਰਾ ਵਕਾਰ ਦੀ 'ਐਵੇਂ ਗੁਜ਼ਰੀ ਰਾਤ ਖੇਡਣ ਨਾ ਥੀਆ' ਕਹਾਣੀ ਮਰਦ ਪ੍ਰਧਾਨ ਪਾਕਿਸਤਾਨੀ ਸਮਾਜ ਵਿੱਚ ਧਰਮ, ਕਾਨੂੰਨ ਅਤੇ ਸਮਾਜ-ਸਭਿਆਚਾਰ ਵੱਲੋਂ ਮਰਦ ਨੂੰ ਦਿੱਤੇ ਵਿਸ਼ੇਸ਼ ਅਧਿਕਾਰਾਂ ਕਾਰਨ ਉਸਦੀ ਅਧੀਨਗੀ ਹੇਠ ਰਹਿਣ ਲਈ ਮਜ਼ਬੂਰ ਨਾਰੀ ਦੀ ਹਾਸ਼ੀਆਕ੍ਰਿਤ ਸਥਿਤੀ ਨੂੰ ਦਰਸਾਉਂਦੀ ਹੈ। ਕਹਾਣੀ ਵਿੱਚ ਪਾਤਰ ਬਾਨੋ ਆਪਣੇ ਜਗੀਰੂ ਪ੍ਰਵਿਰਤੀ ਵਾਲੇ ਮਰਦ ਪਤੀ ਦੇ ਘਰ ਵਿੱਚ ਗ਼ੁਲਾਮੀ ਭਰੀ ਸਥਿਤੀ ਵਿੱਚ ਜਿਉਂ ਰਹੀ ਅਜਿਹੀ ਔਰਤ ਹੈ ਜਿਸਦਾ ਨਾ ਤਾਂ ਕੋਈ ਆਪਣਾ ਸੁਤੰਤਰ ਵਜੂਦ ਹੈ ਅਤੇ ਨਾ ਹੀ ਕੋਈ ਪਛਾਣ। ਸਾਮੰਤੀ ਮਾਨਸਿਕਤਾ ਵਾਲੇ ਪਤੀ ਦੀਆਂ ਨਜ਼ਰਾਂ ਵਿੱਚ ਪਾਤਰ ਬਾਨੋ ਮਹਿਜ ਇਕ ਵਸਤੂ ਦੀ ਨਿਆਈਂ ਹੈ ਜਿਸ ਦੀਆਂ ਰੀਝਾਂ, ਖ਼ਾਹਿਸ਼ਾਂ ਅਤੇ ਖ਼ੁਸ਼ੀਆਂ ਦਾ ਕੋਈ ਅਰਥ ਨਹੀਂ। ਪਤੀ ਦੇ ਘਰ ਦਾਸੀ ਬਣ ਕੇ ਜਿਉਂ ਰਹੀ

ਪਾਤਰ ਬਾਨੋ ਆਪਣੀ ਗੌਣ ਸਥਿਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

> ਉਹਨੂੰ ਲਗਦਾ ਉਹ ਇਕ ਫਾਲਤੂ ਪੁਰਜ਼ਾ ਹੈ, ਜੇਹੜਾ ਹੰਢ ਹੰਢ ਕੇ ਨਕਾਰਾ ਹੋ ਗਿਆ ਏ।[106]

ਆਪਣੀ ਜ਼ਿੰਦਗੀ ਦੇ ਵੀਹ ਵਰ੍ਹੇ ਬੇਪਛਾਣ, ਬੇਵਜੂਦ ਹੋਂਦ ਵਜੋਂ ਗੁਜਾਰਨ ਉਪਰੰਤ ਜਦੋਂ ਬਾਨੋ ਨੂੰ ਆਪਣੀ ਨਿਮਨ ਸਥਿਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਪਤੀ ਦੇ ਜਗੀਰੂ ਵਿਵਹਾਰ ਨੂੰ ਪ੍ਰਸ਼ਨ ਚਿੰਨਤ ਕਰਦੀ ਹੈ। ਪ੍ਰੰਤੂ ਪਤੀ ਦੀ ਮਰਦਾਵੀਂ ਹਉਂ ਨੂੰ ਲਲਕਾਰਨ ਵਾਲੀ ਬਾਨੋ ਉਸ ਸਮੇਂ ਧੁਰ ਅੰਦਰ ਤੱਕ ਡੰਜੋੜੀ ਜਾਂਦੀ ਹੈ ਜਦੋਂ ਇਸ ਹਿਮਾਕਤ ਦੇ ਬਦਲੇ ਪਤੀ ਉਸਨੂੰ ਤਲਾਕ ਦੇਣ ਦੀ ਧਮਕੀ ਦੇ ਦਿੰਦਾ ਹੈ। ਕਹਾਣੀਕਾਰ ਪਾਤਰ ਬਾਨੋ ਦੀ ਮਨੋਸਥਿਤੀ ਨੂੰ ਇਸ ਤਰ੍ਹਾਂ ਬਿਆਨਦੀ ਹੈ:

> ਤਲਾਕ ਦਾ ਲਫ਼ਜ਼ ਉਹਦੇ ਚਾਰ ਚੁਫੇਰੇ ਖਿੱਲਰ ਗਿਆ। ਉਹਦੀ ਮੰਜੀ ਹੇਠ, ਉਹਦੇ ਸਿਰਹਾਣੇ ਥੱਲਿਓਂ, ਉਹਦੀਆਂ ਸੋਚਾਂ ਵਿੱਚੋਂ ਨਿਕਲ ਨਿਕਲ ਕੇ ਏਆ ਲਫ਼ਜ਼ ਉਹਨੂੰ ਹਲੂਣਦਾ ਰਹਿਆ।[107]

ਕਹਾਣੀਕਾਰ ਇਸਲਾਮ ਧਰਮ ਦੇ ਉਸ ਨਾਰੀ ਵਿਰੋਧੀ ਪੱਖ ਨੂੰ ਸਾਹਮਣੇ ਲਿਆਉਂਦੀ ਹੈ ਜਿਹੜਾ ਮਰਦ ਨੂੰ ਚਾਰ ਨਿਕਾਹ ਕਰਨ ਦਾ ਅਧਿਕਾਰ ਦਿੰਦਾ ਹੈ। ਮਰਦ ਪਤੀ ਵੱਲੋਂ ਦੂਸਰੇ, ਤੀਸਰੇ ਨਿਕਾਹ ਦਾ ਡਰ ਅਤੇ ਤਲਾਕ ਦਾ ਭੈਅ ਜਿੱਥੇ ਔਰਤ ਨੂੰ ਨਿਰੰਤਰ ਮਰਦ ਪਤੀ ਦੀ ਗ਼ੁਲਾਮ ਬਣ ਕੇ ਰਹਿਣ ਲਈ ਮਜ਼ਬੂਰ ਕਰਦਾ ਹੈ, ਉੱਥੇ ਸਰਵਉੱਚਤਾ ਦਾ ਅਹਿਸਾਸ ਮਰਦ ਨੂੰ ਔਰਤ ਉੱਪਰ ਆਪਣਾ ਅਧਿਕਾਰ ਜਮਾਈ ਰੱਖਣ ਦੀ ਖੁੱਲ੍ਹ ਦਿੰਦਾ ਹੈ।

ਜਾਗੀਰਦਾਰੀ ਕਦਰਾਂ-ਕੀਮਤਾਂ ਵਾਲੇ ਪਿੱਤਰਸੱਤਾਤਮਕ ਸਮਾਜਾਂ ਵਿੱਚ ਵਿਆਹ ਪ੍ਰਬੰਧ ਦੇ ਅਹਿਦਨਾਮੇ ਹੇਠ ਪਤੀ ਵੱਲੋਂ ਪਤਨੀ ਨਾਲ ਕੀਤੇ ਜਬਰੀ ਸਹਿਵਾਸ ਨੂੰ ਗੁਨਾਹ ਨਹੀਂ ਮੰਨਿਆ ਜਾਂਦਾ ਕਿਉਂਕਿ ਅਜਿਹੇ ਪ੍ਰਬੰਧਾਂ ਵਿੱਚ ਪਤਨੀ ਆਪਣੇ ਪਤੀ ਦੀ ਦਾਸੀ ਹੈ, ਉਸਦੀ ਖ਼ਿਦਮਤਦਾਰ ਹੈ। ਪਤੀ ਆਪਣੀ ਸਰੀਰਕ, ਮਾਨਸਿਕ ਤ੍ਰਿਪਤੀ ਲਈ ਅਤੇ ਕਈ ਵਾਰ ਮਹਿਜ ਆਪਣੀ ਮਰਦਾਵੀਂ ਹਉਂ ਦੀ ਪੂਰਤੀ ਤਹਿਤ ਪਤਨੀ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਉਸ ਨਾਲ ਜਬਰਦਸਤੀ ਕਰਦਾ ਅਮਾਨਵੀ ਰੂਪ ਅਖਤਿਆਰ ਕਰ ਲੈਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਪਿੱਤਰਸੱਤਾਤਮਕ ਸਮਾਜ ਵਿੱਚ ਇਸ ਤਸ਼ੱਦਦ ਨੂੰ ਗੁਨਾਹ ਵਜੋਂ ਨਹੀਂ ਦੇਖਿਆ ਜਾਂਦਾ ਅਤੇ ਔਰਤ ਕੋਲੋਂ ਵੀ ਇਹ ਤਵੱਕੋਅਤ ਕੀਤੀ ਜਾਂਦੀ ਹੈ ਕਿ ਉਹ ਪਤੀ-ਪਤਨੀ ਸੰਬੰਧਾਂ ਵਿਚਲੇ ਇਸ ਨਿੱਜੀ ਭੇਤ ਦਾ ਇਜ਼ਹਾਰ ਨਾ ਕਰੇ। ਤੌਕੀਰ ਚੁਗ਼ਤਾਈ ਦੀ ਕਹਾਣੀ 'ਬਲਾਤਕਾਰ' ਪਤੀ ਵੱਲੋਂ ਪਤਨੀ ਨਾਲ ਕੀਤੇ ਜਾਂਦੇ ਨਿਰੰਤਰ ਜਬਰੀ ਭੋਗ ਦੇ ਫਲਸਰੂਪ ਪਤਨੀ ਅੰਦਰ ਪਤੀ ਦੇ ਇਸ ਅਮਾਨਵੀ

ਵਿਵਹਾਰ ਖਿਲਾਫ਼ ਪੈਦਾ ਹੋਏ ਰੋਸ ਅਤੇ ਉਸਦੇ ਇਸ ਰੋਸ ਤੇ ਵਿਦਰੋਹ ਦੇ ਸਿੱਟੇ ਵਜੋਂ ਪੈਦਾ ਹੋਈਆਂ ਪ੍ਰਸਥਿਤੀਆਂ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਪਰਵੀਨ ਜਿਹੜੀ ਕਿ ਇਕ ਪੜ੍ਹੀ-ਲਿਖੀ ਔਰਤ ਹੈ, ਆਪਣੇ ਪਤੀ ਫ਼ਕੀਰੇ ਖਿਲਾਫ਼ ਸ਼ਿਕਾਇਤ ਲੈ ਕੇ ਮਸੀਤ ਦੇ ਮੌਲਵੀ ਕੋਲ ਜਾਂਦੀ ਹੈ ਕਿਉਂਕਿ ਉਸਨੂੰ ਜਪਾਦਾ ਹੈ ਕਿ ਉਸਦਾ ਪਤੀ ਫ਼ਕੀਰਾ ਪਿਛਲੇ ਕਈ ਵਰ੍ਹਿਆਂ ਤੋਂ ਉਸ ਨਾਲ ਬਲਾਤਕਾਰ ਕਰ ਰਿਹਾ ਹੈ। ਪਰਵੀਨ ਦੀ ਪਤਨੀ ਵਜੋਂ ਇਹ ਤਕਰੀਰ ਸੁਣ ਕੇ ਜਿੱਥੇ ਮੌਲਵੀ ਹੈਰਾਨ ਹੋ ਜਾਂਦਾ ਹੈ, ਉੱਥੇ ਪਤੀ (ਮਰਦ) ਦੇ ਵਿਵਹਾਰ ’ਤੇ ਸਵਾਲੀਆ ਚਿੰਨ੍ਹ ਲਾਉਣ ਵਾਲੀ ਉਸ ਔਰਤ ਨੂੰ ਜਿਹਨੀ ਤੌਰ ’ਤੇ ਬਿਮਾਰ ਸਮਝ ਕੇ ਧਰਮ ਅਤੇ ਕਾਨੂੰਨ ਦੇ ਹਵਾਲੇ ਨਾਲ ਸਮਝਾਉਂਦਾ ਹੋਇਆ ਉਸਨੂੰ ਆਪਣੀ ਆਵਾਜ਼ ਬੰਦ ਕਰਨ ਦੀ ਸਖ਼ਤ ਹਦਾਇਤ ਦਿੰਦਾ ਹੈ :

> ਬੀਬੀ! ਜਦੋਂ ਕਾਨੂੰਨ ਤੇ ਮਜ਼੍ਹਬ ਰਲ ਕੇ ਦੂਜਿਆਂ ਦੀ ਕਿਸਮਤ ਦਾ ਫ਼ੈਸਲਾ ਕਰਦੇ ਨੇ ਤਾਂ ਉਨ੍ਹਾਂ ਨੂੰ ਇਕਮਿਕ ਹੋ ਕੇ ਰਹਿਣਾ ਪੈਂਦਾ ਏ। ਉਹ ਜਿਹੜਾ ਵੀ ਕੰਮ ਕਰਦੇ ਨੇ, ਰੱਬ ਤੇ ਕਾਨੂੰਨ ਦੀ ਮਰਜ਼ੀ ਤੇ ਰਜ਼ਾ ਨਾਲ ਕਰਦੇ ਨੇ। ਤੇ ਜਿਹਨੂੰ ਤੂੰ ਬਲਾਤਕਾਰ ਪਈ ਆਖਦੀ ਏਂ, ਉਹ ਬਲਾਤਕਾਰ ਨ੍ਹੀਂ ਔਰਤ ਤਾਂ ਮਰਦ ਦੀ ਖੇਤੀ ਹੋਂਦੀ ਏ...
>
> ...ਉਹ ਮਰਦ ਦੀ ਮਲਕੀਅਤ ਹੋਂਦੀ ਏ,
>
> ...ਤੇ ਬੰਦਾ ਜਦੋਂ ਆਪਣੀ ‘ਜਾਇਦਾਦ’ ਤੇ ਹਲ ਵਾਹੁੰਦਾ ਏ ਤਾਂ ਉਹ ਕੋਈ ਮਾੜਾ ਨ੍ਹੀਂ ਕਰਦਾ।[108]

ਦਰਅਸਲ ਜਾਗੀਰਦਾਰੀ ਪ੍ਰਬੰਧ ਵਿੱਚ ਧਰਮ ਅਤੇ ਕਾਨੂੰਨ ਇਕਮਿਕ ਹੋ ਕੇ ਚਲਦੇ ਹੋਏ ਪਿੱਤਰਸੱਤਾ ਨੂੰ ਪੱਕਿਆਂ ਕਰਨ ਦਾ ਕਾਰਜ ਕਰਦੇ ਹਨ। ਇਸ ਸਮਾਜਿਕ, ਰਾਜਨੀਤਕ ਸਿਸਟਮ ਵਿੱਚ ਹਰ ਧਾਰਮਿਕ ਸੰਦੇਸ਼ (ਫਤਵਾ) ਕਾਨੂੰਨ ਦਾ ਦਰਜਾ ਰੱਖਦਾ ਹੈ ਅਤੇ ਇਸਨੂੰ ਕੋਈ ਚੈਲੰਜ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ। ਜਾਗੀਰਦਾਰੀ ਸਾਮੰਤਕੀ ਢਾਂਚੇ ਵਾਲੇ ਸਮਾਜ ਦਾ ਧਰਮ ਔਰਤ ਨੂੰ ਸਮਰਪਣਸ਼ੀਲ, ਆਗਿਆਕਾਰ, ਸੰਜਮੀ, ਸੁਸ਼ੀਲ ਬਣਨ, ਤਿਆਗ ਅਤੇ ਬਲੀਦਾਨ ਦੇਣ ਅਤੇ ਆਪਣੇ ਮਾਲਕ (ਪਿਤਾ, ਭਰਾ, ਪਤੀ, ਪੁੱਤਰ) ਦੀ ਅਧੀਨਗੀ ਹੇਠ ਰਹਿਣ ਦੀ ਸਿੱਖਿਆ ਅਤੇ ਹਦਾਇਤ ਦਿੰਦਾ ਹੈ। ਜੇਕਰ ਕੋਈ ਔਰਤ ਧਾਰਮਿਕ ਕਾਨੂੰਨ ਦੁਆਰਾ ਨਿਰਧਾਰਿਤ ਦਾਇਰੇ ਨੂੰ ਤੋੜਦੀ ਹੋਈ ਆਪਣੀ ਵਿਅਕਤੀਗਤ ਹੋਂਦ ਨਾਲ ਜੁੜੇ ਮਸਲਿਆਂ ਨੂੰ ਉਠਾਉਂਦੀ ਹੈ ਤਾਂ ਅਜਿਹੀ ਔਰਤ ਨੂੰ ਸਜ਼ਾ ਦੀ ਭਾਗੀਦਾਰੀ ਮੰਨਿਆ ਜਾਂਦਾ ਹੈ। ਕਹਾਣੀ ਦੇ ਅੰਤ ਵਿੱਚ ਪਤੀ ਵੱਲੋਂ ਵਿਆਹ ਦੀ ਆੜ ਹੇਠ ਕੀਤੇ ਜਾ ਰਹੇ ਸਰੀਰਕ, ਮਾਨਸਿਕ ਸ਼ੋਸ਼ਣ ਦੇ

ਖ਼ਿਲਾਫ਼ ਆਵਾਜ਼ ਉਠਾਉਣ ਵਾਲੀ ਔਰਤ (ਪਤਨੀ) ਪਰਵੀਨ ਨੂੰ ਪਿੰਡੋਂ ਬਾਹਰ ਕੱਢਣ ਲਈ ਮੌਲਵੀ ਵੱਲੋਂ ਫ਼ਤਵਾ ਜਾਰੀ ਕੀਤਾ ਜਾਂਦਾ ਹੈ:

> ਮੇਰੇ ਭਿਰਾਓ! ਪਰਵੀਨ ਇਕ ਗ਼ਨਾਹਗਾਰ ਤੇ ਬਦਕਾਰ, ਸਗੋਂ ਬਦਕਿਰਦਾਰ ਔਰਤ ਹੈ, ਤੇ ਇਹ ਕੁਝ ਦਿਨ ਹੋਰ ਜੇ ਸਾਡੇ ਪਿੰਡ ਰਹਿ ਗਈ ਤਾਂ ਫਿਰ ਸਾਰਿਆਂ ਦੀਆਂ ਮਾਵਾਂ ਭੈਣਾਂ ਨੇ ਵੀ ਨ੍ਹੀਂ ਰਹਿਣਾ ਜੇ...[109]

ਕਹਾਣੀ ਦੇ ਅੰਤ ਵਿੱਚ ਧਰਮ, ਸਮੁੱਚੀ ਬਰਾਦਰੀ, ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਕੀ ਸੰਸਥਾਵਾਂ ਨੂੰ ਖ਼ਤਰਾ ਬਣਨ ਵਾਲੀ ਧਿਰ (ਔਰਤ) ਨੂੰ ਸਜ਼ਾ ਵਜੋਂ ਚਲ ਰਹੇ ਸਿਸਟਮ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ।

ਜ਼ਾਹਿਦਾ ਹਿਨਾ ਦੀ 'ਪਾਣੀਆਂ ਤੇ ਵਹਿੰਦੀ ਪਨਾਹ' ਕਹਾਣੀ ਪਾਕਿਸਤਾਨੀ ਸਮਾਜ-ਸਭਿਆਚਾਰ ਵਿੱਚ ਨਾਰੀ ਦੀ ਆਜ਼ਾਦੀ, ਨਾਰੀ ਹੱਕਾਂ ਦੀ ਗੱਲ ਕਰਨ ਵਾਲੀ ਨਾਰੀ ਸ਼ੋਸ਼ਣ ਦੀਆਂ ਪਰਤਾਂ ਨੂੰ ਉਧੇੜਨ ਵਾਲੀ ਮਜ਼ਬੂਤ, ਦਲੇਰ, ਚੇਤੰਨ ਪੱਤਰਕਾਰ ਕੁੜੀ ਪਾਤਰ ਕੁੰਦਨ ਹੁਸੈਨ ਦੇ ਸੰਘਰਸ਼ ਨੂੰ ਬਿਆਨ ਕਰਦੀ ਹੈ, ਜਿਸਨੂੰ ਧਰਮ ਦੇ ਕੱਟੜਪੰਥੀਆਂ, ਮੁਲਾਣਿਆਂ, ਸਰਮਾਏਦਾਰਾਂ, ਜਗੀਰਦਾਰਾਂ ਵੱਲੋਂ ਮਾਰਨ ਦੇ ਫਤਵੇ ਜਾਰੀ ਕੀਤੇ ਜਾਂਦੇ ਹਨ। ਪਰ ਆਪਣੇ ਖਿਲਾਫ਼ ਚੱਲ ਰਹੇ ਜਨਤਕ ਰੋਹ, ਵਿਦਰੋਹ ਦੇ ਬਾਵਜੂਦ ਅਤੇ ਮੌਤ ਦੇ ਡਰ ਅਤੇ ਭੈਅ ਦੇ ਮਾਹੌਲ ਵਿੱਚ ਵੀ ਉਹ ਹਾਰਦੀ ਨਹੀਂ ਸਗੋਂ ਨਾਰੀ ਦੇ ਮਾਨਵੀ ਅਧਿਕਾਰਾਂ ਲਈ ਆਪਣੀ ਲੜਾਈ ਨੂੰ ਹੋਰ ਵੀ ਹਿੰਮਤ ਨਾਲ ਅਤੇ ਵੱਡੇ ਪੱਧਰ 'ਤੇ ਲੜਨ ਦਾ ਨਿਸ਼ਚਾ ਕਰਦੀ ਹੈ।

ਉਪਰੋਕਤ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਤੋਂ ਇਲਾਵਾਂ ਹੋਰ ਬਾਰੇ ਸਾਰੇ ਔਰਤ-ਮਰਦ ਕਹਾਣੀਕਾਰਾਂ ਨੇ ਪਾਕਿਸਤਾਨੀ ਪੰਜਾਬੀ ਸਮਾਜ-ਸਭਿਆਚਾਰ ਵਿੱਚ ਵਿਚਰਦੀ ਨਾਰੀ ਦੀ ਸਥਿਤੀ, ਉਸਦੀਆਂ ਵਿਭਿੰਨ ਹੋਂਦਮੂਲਕ ਸਮੱਸਿਆਵਾਂ ਅਤੇ ਬਹੁਪੱਖੀ ਨਾਰੀ ਸਰੋਕਾਰਾਂ ਨੂੰ ਪੇਸ਼ ਕੀਤਾ ਹੈ। ਬਾਨੋ ਕੁਦੇਸੀਆ ਦੀ ਕਹਾਣੀ 'ਅੰਤਰ ਹੋਤ ਉਦਾਸੀ', ਸਾਯਰਾ ਹਾਸ਼ਮੀ ਦੀ 'ਤੇ ਉਹ ਕਾਲੀ ਹੋ ਗਈ', ਫਰਖੰਦਾ ਲੋਧੀ ਦੀ 'ਆਪੇ ਬਾਰ ਮੁਹੱਬਤ ਚਾਇਮੜ੍ਹੀ', ਸੀਮਾ ਪੀਰੋਜ਼ ਦੀ 'ਨਾ ਮਹਿਰਮ', ਆਇਸ਼ਾ ਅਸਲਮ ਦੀ ਕਹਾਣੀ 'ਕੱਚੀ ਮਿੱਟੀ ਦੀ ਖ਼ੁਸ਼ਬੋ' ਆਦਿ ਕਹਾਣੀਆਂ ਪਾਕਿਸਤਾਨ ਦੇ ਸਾਮੰਤਕੀ ਢਾਂਚੇ ਵਿੱਚ ਜੀਅ ਰਹੀ ਹਰ ਵਰਗ ਦੀ ਨਾਰੀ ਦੀ ਸਮਾਜ-ਸਭਿਆਚਾਰਕ, ਆਰਥਿਕ ਅਤੇ ਮਾਨਸਿਕ ਸਥਿਤੀ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹੋਈਆਂ ਪਾਕਿਸਤਾਨ ਦੇ ਪਿੱਤਰੀ ਸਮਾਜਿਕ ਢਾਂਚੇ ਦੇ ਨਾਰੀ ਵਿਰੋਧੀ ਰੂਪ ਦੀ ਤਸਵੀਰ ਪੇਸ਼ ਕਰਦੀਆਂ ਹਨ।

ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਪੇਸ਼ ਨਾਰੀ ਦੀ ਸਥਿਤੀ, ਸਮੱਸਿਆਵਾਂ, ਨਾਰੀ ਚੇਤਨਾ ਸੰਬੰਧੀ ਵਿਭਿੰਨ ਸਰੋਕਾਰਾਂ ਦੀ ਚਰਚਾ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀ

ਜਿੱਥੇ ਜਾਗੀਰਦਾਰੀ ਕਦਰਾਂ-ਕੀਮਤਾਂ ਵਾਲੇ ਮਰਦ ਪ੍ਰਧਾਨ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਨਾਰੀ ਦੀ ਨਿਮਨ, ਗੌਣ, ਦੁਜੈਲੀ ਅਤੇ ਹਾਸ਼ੀਆਕ੍ਰਿਤ ਸਥਿਤੀ ਨੂੰ ਉਜਾਗਰ ਕਰਦੀ ਹੈ, ਉੱਥੇ ਨਾਰੀ ਦੀਆਂ ਹੋਂਦਮੂਲਕ ਸਮੱਸਿਆਵਾਂ, ਉਸ ਦੀਆਂ ਅੰਤਰੀਵੀ ਰੀਝਾਂ, ਚਾਵਾਂ, ਅਕਾਂਖਿਆਵਾਂ ਨੂੰ ਵੀ ਬਾਖੂਬੀ ਚਿਤਰਦੀ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਜ਼ਿਆਦਾਤਰ ਔਰਤ ਪਾਤਰਾਂ ਪਾਕਿਸਤਾਨੀ ਸਮਾਜ-ਸਭਿਆਚਾਰ ਵਿੱਚ ਮੌਜੂਦ ਕੱਟੜ ਅਤੇ ਸੰਕੀਰਣ ਧਰਮ ਆਧਾਰਿਤ ਪ੍ਰੰਪਰਾਵਾਂ, ਧਾਰਣਾਵਾਂ, ਰਹੁ-ਰੀਤਾਂ, ਕਦਰਾਂ-ਕੀਮਤਾਂ ਅਤੇ ਮਰਦ ਪੱਖੀ ਦੋਹਰੇ ਮਾਪਦੰਡਾਂ ਕਾਰਨ ਪਿੱਤਰਸੱਤਾ ਅਤੇ ਮਰਦਸੱਤਾ ਹੱਥੋਂ ਸ਼ੋਸ਼ਿਤ ਹੁੰਦੀਆਂ ਹੋਈਆਂ ਵੀ ਆਪਣੇ ਨਾਲ ਹੁੰਦੀ ਜ਼ਿਆਦਤੀ ਖ਼ਿਲਾਫ਼ ਆਵਾਜ਼ ਉਠਾਉਣ ਤੋਂ ਕਤਰਾਉਂਦੀਆਂ ਨਜ਼ਰ ਆਉਂਦੀਆਂ ਹਨ। ਕੁਝ ਕਹਾਣੀਆਂ ਵਿੱਚ ਅਜਿਹੀਆਂ ਜਾਗਰੂਕ, ਚੇਤੰਨ, ਮਜ਼ਬੂਤ, ਦਲੇਰ ਔਰਤ ਪਾਤਰਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਹੜੀਆਂ ਧਾਰਮਿਕ ਕੱਟੜਵਾਦੀਆਂ, ਜਾਗੀਰਦਾਰਾਂ, ਸਾਮੰਤਵਾਦੀਆਂ ਦੁਆਰਾ ਔਰਤ ਨੂੰ ਮਰਦ ਦੇ ਭੈਅ, ਡਰ ਅਤੇ ਅਧੀਨਗੀ ਹੇਠ ਰਹਿਣ ਲਈ ਘੜੇ ਕਾਇਦੇ-ਕਾਨੂੰਨਾਂ 'ਤੇ ਜਿੱਥੇ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਹਨ, ਉੱਥੇ ਆਪਣੀ ਅਸਤਿਤਵੀ ਆਜ਼ਾਦੀ ਅਤੇ ਮਾਨਵੀ ਅਧਿਕਾਰਾਂ ਲਈ ਪਿੱਤਰਸੱਤਾ, ਧਰਮਸੱਤਾ ਅਤੇ ਮਰਦਸੱਤਾ ਨਾਲ ਟਕਰਾਉਣ ਦੀ ਹਿੰਮਤ ਕਰਦੀਆਂ ਦਿਖਾਈ ਦਿੰਦੀਆਂ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਰੀ ਚੇਤਨਤਾ ਦੇ ਦ੍ਰਿਸ਼ਟੀਕੋਣ ਤੋਂ ਲਿਖੀ ਜਾ ਰਹੀ ਭਾਰਤੀ ਕਹਾਣੀ ਦੇ ਖੇਤਰ ਵਿੱਚ ਸਮਕਾਲੀ ਪੰਜਾਬੀ ਕਹਾਣੀ ਨਾਰੀ ਦੇ ਬਹੁਭਾਂਤੀ ਅਤੇ ਜਟਿਲ ਅਸਤਿਤਵੀ ਮਸਲਿਆਂ ਅਤੇ ਵਿਭਿੰਨ ਨਾਰੀ ਸਰੋਕਾਰਾਂ ਨੂੰ ਗਹਿਰਾਈ ਅਤੇ ਕਲਾਤਮਕ ਢੰਗ ਨਾਲ ਪ੍ਰਗਟਾਉਂਦੀ ਹੋਈ ਆਪਣੀ ਇੱਕ ਵੱਖਰੀ ਅਤੇ ਮਹੱਤਵਪੂਰਨ ਪਛਾਣ ਸਥਾਪਿਤ ਕਰ ਰਹੀ ਹੈ। ਸਮਕਾਲੀ ਵਿਸ਼ਵ ਚਿੰਤਨ ਅਤੇ ਗਿਆਨ-ਵਿਗਿਆਨ ਦੇ ਸਨਮੁੱਖ ਇਹ ਕਹਾਣੀ ਵੱਖ-ਵੱਖ ਵਰਗਾਂ ਦੀ ਨਾਰੀ ਜਿਵੇਂ ਸ਼ਹਿਰਾਂ ਅਤੇ ਮਹਾਂਨਗਰਾਂ ਵਿੱਚ ਰਹਿਣ ਵਾਲੀ ਉੱਚ ਅਤੇ ਮੱਧਵਰਗੀ ਨਾਰੀ, ਪੇਂਡੂ ਪੰਜਾਬੀ ਸਮਾਜ-ਸਭਿਆਚਾਰ ਵਿੱਚ ਵਿਚਰ ਰਹੀ ਘਰੇਲੂ, ਸਾਧਾਰਨ, ਅਨਪੜ੍ਹ, ਪੜ੍ਹੀ-ਲਿਖੀ ਅਤੇ ਨੌਕਰੀਪੇਸ਼ਾ ਨਾਰੀ, ਦਲਿਤ ਅਤੇ ਨਿਮਨ ਵਰਗੀ ਨਾਰੀ, ਵਿਦੇਸ਼ੀ ਧਰਤੀ ਅਤੇ ਉਥੋਂ ਦੇ ਸਮਾਜ-ਸਭਿਆਚਾਰ ਦਾ ਹਿੱਸਾ ਬਣ ਚੁੱਕੀ ਪਰਵਾਸੀ ਪੰਜਾਬੀ ਨਾਰੀ ਦੀ ਸਥਿਤੀ ਅਤੇ ਬਹੁਪੱਖੀ ਸਮੱਸਿਆਵਾਂ ਨੂੰ ਉਹਨਾਂ ਦੇ ਵਿਸ਼ੇਸ਼ ਸਥਾਨ, ਸਮਾਜ ਅਤੇ ਦੇਸ਼ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ, ਪ੍ਰੰਪਰਾਵਾਂ, ਕਦਰਾਂ-ਕੀਮਤਾਂ, ਮਾਨਤਾਵਾਂ ਦੇ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਮੈਂ ਆਪਣੇ ਖੋਜ ਕਾਰਜ ਲਈ ਜਿਹਨਾਂ ਛੇ ਪ੍ਰਮੁੱਖ ਕਹਾਣੀਕਾਰਾਂ ਨੂੰ ਚੁਣਿਆ ਹੈ ਉਹਨਾਂ ਦੀਆਂ ਕਹਾਣੀਆਂ ਵੱਖ-ਵੱਖ ਵਰਗਾਂ ਦੀ ਨਾਰੀ ਨਾਲ ਸੰਬੰਧਿਤ ਬਹੁਪਰਤੀ, ਬਹੁਪੱਖੀ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ। ਨਿਰਮਲ

ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਸ਼ਹਿਰੀ, ਮਹਾਂਨਗਰੀ, ਉੱਚ ਅਤੇ ਮੱਧਵਰਗੀ ਨਾਰੀ ਦੇ ਹੋਂਦਮੂਲਕ ਸੰਕਟਾਂ, ਮਸਲਿਆਂ ’ਤੇ ਕੇਂਦਰਿਤ ਹੁੰਦੀਆਂ ਹੋਈਆਂ ਉਹਨਾਂ ਨੂੰ ਆਪਣੀਆਂ ਸਮਕਾਲੀ ਸਮਾਜ-ਸਭਿਆਚਾਰਕ ਸਥਿਤੀਆਂ ਅਤੇ ਗਲੋਬਲੀ ਪ੍ਰਸੰਗ ਨਾਲ ਜੋੜ ਕੇ ਪੇਸ਼ ਕਰਦੀਆਂ ਹਨ। ਬਚਿੰਤ ਕੌਰ ਅਤੇ ਅੰਮ੍ਰਿਤਪਾਲ ਕੌਰ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਪੇਂਡੂ ਪੰਜਾਬੀ ਸਮਾਜ-ਸਭਿਆਚਾਰ ਵਿੱਚ ਜੀਅ ਰਹੀ ਘਰੇਲੂ, ਸਾਧਾਰਨ ਨਾਰੀ ਤੋਂ ਲੈ ਕੇ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋ ਰਹੀ ਪੰਜਾਬੀ ਨਾਰੀ, ਦਲਿਤ ਅਤੇ ਹੇਠਲੇ ਤਬਕੇ ਨਾਲ ਸੰਬੰਧਿਤ ਨਾਰੀ ਦੀ ਸਥਿਤੀ ਅਤੇ ਉਸਦੀਆਂ ਅਸਤਿਤਵੀ ਸਮੱਸਿਆਵਾਂ ਨੂੰ ਚਿਤਰਨ ਤੱਕ ਫੈਲਿਆ ਹੋਇਆ ਹੈ। ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਪਰਵਾਸੀ ਪੰਜਾਬੀ ਨਾਰੀ ਦੀ ਹੋਂਦ-ਹਸਤੀ, ਸਥਿਤੀ, ਆਜ਼ਾਦੀ ਅਤੇ ਸਵੈ-ਪਛਾਣ ਦੇ ਮਸਲਿਆਂ ਨੂੰ ਉਠਾਉਂਦੀਆਂ ਹੋਈਆਂ ਗਲੋਬਲ ਪੱਧਰ ’ਤੇ ਨਾਰੀ ਦੀ ਬਦਲ ਰਹੀ ਸਥਿਤੀ ਦੇ ਸੰਦਰਭ ਵਿੱਚ ਪੰਜਾਬੀ ਨਾਰੀ ਦੀ ਨਿਰੰਤਰ ਪਰਵਰਤਿਤ ਹੋ ਰਹੀ ਸਮਾਜ-ਸਭਿਆਚਾਰਕ, ਆਰਥਿਕ ਅਤੇ ਮਾਨਸਿਕ ਸਥਿਤੀ ’ਤੇ ਫੋਕਸ ਕਰਦੀਆਂ ਹਨ। ਅਗਲੇ ਅਧਿਆਇਆਂ ਵਿੱਚ ਅਸੀਂ ਇਹਨਾਂ ਉਪਰੋਕਤ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਪੇਸ਼ ਵੱਖ-ਵੱਖ ਵਰਗਾਂ ਦੀ ਨਾਰੀ ਨਾਲ ਸੰਬੰਧਿਤ ਵਿਭਿੰਨ ਨਾਰੀ ਸਰੋਕਾਰਾਂ ਅਤੇ ਨਾਰੀ ਚੇਤਨਾ ਦੇ ਬਹੁਪੱਖੀ ਪਾਸਾਰਾਂ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਵਿਚਾਰਨ ਦਾ ਯਤਨ ਕਰਾਂਗੇ।

0-0-0

## ਹਵਾਲੇ ਤੇ ਟਿੱਪਣੀਆਂ

1. ਡਾ. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਪੰਨਾ 84
2. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਪੰਨਾ 78
3. ਕੁੜੀਆਂ ਤੇ ਹੋਰ ਕਹਾਣੀਆਂ, (ਸੰਪਾ. ਡਾ. ਦਿਲਬਾਰਾ ਸਿੰਘ ਬਾਜਵਾ), ਪੰਨਾ 39
4. ਉਹੀ, ਪੰਨਾ 44
5. ਉਹੀ, ਪੰਨਾ 43
6. ਕਮਲਾ ਭਸੀਨ, ਪਿੱਤਰਸੱਤਾ ਦੀਆਂ ਜੜ੍ਹਾਂ ਕਿੰਨੀਆ ਕੁ ਡੂੰਘੀਆਂ?, (ਅਨੁ. ਮਨਪ੍ਰੀਤ ਮਹਿਨਾਜ਼), ਪੰਜਾਬੀ ਟ੍ਰਿਬਿਊਨ, 22 ਅਕਤੂਬਰ 2018
7. ਕੁੜੀਆ ਤੇ ਹੋਰ ਕਹਾਣੀਆਂ, (ਸੰਪਾ. ਡਾ. ਦਿਲਬਾਰਾ ਸਿੰਘ ਬਾਜਵਾ), ਪੰਨਾ 50
8. ਵਿਸ਼ਵ ਜਯੋਤੀ ਧੀਰ, ਆਖਿਰ ਸਿਕੰਦਰ ਜਿੱਤ ਗਿਆ, ਪੰਨਾ 44
9. ਉਹੀ, ਪੰਨਾ 47
10. ਉਹੀ, ਪੰਨਾ 45
11. ਉਹੀ, ਪੰਨਾ 46
12. ਬਲਵਿੰਦਰ ਸਿੰਘ ਗਰੇਵਾਲ, ਯੁੱਧ ਖੇਤਰ, ਪੰਨਾ 92
13. ਉਹੀ, ਪੰਨਾ 91
14. ਉਹੀ, ਪੰਨਾ 92
15. ਜਿੰਦਰ, ਤੁਸੀਂ ਨਹੀਂ ਸਮਝ ਸਕਦੇ, ਪੰਨਾ 39
16. ਉਹੀ, ਪੰਨਾ 39
17. ਉਹੀ, ਪੰਨਾ 34
18. ਉਹੀ, ਪੰਨਾ 40
19. ਸੁਖਵੰਤ ਕੌਰ ਮਾਨ, ਮੱਕੜੀਆਂ, ਪੰਨਾ 18
20. ਉਹੀ, ਪੰਨਾ 23
21. ਅਜਮੇਰ ਸਿੱਧੂ, ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ, (ਸੰਪਾ. ਡਾ. ਰਮਿੰਦਰ ਕੌਰ), ਪੰਨਾ 233
22. ਉਹੀ, ਪੰਨੇ 235-236
23. ਉਹੀ, ਪੰਨਾ 236

24. ਉਹੀ, ਪੰਨਾ 238

25. ਉਹੀ, ਪੰਨਾ 240

26. ਉਹੀ, ਪੰਨੇ 240-241

27. ਉਹੀ, ਪੰਨਾ 244

28. ਉਹੀ, ਪੰਨਾ 228

29. ਉਹੀ, ਪੰਨਾ 242

30. ਆਤਮ-ਪੁਰਾਣ (ਔਰਤ-ਮਰਦ ਸੰਬੰਧਾਂ ਦੀਆਂ ਚੋਣਵੀਆਂ ਕਹਾਣੀਆਂ), (ਸੰਪਾ. ਜਿੰਦਰ), ਪੰਨਾ 349

31. ਉਹੀ, ਪੰਨਾ 349

32. ਉਹੀ, ਪੰਨਾ 349

33. ਮਨੂੰਸਮ੍ਰਿਤੀ, (ਅਨੁ. ਪੰਡਿਤ ਗਿਰਿਜਾਪ੍ਰਸਾਦ ਵਿਵੇਦੀ), ਪੰਨੇ 186-188

34. ਆਤਮ-ਪੁਰਾਣ (ਔਰਤ-ਮਰਦ ਸੰਬੰਧਾਂ ਦੀਆਂ ਚੋਣਵੀਆਂ ਕਹਾਣੀਆਂ), (ਸੰਪਾ. ਜਿੰਦਰ), ਪੰਨਾ 354

35. ਉਹੀ, ਪੰਨਾ 355

36. ਉਹੀ, ਪੰਨਾ 350

37. ਉਹੀ, ਪੰਨੇ 357-358

38. ਕੁਲਵੰਤ ਗਿੱਲ, ਦਾਦੇ ਮਗ੍ਹਾਉਣਾ, ਪੰਨਾ 39

39. ਉਹੀ, ਪੰਨਾ 41

40. ਉਹੀ, ਪੰਨਾ 42

41. ਉਹੀ, ਪੰਨਾ 43

42. ਉਹੀ, ਪੰਨਾ 43

43. ਸਿਰਜਣਾ, ਅੰਕ 140, ਅਪ੍ਰੈਲ-ਜੂਨ 2006

44. ਜਿੰਦਰ, ਤੁਸੀਂ ਨਹੀਂ ਸਮਝ ਸਕਦੇ, ਪੰਨਾ 69

45. ਉਹੀ, ਪੰਨੇ 68-69

46. ਉਹੀ, ਪੰਨਾ 63

47. ਡਾ. ਹਰਬੰਸ ਸਿੰਘ ਧੀਮਾਨ, ਇੱਕ ਕਹਾਣੀ-ਇੱਕ ਸੰਵਾਦ, ਪੰਨਾ 222

48. ਨਵੀਂ ਫਸਲ, (ਸੰਪਾ. ਰਾਮ ਸਰੂਪ ਅਣਖੀ), ਪੰਨਾ 19

49. ਉਹੀ, ਪੰਨਾ 23

50. ਕੁਲਵੰਤ ਗਿੱਲ, ਦਾਦੇ ਮਗ੍ਹਾਉਣਾ, ਪੰਨਾ 67

51. ਉਹੀ, ਪੰਨਾ 72

52. ਉਹੀ, ਪੰਨੇ 67-68

53. ਉਹੀ, ਪੰਨਾ 70

54. ਉਹੀ, ਪੰਨਾ 74

55. ਕਿਰਪਾਲ ਕਜ਼ਾਕ, ਹੁੰਮਸ, ਪੰਨੇ 19-20

56. ਉਹੀ, ਪੰਨੇ 21-22

57. ਉਹੀ, ਪੰਨਾ 22

58. ਉਹੀ, ਪੰਨਾ 22

59. ਸੁਖਜੀਤ, ਮੈਂ ਰੇਪ ਨੂੰ ਇੰਜੁਆਏ ਕਰਦੀ ਆਂ, ਪੰਨਾ 64

60. ਉਹੀ, ਪੰਨਾ 68

61. ਉਹੀ, ਪੰਨਾ 74

62. ਜਤਿੰਦਰ ਸਿੰਘ ਹਾਂਸ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ, ਪੰਨੇ 8-9

63. ਉਹੀ, ਪੰਨਾ 6

64. ਉਹੀ, ਪੰਨਾ 9

65. ਉਹੀ, ਪੰਨੇ 10-11

66. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਨਾ 267

67. ਬਲਬੀਰ ਕੌਰ ਸੰਘੇੜਾ, ਖੰਭੇ, ਪੰਨਾ 53

68. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 176

69. ਬਲਬੀਰ ਕੌਰ ਸੰਘੇੜਾ, ਖੰਭੇ, ਪੰਨਾ 50

70. ਉਹੀ, ਪੰਨੇ 53-54

71. ਵੀਨਾ ਵਰਮਾ, ਮੁੱਲ ਦੀ ਤੀਵੀਂ, ਪੰਨਾ 30

72. ਉਹੀ, ਪੰਨਾ 30

73. ਉਹੀ, ਪੰਨਾ 36

74. ਉਹੀ, ਪੰਨੇ 37-39

75. ਉਹੀ, ਪੰਨਾ 39

76. ਵੀਨਾ ਵਰਮਾ, ਜੋਗੀਆਂ ਦੀ ਧੀ, ਪੰਨੇ 25-26

77. ਉਹੀ, ਪੰਨਾ 30

78. ਡਾ. ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਪੰਨਾ 101

79. ਰਵਿੰਦਰ ਰਵੀ, ਮੇਰੀਆਂ ਸਾਰੀਆਂ ਕਹਾਣੀਆਂ, ਪੰਨਾ 75

80. ਉਹੀ, ਪੰਨਾ 73

81. ਮੇਪਲ ਦੇ ਰੰਗ (ਕਨੇਡੀਅਨ ਪੰਜਾਬੀ ਕਹਾਣੀ), (ਸੰਪਾ. ਜਰਨੈਲ ਸਿੰਘ), ਪੰਨਾ 168

82. ਉਹੀ, ਪੰਨਾ 173

83. ਉਹੀ, ਪੰਨੇ 174-179

84. ਉਹੀ, ਪੰਨੇ 187

85. ਉਹੀ, ਪੰਨਾ 185

86. ਉਹੀ, ਪੰਨਾ 185

87. ਉਹੀ, ਪੰਨਾ 185

88. ਉਹੀ, ਪੰਨਾ 33

89. ਉਹੀ, ਪੰਨੇ 34-37

90. ਕੈਲਾਸ਼ਪੁਰੀ, ਮੇਰੀਆਂ ਕਹਾਣੀਆਂ (ਸਮੁੱਚੀ ਕਹਾਣੀ), ਪੰਨੇ 283-284

91. ਮਨਜੀਤ ਕੌਰ ਸੇਖੋਂ, ਰਿਸ਼ਤਿਆਂ ਦੇ ਮੁਕਾਮ, ਪੰਨਾ 38

92. ਉਹੀ, ਪੰਨਾ 40

93. ਮੇਪਲ ਦੇ ਰੰਗ (ਕਨੇਡੀਅਨ ਪੰਜਾਬੀ ਕਹਾਣੀ), (ਸੰਪਾ. ਜਰਨੈਲ ਸਿੰਘ), ਪੰਨਾ-142

94. ਉਹੀ, ਪੰਨਾ 162

95. ਉਹੀ, ਪੰਨਾ 143

96. ਉਹੀ, ਪੰਨਾ 163

97. ਉਹੀ, ਪੰਨੇ 81-82

98. ਉਹੀ, ਪੰਨੇ 77-78

99. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 16

100. ਵੀਨਾ ਵਰਮਾ, ਮੁੱਲ ਦੀ ਤੀਵੀਂ, ਪੰਨਾ 138

101. ਉਹੀ, ਪੰਨਾ 138

102. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਹਿੰਦ-ਪਾਕਿ ਪੰਜਾਬੀ ਕਹਾਣੀ (ਭਾਗ ਦੂਜਾ), ਪੰਨੇ 22-23

103. ਬੁਸ਼ਰਾ ਏਜਾਜ਼, ਕਤਰਨਾਂ ਤੋਂ ਬਣੀ ਔਰਤ, (ਅਨੁ. ਮੁਹੰਮਦ ਜਮੀਲ, ਰਾਸ਼ਿਦ ਰਸ਼ੀਦ), ਪੰਨਾ 119

104. ਉਹੀ, ਪੰਨਾ 17

105. ਪੰਝੀਵਾਂ ਘੰਟਾ, (ਸੰਪਾ. ਅਤੇ ਲਿਪੀਅੰਤਰ. ਅਮਨਦੀਪ ਕੌਰ ਰਾਏ), ਪੰਨਾ 33

106. ਉਹੀ, ਪੰਨਾ 96

107. ਉਹੀ, ਪੰਨਾ 97

108. ਤੌਕੀਰ ਚੁਗ਼ਤਾਈ, ਅਖੀਰਲਾ ਹੰਝੂ, ਪੰਨਾ 54

109. ਉਹੀ, ਪੰਨਾ 55